@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 7 August 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 7 ਅਗਸਤ 2025, 23 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 268, qpatrika@gmail.com ਫੋਨ : 9971359517 www.qaumipatrika.org

## ਟਰੰਪ ਨੇ ਭਾਰਤ 'ਤੇ ਲਾਇਆ 50 ਫੀਸਦੀ ਵਾਧੂ ਟੈਰਿਫ, ਹੁਕਮ 'ਤੇ ਕੀਤੇ ਦਸਤਖਤ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਵੈੱਬ ਡੈਸਕ 6 ਅਗਸਤ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਭਾਰਤ 'ਤੇ ਟੈਰਿਫ ਬੰਬ ਦਾ ਐਲਾਨ ਕੀਤਾ ਹੈ। ਬੁੱਧਵਾਰ ਸ਼ਾਮ ਨੂੰ ਟਰੰਪ ਨੇ ਭਾਰਤ 'ਤੇ 25 ਫੀਸਦੀ ਵਾਧੂ ਟੈਰਿਫ ਲਗਾਉਣ ਲਈ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ। ਅਮਰੀਕਾ ਨੇ ਕਿਹਾ ਕਿ ਇਹ ਫੈਸਲਾ ਭਾਰਤ ਵੱਲੋਂ ਰੂਸੀ ਤੇਲ ਦੀ ਲਗਾਤਾਰ ਖਰੀਦ ਦੇ ਜਵਾਬ 'ਚ ਲਿਆ ਗਿਆ ਹੈ। ਇਸ ਦੇ ਨਾਲ, ਅਮਰੀਕਾ ਨੇ ਭਾਰਤ 'ਤੇ ਕੁੱਲ 50 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਦਰਅਸਲ, ਪਹਿਲਾਂ, ਅਮਰੀਕਾ ਨੇ ਭਾਰਤ 'ਤੇ 25 ਫੀਸਦੀ ਟੈਰਿਫ ਤੇ ਜੁਰਮਾਨੇ ਦਾ ਐਲਾਨ ਕੀਤਾ ਸੀ। ਇਸ ਦੇ ਪਿੱਛੇ ਟਰੰਪ ਵੱਲੋਂ ਰੂਸ ਤੋਂ ਤੇਲ ਖਰੀਦਣ ਦਾ ਕਾਰਨ ਦੱਸਿਆ ਗਿਆ ਸੀ। ਟਰੰਪ ਵੱਲੋਂ ਦਸਤਖਤ ਕੀਤੇ ਗਏ ਆਦੇਸ਼ ਦੇ ਅਨੁਸਾਰ, ਇਹ ਟੈਰਿਫ 27 ਅਗਸਤ ਯਾਨੀ 21 ਦਿਨਾਂ ਦੇ ਅੰਦਰ ਲਾਗੂ ਹੋ ਜਾਵੇਗਾ। ਇਹ ਭਾਰਤ ਤੋਂ ਅਮਰੀਕਾ ਭੇਜੇ ਜਾਣ ਵਾਲੇ ਸਮਾਨ 'ਤੇ ਲਾਗੂ ਹੋਵੇਗਾ। ਹਾਲਾਂਕਿ, ਉਹ ਸਮਾਨ ਜੋ ਇਸ ਤਾਰੀਖ ਤੋਂ ਪਹਿਲਾਂ ਰਵਾਨਾ ਹੋਏ ਹਨ ਅਤੇ 17 ਸਤੰਬਰ 2025 ਤੋਂ ਪਹਿਲਾਂ ਅਮਰੀਕਾ ਪਹੁੰਚ ਗਏ ਤਾਂ ਉਨ੍ਹਾਂ ਨੂੰ ਇਸ ਡਿਊਟੀ ਤੋਂ ਛੋਟ ਦਿੱਤੀ ਜਾਵੇਗੀ। ਆਦੇਸ਼ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਟੈਰਿਫ ਹੋਰ ਸਾਰੀਆਂ ਡਿਊਟੀਆਂ ਤੋਂ ਇਲਾਵਾ ਹੋਵੇਗਾ ਅਤੇ ਕੁਝ ਮਾਮਲਿਆਂ ਵਿੱਚ ਟੈਕਸਾਂ ਅਤੇ ਛੋਟ ਵੀ ਦਿੱਤੀ ਜਾ ਸਕਦੀ ਹੈ। ਟਰੰਪ ਪ੍ਰਸ਼ਾਸਨ ਨੇ ਸੰਕੇਤ ਦਿੱਤਾ ਹੈ ਕਿ ਜੇਕਰ ਕੋਈ ਹੋਰ ਦੇਸ਼ ਰੂਸ ਤੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਤੇਲ ਆਯਾਤ ਕਰਦਾ ਹੈ, ਤਾਂ ਉਸ ਵਿਰੁੱਧ ਵੀ ਇਸੇ ਤਰ੍ਹਾਂ ਦੀ ਕਾਰਵਾਈ ਕੀਤੀ ਜਾ ਸਕਦੀ ਹੈ। ਨਾਲ ਹੀ, ਜੇਕਰ ਰੂਸ ਜਾਂ ਕੋਈ ਹੋਰ ਪ੍ਰਭਾਵਿਤ ਦੇਸ਼ ਅਮਰੀਕੀ ਨੀਤੀਆਂ ਦੇ ਅਨੁਸਾਰ ਕਦਮ ਚੁੱਕਦਾ ਹੈ ਤਾਂ ਇਸ ਕ੍ਰਮ 'ਚ ਬਦਲਾਅ ਵੀ ਸੰਭਵ ਹਨ। ਇਸ ਹੁਕਮ ਦਾ ਆਧਾਰ ਸਾਲ 2022 'ਚ ਐਲਾਨੀ ਗਈ ਰਾਸ਼ਟਰੀ ਐਮਰਜੈਂਸੀ ਹੈ, ਜਿਸ ਵਿੱਚ ਅਮਰੀਕਾ ਨੇ ਯੂਕਰੇਨ 'ਤੇ ਰੂਸ ਦੀ ਫੌਜੀ ਕਾਰਵਾਈ ਦੇ ਮੱਦੇਨਜ਼ਰ ਰੂਸੀ ਤੇਲ ਦੀ ਦਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ। ਹੁਣ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਭਾਰਤ ਇਸ ਪਾਬੰਦੀ ਨੂੰ ਬਾਈਪਾਸ ਕਰਕੇ ਰੂਸ ਤੋਂ ਤੇਲ ਖਰੀਦਣਾ ਜਾਰੀ ਰੱਖ ਰਿਹਾ ਹੈ, ਜਿਸ ਨਾਲ ਰੂਸ ਨੂੰ ਆਰਥਿਕ ਲਾਭ ਮਿਲ ਰਿਹਾ ਹੈ। ਇਸੇ ਕਰਕੇ ਭਾਰਤ 'ਤੇ ਇਹ ਟੈਰਿਫ ਲਗਾਇਆ ਗਿਆ ਹੈ। ਨਵੇਂ ਹੁਕਮ ਦੇ ਅਨੁਸਾਰ, ਇਹ ਵਾਧੂ ਡਿਊਟੀ 21 ਦਿਨਾਂ ਬਾਅਦ, ਯਾਨੀ 27 ਅਗਸਤ 2025 ਤੋਂ ਲਾਗੂ ਹੋਵੇਗੀ। ਇਸਦਾ ਮਤਲਬ ਹੈ ਕਿ ਭਾਰਤ ਤੋਂ ਅਮਰੀਕਾ ਭੇਜੇ ਜਾਣ ਵਾਲੇ ਸਾਮਾਨ ਜੋ 27 ਅਗਸਤ ਤੋਂ ਆਯਾਤ ਕੀਤੇ ਜਾਣਗੇ, 'ਤੇ 25 ਫੀਸਦੀ



ਵਾਧੂ ਟੈਕਸ ਲਗਾਇਆ ਜਾਵੇਗਾ। ਹਾਲਾਂਕਿ, ਉਹ ਸਾਮਾਨ ਜੋ ਇਸ ਤਾਰੀਖ ਤੋਂ ਪਹਿਲਾਂ ਜਹਾਜ਼ 'ਤੇ ਲੋਡ ਕੀਤੇ ਗਏ ਹਨ ਅਤੇ ਜੋ 17 ਸਤੰਬਰ 2025 ਤੋਂ ਪਹਿਲਾਂ ਅਮਰੀਕਾ ਪਹੁੰਚਣਗੇ, ਉਨ੍ਹਾਂ ਨੂੰ ਇਸ ਡਿਊਟੀ ਤੋਂ ਛੋਟ ਦਿੱਤੀ ਜਾਵੇਗੀ। ਇਹ ਡਿਊਟੀ ਹੋਰ ਸਾਰੇ ਟੈਕਸਾਂ, ਡਿਊਟੀਆਂ ਅਤੇ ਸੈੱਸ ਤੋਂ ਇਲਾਵਾ ਲਾਗੂ ਹੋਵੇਗੀ। ਹਾਲਾਂਕਿ, ਕੁਝ ਚੀਜ਼ਾਂ ਅਤੇ ਹਾਲਾਤ ਹੋ ਸਕਦੇ ਹਨ ਜਿਨ੍ਹਾਂ ਨੂੰ ਪਹਿਲਾਂ ਹੀ ਛੋਟ ਦਿੱਤੀ ਗਈ ਹੈ ਜਾਂ ਜਿਨ੍ਹਾਂ ਨੂੰ ਆਉਣ ਵਾਲੇ ਆਦੇਸ਼ਾਂ ਦੇ ਤਹਿਤ ਛੋਟ ਮਿਲ ਸਕਦੀ ਹੈ। ਇਸ ਤੋਂ ਇਲਾਵਾ, ਕੁਝ ਕਾਨੂੰਨੀ ਮਾਮਲਿਆਂ 'ਚ, ਜਿਵੇਂ ਕਿ ਵਿਦੇਸ਼ੀ ਵਪਾਰ ਖੇਤਰ ਨਾਲ ਸਬੰਧਤ ਵਸਤੂਆਂ, ਉਨ੍ਹਾਂ ਨੂੰ ਵਿਸ਼ੇਸ਼ ਦਰਜਾ ਦੇਣਾ ਪਵੇਗਾ। ਰਾਸ਼ਟਰਪਤੀ ਟਰੰਪ ਨੇ ਇਸ ਹੁਕਮ 'ਚ ਇਹ ਵੀ ਕਿਹਾ ਹੈ ਕਿ ਜੇਕਰ ਕੋਈ ਹੋਰ ਦੇਸ਼ ਰੂਸ ਤੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਤੇਲ ਖਰੀਦਦਾ ਪਾਇਆ ਜਾਂਦਾ ਹੈ, ਤਾਂ ਉਸ ਵਿਰੁੱਧ ਵੀ ਇਸੇ ਤਰ੍ਹਾਂ ਦੇ ਟੈਰਿਫ ਜਾਂ ਪਾਬੰਦੀਸ਼ੁਦਾ ਉਪਾਅ ਕੀਤੇ ਜਾਣਗੇ। ਵਣਜ ਮੰਤਰੀ ਇਸ ਸਬੰਧ 'ਚ ਜਾਂਚ ਕਰਨਗੇ ਤੇ ਵਿਦੇਸ਼ ਮੰਤਰੀ ਦੀ ਸਲਾਹ 'ਤੇ ਰਾਸ਼ਟਰਪਤੀ ਨੂੰ ਅੱਗੇ ਦੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਵੇਗੀ। ਜੇਕਰ ਰੂਸ ਜਾਂ ਕੋਈ ਹੋਰ ਪ੍ਰਭਾਵਿਤ ਦੇਸ਼ ਅਮਰੀਕਾ ਦੇ ਇਸ ਆਦੇਸ਼ ਵਿਰੁੱਧ ਜਵਾਬੀ ਕਾਰਵਾਈ ਕਰਦਾ ਹੈ ਤਾਂ ਰਾਸ਼ਟਰਪਤੀ ਇਸ ਆਦੇਸ਼ ਨੂੰ ਬਦਲ ਸਕਦਾ ਹੈ। ਇਸੇ ਤਰ੍ਹਾਂ, ਜੇਕਰ ਰੂਸ ਆਪਣਾ ਰਵੱਈਆ ਬਦਲਦਾ ਹੈ ਅਤੇ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਸੁਰੱਖਿਆ ਦੇ ਅਨੁਸਾਰ ਕਦਮ ਚੁੱਕਦਾ ਹੈ, ਤਾਂ ਇਸ ਟੈਰਿਫ ਨੂੰ ਹਟਾਉਣ ਜਾਂ ਘਟਾਉਣ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਆਦੇਸ਼ ਸਪੱਸ਼ਟ ਕਰਦਾ ਹੈ ਕਿ ਰੂਸੀ ਤੇਲ ਦਾ ਅਰਥ ਸਿਰਫ਼ ਰੂਸ ਤੋਂ ਨਿਰਯਾਤ ਕੀਤਾ ਜਾਣ ਵਾਲਾ ਤੇਲ ਨਹੀਂ ਹੈ

## ਤੁਸੀਂ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਕੰਮ ਨਹੀਂ ਕਰ ਰਹੇ: ਓਮ ਬਿਰਲਾ

ਨਵੀਂ ਦਿੱਲੀ 6 ਅਗਸਤ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਮੰਗਲਵਾਰ ਨੂੰ ਸਦਨ ਵਿੱਚ ਨਾਅਰੇਬਾਜ਼ੀ ਕਰਨ ਵਾਲੇ ਵਿਰੋਧੀ ਮੈਂਬਰਾਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਹ ਸੰਸਦ ਦੀ ਸ਼ਾਨ ਨੂੰ ਘਟਾ ਰਹੇ ਹਨ ਅਤੇ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਕੰਮ ਨਹੀਂ ਕਰ ਰਹੇ ਹਨ। ਉਨ੍ਹਾਂ ਇਹ ਟਿੱਪਣੀ ਉਦੋਂ ਕੀਤੀ, ਜਦੋਂ ਸਦਨ ਵਿੱਚ ਪ੍ਰਸ਼ਨ ਕਾਲ ਵਿੱਚ ਵਿਘਨ ਪਿਆ। ਬਿਰਲਾ ਨੇ ਇਹ ਵੀ ਕਿਹਾ ਕਿ ਵਿਰੋਧੀ ਧਿਰ ਦੇ ਮੈਂਬਰ ਯੋਜਨਾਬੱਧ ਤਰੀਕੇ ਨਾਲ ਸਦਨ ਵਿੱਚ ਡੈੱਡਲਾਕ ਪੈਦਾ ਕਰ ਰਹੇ ਹਨ, ਜੋ ਕਿ ਲੋਕਤੰਤਰ ਲਈ



ਢੁਕਵਾਂ ਨਹੀਂ ਹੈ। ਲੋਕ ਸਭਾ ਸਪੀਕਰ ਬਿਰਲਾ ਨੇ ਜਿਵੇਂ ਹੀ ਪ੍ਰਸ਼ਨ ਕਾਲ ਸ਼ੁਰੂ ਕੀਤਾ, ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਐਸਆਾਈਆਰ ਦੇ ਮੁੱਦੇ 'ਤੇ ਚਰਚਾ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਵਿਰੋਧੀ ਧਿਰ ਬਿਹਾਰ ਵਿੱਚ ਜਾਰੀ ਕੀਤੀ ਜਾ ਰਹੀ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਸੋਧ (ਐਸਆਈਆਰ) 'ਤੇ ਸਦਨ ਵਿੱਚ ਵਿਸ਼ੇਸ਼ ਚਰਚਾ ਦੀ ਮੰਗ ਕਰ ਰਹੀ ਹੈ। ਬਿਰਲਾ ਨੇ ਕਿਹਾ, ਸਦਨ ਨੂੰ ਯੋਜਨਾਬੱਧ ਤਰੀਕੇ ਨਾਲ ਮੁਲਤਵੀ ਕਰਨਾ ਲੋਕਤੰਤਰ ਲਈ ਚੰਗਾ ਨਹੀਂ ਹੈ। ਤੁਸੀਂ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਕੰਮ ਨਹੀਂ ਕਰ ਰਹੇ ਹੋ। ਲੋਕ ਸਭਾ ਸਪੀਕਰ ਨੇ ਨਾਅਰੇਬਾਜ਼ੀ ਕਰਨ ਵਾਲੇ ਮੈਂਬਰਾਂ ਨੂੰ ਕਿਹਾ, ਤੁਸੀਂ ਯੋਜਨਾਬੱਧ ਤਰੀਕੇ ਨਾਲ ਸਦਨ ਨੂੰ ਵਿਗਾੜਨਾ ਚਾਹੁੰਦੇ ਹੋ। ਮੈਂ ਸਦਨ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ, ਤੁਸੀਂ ਸੰਸਦ ਦੀ ਸ਼ਾਨ ਅਤੇ ਮਰਿਆਦਾ ਨੂੰ ਘਟਾ ਰਹੇ ਹੋ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਮੈਂਬਰ ਹੋਣ ਦੇ ਬਾਵਜੂਦ, ਤੁਹਾਡਾ ਵਿਵਹਾਰ ਅਤੇ ਆਚਰਣ ਸੰਸਦੀ ਮਰਿਆਦਾ ਦੇ ਅਨੁਸਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸਦਨ ਦੀ ਕਾਰਵਾਈ ਮੈਂਬਰਾਂ ਦੇ ਆਪਣੀਆਂ ਸੀਟਾਂ 'ਤੇ ਬੈਠਣ ਤੋਂ ਬਾਅਦ ਹੀ ਅੱਗੇ ਵਧੇਗੀ। ਜਦੋਂ ਹੰਗਾਮਾ ਨਹੀਂ ਰੁਕਿਆ, ਤਾਂ ਉਨ੍ਹਾਂ ਨੇ ਸਦਨ ਦੀ ਕਾਰਵਾਈ ਸਵੇਰੇ 11:25 ਵਜੇ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ।

## ਪਰਮਜੀਤ ਸਰਨਾ ਨੇ ਡੇਰਾ ਮੁਖੀ ਰਾਮ ਰਹੀਮ ਦੀ ਪੈਰੋਲ 'ਤੇ ਚੁੱਕੇ ਸਵਾਲ

ਨੈਸ਼ਨਲ ਡੈਸਕ 6 ਅਗਸਤ। ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਵਾਰ ਫ਼?ਰ ਪੈਰੋਲ ਮਿਲ ਗਈ ਹੈ। ਉਹ 40 ਦਿਨ ਦੀ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਆ ਗਿਆ ਹੈ। ਅੱਜ ਸਵੇਰੇ-ਸਵੇਰੇ ਹਨੀਪ੍ਰੀਤ, ਸਿਰਸਾ ਡੇਰੇ ਦੇ ਚੇਅਰਮੈਨ ਦਾਨ ਸਿੰਘ ਤੇ ਹੋਰ ਲੋਕ ਰੋਹਤਕ ਜੇਲ੍ਹ ਪਹੁੰਚੇ ਤੇ ਰਾਮ ਰਹੀਮ ਨੂੰ ਲੈ ਕੇ ਸਿਰਸਾ ਸਥਿਤ ਡੇਰੇ ਲਈ ਰਵਾਨਾ ਹੋ ਗਏ। ਰਾਮ ਰਹੀਮ ਨੂੰ ਵਾਰ-ਵਾਰ ਮਿਲ ਰਹੀ ਪੈਰੋਲ ਬਾਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਫੇਸਬੁੱਕ ਅਕਾਊਂਟ 'ਤੇ ਪੋਸਟ ਪਾ ਕੇ ਇਸ ਗੱਲ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਅਫ਼ਸੋਸ ਦੀ ਗੱਲ ਹੈ ਕਿ ਇੱਕ ਪਾਸੇ ਆਪਣੀਆਂ ਬਣਦੀਆਂ ਸਜ਼ਾਵਾਂ ਤੋਂ ਵੀ ਦੁੱਗਣੀਆਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਦੂਜੇ ਪਾਸੇ ਰਾਮ ਰਹੀਮ ਵਰਗੇ ਬਲਾਤਕਾਰੀ ਨੂੰ ਫਿਰ ਤੋਂ 40 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਕੌਮ ਨੂੰ ਜਾਣ ਬੁੱਝ ਕੇ ਭੜਕਾਉਣ ਲਈ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਇਹੋ ਜਿਹੀਆਂ ਗੱਲਾਂ ਤੋਂ ਬਾਜ਼ ਆਉਣਾ ਚਾਹੀਦਾ ਹੈ।

## ਡਿਜੀਟਲ ਯੁੱਗ ਵਿੱਚ ਵੀ, ਕਿਤਾਬਾਂ ਪ੍ਰਤੀ ਪਿਆਰ ਭਾਰਤ ਨੂੰ ਵਿਸ਼ਵ ਲੀਡਰ ਬਣਾਏਗਾ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 6 ਅਗਸਤ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕੱਲ੍ਹ ਪ੍ਰਗਤੀ ਮੈਦਾਨ ਸਥਿਤ ਭਾਰਤ ਮੰਡਪਮ ਦੇ ਹਾਲ ਨੰਬਰ 12 ਅਤੇ 121 ਵਿੱਚ ਬਹੁਤ ਉਤਸ਼ਾਹ ਅਤੇ ਮਾਣ ਨਾਲ '29ਵੇਂ ਦਿੱਲੀ ਪੁਸਤਕ ਮੇਲਾ 2025' ਦਾ ਉਦਘਾਟਨ ਕੀਤਾ। ਫੈਡਰੇਸ਼ਨ ਆਫ਼ ਇੰਡੀਅਨ ਪਬਲਿਸ਼ਰਜ਼ (FIP) ਅਤੇ ਇੰਡੀਆ ਟ?ਰੇਡ ਪ੍ਰਮੋਸ਼ਨ ਆਰਗੇਨਾਈਜ਼ੇਸ਼ਨ (ITPO) ਵੱਲੋਂ ਆਯੋਜਿਤ ਇਹ ਸ਼ਾਨਦਾਰ ਸਮਾਗਮ ਦਿੱਲੀ ਸਰਕਾਰ ਦੇ ਸਹਿਯੋਗ ਨਾਲ 6 ਤੋਂ 10 ਅਗਸਤ ਤੱਕ ਚੱਲੇਗਾ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਇਹ ਇੱਕ ਬਹੁਤ ਹੀ ਸਕਾਰਾਤਮਕ ਸੰਕੇਤ ਹੈ ਕਿ ਇਸ ਡਿਜੀਟਲ ਯੁੱਗ ਵਿੱਚ ਵੀ ਨੌਜਵਾਨਾਂ ਦਾ ਕਿਤਾਬਾਂ ਪ੍ਰਤੀ ਝੁਕਾਅ ਘੱਟ ਨਹੀਂ ਹੋਇਆ ਹੈ। ਕਿਤਾਬਾਂ ਪ੍ਰਤੀ ਇਹ ਪਿਆਰ ਅਤੇ ਪੜ੍ਹਨ ਦੀ ਸ਼ੈਲੀ ਭਾਰਤ ਨੂੰ ਵਿਸ਼ਵ ਲੀਡਰ ਬਣਾਏਗੀ। ਪ੍ਰੋਗਰਾਮ ਵਿੱਚ ਮੌਜੂਦ ਕਲਾ, ਸੱਭਿਆਚਾਰ ਅਤੇ ਭਾਸ਼ਾ ਮੰਤਰੀ ਸ਼੍ਰੀ ਕਪਿਲ ਮਿਸ਼ਰਾ ਨੇ ਸਾਹਿਤ ਅਤੇ ਸਿੱਖਿਆ ਦੀ ਉਪਯੋਗਤਾ ਅਤੇ ਸਾਰਥਕਤਾ ਬਾਰੇ ਵੀ ਦੱਸਿਆ ਅਤੇ ਕਿਹਾ ਕਿ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ, ਦਿੱਲੀ ਸਰਕਾਰ ਦਿੱਲੀ ਨੂੰ ਸਾਹਿਤ ਅਤੇ ਕਲਾ ਦੀ ਰਾਜਧਾਨੀ ਬਣਾਉਣ ਵਿੱਚ ਅਗਵਾਈ ਕਰ ਰਹੀ ਹੈ। ਇਸ ਪੁਸਤਕ ਮੇਲੇ ਵਿੱਚ 25ਵਾਂ ਸਟੇਸ਼ਨਰੀ ਮੇਲਾ ਅਤੇ 9ਵਾਂ ਆਫਿਸ ਆਟੋਮੇਸ਼ਨ ਅਤੇ



ਕਾਰਪੋਰੇਟ ਗਿਫਟ ਮੇਲਾ ਵੀ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਇਹ ਮੇਲਾ ਨਾ ਸਿਰਫ਼ ਸਾਹਿਤਕ ਸਗੋਂ ਵਿਦਿਅਕ, ਵਪਾਰਕ ਅਤੇ ਰਚਨਾਤਮਕ ਸੰਵਾਦ ਦਾ ਕੇਂਦਰ ਵੀ ਬਣ ਗਿਆ ਹੈ। ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਰੇਖਾ ਗੁਪਤਾ ਨੇ ਪੁਸਤਕ ਮੇਲੇ ਨੂੰ ਇੱਕ ਭਾਵਨਾਤਮਕ ਯਾਤਰਾ ਦੱਸਿਆ। ਉਨ੍ਹਾਂ ਕਿਹਾ ਕਿ ਕਿਤਾਬਾਂ ਜ਼ਿੰਦਗੀ ਦੀਆਂ ਸਭ ਤੋਂ ਸੱਚੀਆਂ ਅਤੇ ਨਿਰਸਵਾਰਥ ਦੋਸਤ ਹਨ, ਜੋ ਨਾ ਤਾਂ ਉਮੀਦ ਕਰਦੀਆਂ ਹਨ ਅਤੇ ਨਾ ਹੀ ਕੋਈ ਸ਼ਰਤ ਰੱਖਦੀਆਂ ਹਨ, ਉਹ ਸਿਰਫ਼ ਤੁਹਾਡੇ ਨਾਲ ਖੜ੍ਹੀਆਂ ਹੁੰਦੀਆਂ ਹਨ। ਇਹ ਮੇਲਾ ਉਸ ਦੋਸਤੀ ਦਾ ਜਸ਼ਨ ਹੈ। ਉਨ੍ਹਾਂ ਕਿਹਾ ਕਿ ਕਿਤਾਬਾਂ ਸਿਰਫ਼ ਪੰਨੇ ਨਹੀਂ ਹਨ ਸਗੋਂ ਪੀੜ੍ਹੀਆਂ ਦਾ ਮਾਰਗਦਰਸ਼ਨ ਕਰਨ ਵਾਲੀਆਂ ਮਾਰਗਦਰਸ਼ਕ ਹਨ। ਉਨ੍ਹਾਂ ਦਿੱਲੀ ਪੁਸਤਕ ਮੇਲੇ ਨੂੰ ਸਿਰਫ਼ ਇੱਕ ਸਾਲਾਨਾ ਸਮਾਗਮ ਹੀ ਨਹੀਂ ਸਗੋਂ ਪੀੜ੍ਹੀਆਂ ਦੀਆਂ ਯਾਦਾਂ ਨਾਲ ਜੁੜਿਆ ਇੱਕ ਸੱਭਿਆਚਾਰਕ ਸੰਸਕਾਰ ਵੀ ਦੱਸਿਆ। ਮੁੱਖ ਮੰਤਰੀ ਨੇ ਬੱਚਿਆਂ, ਨੌਜਵਾਨਾਂ ਅਤੇ ਮਾਪਿਆਂ ਨੂੰ ਪੁਸਤਕ ਸੱਭਿਆਚਾਰ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਇਸ ਵਿਰਾਸਤ ਨੂੰ ਅੱਗੇ ਵਧਾਉਣ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਨੇ ਸਾਂਝਾ ਕੀਤਾ ਕਿ ਇੱਕ ਪ੍ਰੋਜੈਕਟ ਦੀ ਅਚਾਨਕ ਪ੍ਰਵਾਨਗੀ ਤੋਂ ਬਾਅਦ, ਉਨ੍ਹਾਂ ਨੂੰ 'ਦਿ ਅਲਕੈਮਿਸਟ' ਕਿਤਾਬ ਤੋਹਫ਼ੇ ਵਜੋਂ ਦਿੱਤੀ ਗਈ। ਇਸ ਵਿੱਚ ਲਿਖੀ ਲਾਈਨ ਜਦੋਂ ਤੁਸੀਂ ਕਿਸੇ ਚੀਜ਼ ਨੂੰ ਬਹੁਤ ਜ਼ਿਆਦਾ ਚਾਹੁੰਦੇ ਹੋ, ਤਾਂ ਸਾਰਾ ਬ੍ਰਹਿਮੰਡ ਇਸਨੂੰ ਵਾਪਰਨ ਲਈ ਸਾਜ਼ਿਸ਼ ਰਚਦਾ ਹੈ ਉਨ੍ਹਾਂ ਲਈ ਜੀਵਨ ਦਾ ਇੱਕ ਫਲਸਫਾ ਬਣ ਗਈ। ਉਨ੍ਹਾਂ ਕਿਹਾ ਕਿ ਹਰ ਕਿਤਾਬ ਇੱਕ ਯਾਤਰਾ ਹੈ, ਜੋ ਸਾਨੂੰ ਆਪਣੇ ਆਪ ਨਾਲ ਜਾਣੂ ਕਰਵਾਉਂਦੀ ਹੈ। 'ਗੋਦਾਨ', 'ਪਰਿਣੀਤਾ' ਵਰਗੀਆਂ ਕਲਾਸਿਕ ਕਿਤਾਬਾਂ ਦਾ ਹਵਾਲਾ ਦਿੰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਇੱਕ ਅਸਲੀ ਪਾਠਕ ਸਿਰਫ਼ ਪੜ੍ਹਦਾ ਹੀ ਨਹੀਂ, ਸਗੋਂ ਪਾਤਰਾਂ ਨੂੰ ਜਿਉਂਦਾ ਵੀ ਹੈ। ਦਿੱਲੀ ਸਰਕਾਰ ਦੇ ਕਲਾ, ਸੱਭਿਆਚਾਰ ਅਤੇ ਭਾਸ਼ਾ ਮੰਤਰੀ ਕਪਿਲ ਮਿਸ਼ਰਾ ਨੇ ਪੁਸਤਕ ਮੇਲੇ ਨੂੰ ਸਾਹਿਤ, ਸੱਭਿਆਚਾਰ ਅਤੇ ਵਿਚਾਰਾਂ ਦਾ ਮਹਾਂਕੁੰਭ ਦੱਸਿਆ। ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਦਿੱਲੀ ਨੂੰ ਅਜਿਹੀ ਲੀਡਰਸ਼ਿਪ ਮਿਲੀ ਹੈ।

Contd.............. page-12

## ਮੋਹਾਲੀ 'ਚ ਫੈਕਟਰੀ ਬਲਾਸਟ ਮਾਮਲੇ 'ਤੇ ਮੁੱਖ ਮੰਤਰੀ ਮਾਨ ਨੇ ਜਤਾਇਆ ਦੁੱਖ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਜਲੰਧਰ/ਚੰਡੀਗੜ੍ਹ/ਮੋਹਾਲੀ 6 ਅਗਸਤ। ਮੋਹਾਲੀ ਦੇ ਇੰਡਸਟਰੀਅਲ ਫੇਜ਼-9 ਵਿਚ ਇਕ ਫੈਕਟਰੀ 'ਚ ਵੱਡਾ ਧਮਾਕਾ ਹੋਣ ਕਾਰਨ ਹੋਈ ਦੋ ਲੋਕਾਂ ਦੀ ਮੌਤ 'ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਦੁੱਖ ਜਤਾਉਂਦੇ ਕਿਹਾ ਕਿ ਮੁਹਾਲੀ ਦੇ ਇੰਡਸਟਰੀ ਏਰੀਆ ਫੇਜ਼ 9 'ਚ ਸਥਿਤ ਇਕ ਨਿਜੀ ਫੈਕਟਰੀ 'ਚ ਆਕਸੀਜਨ ਸਿਲੰਡਰ ਫਟਣ ਦੌਰਾਨ ਵਾਪਰੇ ਵੱਡੇ ਹਾਦਸੇ ਦੀ ਖ਼ਬਰ ਮਿਲੀ ਹੈ। ਜਿਸ ਵਿੱਚ ਕੁਝ ਲੋਕਾਂ ਦੀ ਦੁੱਖ਼ਦਾਈ ਮੌਤ ਦੀ ਖ਼ਬਰ ਮਿਲੀ ਹੈ ਅਤੇ ਕੁਝ ਲੋਕ ਜ਼ਖ਼ਮੀ ਦੱਸੇ ਜਾ ਰਹੇ ਹਨ। ਪ੍ਰਸ਼ਾਸਨ ਦੀਆਂ ਟੀਮਾਂ ਮੌਕੇ 'ਤੇ ਮੌਜੂਦ ਹਨ। ਬਚਾਅ ਕਾਰਜਾਂ 'ਤੇ ਮੈਂ ਪਲ ਪਲ ਦੀ ਅਪਡੇਟ ਲੈ ਰਿਹਾ ਹਾਂ। ਪਰਮਾਤਮਾ ਅੱਗੇ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਅਤੇ ਜ਼ਖ਼ਮੀਆਂ ਦੀ ਜਲਦ ਸਿਹਤਯਾਬੀ ਲਈ ਅਰਦਾਸ ਕਰਦੇ ਹਾਂ। ਪੰਜਾਬ ਸਰਕਾਰ ਇਸ ਮੁਸ਼ਕਲ ਸਮੇਂ 'ਚ ਪੀੜਤ ਪਰਿਵਾਰਾਂ ਦੇ ਨਾਲ ਖੜ੍ਹੀ ਹੈ। ਜ਼ਿਕਰਯੋਗ ਹੈ ਕਿ ਮੋਹਾਲੀ ਦੇ ਇੰਡਸਟਰੀਅਲ ਫੇਜ਼-9 ਵਿਚ ਅੱਜ ਵੱਡਾ ਧਮਾਕਾ ਹੋਇਆ ਹੈ, ਜਿਸ ਵਿਚ ਦੋ ਲੋਕਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਧਮਾਕਾ ਫੈਕਟਰੀ ਵਿਚ ਸਿਲੰਡਰ ਫੱਟਣ ਕਾਰਨ ਹੋਇਆ ਹੈ। ਇਹ ਧਮਾਕਾ ਇੰਨਾ ਜ਼ੋਰਦਾਰਦ ਸੀ ਕਿ ਇਸ ਵਿਚ 2 ਦੀ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹਨ। ਦੱਸਿਆ ਜਾ ਰਿਹਾ ਹੈ ਕਿ



ਧਮਾਕੇ ਕਾਰਨ ਆਸ-ਪਾਸ ਦੇ ਘਰਾਂ ਦੀਆਂ ਕੰਧਾਂ ਤੱਕ ਹਿਲ ਗਈਆਂ। ਸੂਤਰਾਂ ਮੁਤਾਬਕ ਜਿਸ ਫੈਕਟਰੀ ਵਿਚ ਇਹ ਧਮਾਕਾ ਹੋਇਆ ਹੈ, ਉਹ ਐਕਸੀਜਨ ਸਿਲੰਡਰ ਦੀ ਫੈਕਟਰੀ ਹੈ। ਫਿਲਹਾਲ ਅਜੇ ਤੱਕ ਧਮਾਕੇ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਇਸ ਘਟਨਾ ਦਾ ਪਤਾ ਚੱਲਦਿਆਂ ਹੀ ਪੁਲਸ ਵੀ ਮੌਕੇ 'ਤੇ ਪਹੁੰਚ ਗਈ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਹਨ। ਪੁਲਸ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਜ਼ਖ਼ਮੀਆਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਜਾ ਰਿਹਾ ਹੈ। ਇਸ ਘਟਨਾ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਵੀ ਮੌਕੇ ਉਤੇ ਪਹੁੰਚੇ ਹਨ।

## ਪ੍ਰਦੂਸ਼ਣ ਬੋਰਡ ਵਾਤਾਵਰਣ ਨੁਕਸਾਨਪੂਰਤੀ ਲਾਗੂ ਕਰ ਸਕਦੇ ਹਨ : ਸੁਪਰੀਮ ਕੋਰਟ

ਨਵੀਂ ਦਿੱਲੀ, 6 ਅਗਸਤ। ਸੁਪਰੀਮ ਕੋਰਟ ਨੇ ਇਕ ਮਹੱਤਵਪੂਰਨ ਫੈਸਲੇ 'ਚ ਵਾਤਾਵਰਣ ਨੁਕਸਾਨ ਲਈ ਨੁਕਸਾਨਪੂਰਤੀ ਅਤੇ ਹਰਜਾਨਾ ਲਾਉਣ ਦੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਿਆ ਅਤੇ ਕਿਹਾ ਕਿ ਰੋਕਥਾਮ ਅਤੇ ਨਿਪਟਾਰਾ ਉਪਾਅ ਵਾਤਾਵਰਣ ਸ਼ਾਸਨ ਦੇ ਅਧੀਨ ਹੋਣੇ ਚਾਹੀਦੇ ਹਨ। ਜਸਟਿਸ ਪੀ. ਐੱਸ. ਨਰਸਿਮ?ਹਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਕਿਹਾ ਕਿ 'ਵਾਟਰ ਐਕਟ' ਅਤੇ 'ਏਅਰ ਐਕਟ' ਦੀਆਂ ਧਾਰਾਵਾਂ ਤਹਿਤ ਪ੍ਰਦੂਸ਼ਣ ਕੰਟਰੋਲ ਬੋਰਡ ਸੰਵਿਧਾਨਕ ਅਤੇ ਕਾਨੂੰਨੀ ਤੌਰ 'ਤੇ ਅਸਲ ਜਾਂ ਸੰਭਾਵੀ ਵਾਤਾਵਰਣ ਦੇ ਨੁਕਸਾਨ ਲਈ ਹਰਜਾਨਾ ਲਾਉਣ ਦਾ ਅਤੇ ਵਸੂਲਣ ਦਾ ਅਧਿਕਾਰ ਰੱਖਦੇ ਹਨ। ਹਾਲਾਂਕਿ, ਬੈਂਚ ਨੇ ਸਪੱਸ਼ਟ ਕੀਤਾ ਕਿ ਇਸ ਤਰ੍ਹਾਂ ਦੇ ਹਰਜਾਨੇ ਅਪਰਾਧਕ ਸਜ਼ਾ ਨਾਲੋਂ ਵੱਖ ਹੁੰਦੇ ਹਨ, ਕਿਉਂਕਿ ਇਹ ਦੀਵਾਨੀ ਸੁਭਾਅ ਦੇ ਹੁੰਦੇ ਹਨ ਅਤੇ ਇਨ੍ਹਾਂ ਦਾ ਮਕਸਦ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੀ ਬਜਾਏ ਵਾਤਾਵਰਣ ਪਲੀਤ ਹੋਣ ਤੋਂ ਰੋਕਣਾ ਜਾਂ ਬਹਾਲ ਕਰਨਾ ਹੁੰਦਾ ਹੈ।

## 'ਸਾਨੂੰ ਝੂਠੇ ਕੇਸਾਂ 'ਚ ਫਸਾਉਣ ਦੀਆਂ ਸਾਜ਼ਿਸ਼ਾਂ ਹੋਈਆਂ ਬੇਨਕਾਬ': ਸੌਰਭ ਭਾਰਦਵਾਜ

ਨੈਸ਼ਨਲ ਡੈਸਕ 6 ਅਗਸਤ। ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਅਤੇ ਸਾਬਕਾ ਮੰਤਰੀ ਸਤੇਂਦਰ ਜੈਨ ਖਿਲਾਫ ਚੱਲ ਰਹੇ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਬੰਦ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਸੀਬੀਆਈ ਵੱਲੋਂ ਦਾਇਰ ਕਲੋਜ਼ਰ ਰਿਪੋਰਟ ਨੂੰ ਮਨਜ਼ੂਰ ਕਰ ਲਿਆ



ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਸਤੇਂਦਰ ਜੈਨ ਵਿਰੁੱਧ ਕੋਈ ਸਬੂਤ ਨਹੀਂ ਮਿਲਿਆ ਹੈ। ਇਸ ਫੈਸਲੇ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਰੁੱਧ ਝੂਠੇ ਦੋਸ਼ਾਂ ਅਤੇ ਸਿਆਸੀ ਸਾਜ਼ਿਸ਼ ਦੇ ਗੰਭੀਰ ਦੋਸ਼ ਲਗਾਏ ਹਨ। ਦਿੱਲੀ ਦੀ ਅਦਾਲਤ ਵੱਲੋਂ ਆਮ ਆਦਮੀ ਪਾਰਟੀ (ਆਪ) ਦੇ ਆਗੂ ਸਤੇਂਦਰ ਜੈਨ ਨੂੰ ਪੀਡਬਲਯੂਡੀ ਭਰਤੀ ਮਾਮਲੇ ਵਿੱਚ ਸੀਬੀਆਈ ਦੀ ਕਲੀਨ ਚਿੱਟ ਸਵੀਕਾਰ ਕਰਨ 'ਤੇ 'ਆਪ' ਨੇਤਾ ਸੌਰਭ ਭਾਰਦਵਾਜ ਨੇ ਕਿਹਾ ਕਿ ਅੱਜ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੂਰੀ ਤਰ੍ਹਾਂ ਬੇਨਕਾਬ ਹੋ ਗਈ ਹੈ। ਉਹ ਆਮ ਆਦਮੀ ਪਾਰਟੀ ਵਿਰੁੱਧ ਭ੍ਰਿਸ਼ਟਾਚਾਰ ਦੇ ਬੇਬੁਨਿਆਦ ਅਤੇ ਰਾਜਨੀਤਕ ਤੌਰ 'ਤੇ ਪ੍ਰੇਰਿਤ ਦੋਸ਼ ਲਗਾ ਰਹੇ ਸਨ। ਹਾਲਾਂਕਿ, ਅਦਾਲਤ ਨੇ ਹੁਣ ਸੀਬੀਆਈ ਦੀ ਕਲੋਜ਼ਰ ਰਿਪੋਰਟ ਨੂੰ ਸਵੀਕਾਰ ਕਰ ਲਿਆ ਹੈ, ਜਿਸ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਸਾਡੇ ਵਿਰੁੱਧ ਕੋਈ ਸਬੂਤ ਨਹੀਂ ਮਿਲਿਆ ਹੈ। ਪੀਡਬਲਯੂਡੀ ਵਿਭਾਗ ਵਿੱਚ ਆਰਕੀਟੈਕਟਾਂ ਦੀ ਅਸਲ ਘਾਟ ਸੀ ਅਤੇ ਇਸ ਲਈ ਕੁਝ ਨੂੰ ਆਊਟਸੋਰਸ ਕੀਤਾ ਗਿਆ ਸੀ। ਪਰ ਇਸ ਪ੍ਰਸ਼ਾਸਕੀ ਲੋੜ ਨੂੰ ਪੂਰਾ ਕਰਨ ਦੀ ਬਜਾਏ ਅਰਵਿੰਦ ਕੇਜਰੀਵਾਲ ਅਤੇ 'ਆਪ' ਮੰਤਰੀਆਂ ਨੂੰ ਝੂਠੇ ਦੋਸ਼ਾਂ ਵਿੱਚ ਫਸਾਉਣ ਦੀ ਡੂੰਘੀ ਸਾਜ਼ਿਸ਼ ਰਚੀ ਗਈ। ਉਨ੍ਹਾਂ ਕਿਹਾ ਕਿ ਅੱਜ ਪੂਰੇ ਦੇਸ਼ ਦੇ ਸਾਹਮਣੇ ਇਹ ਸਾਬਤ ਹੋ ਗਿਆ ਹੈ ਕਿ ਸਾਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ ਸੀ। ਭਾਜਪਾ ਦੀਆਂ ਸਾਰੀਆਂ ਮਨਘੜਤ ਰਣਨੀਤੀਆਂ ਹੁਣ ਅਦਾਲਤ ਵਿੱਚ ਬੇਨਕਾਬ ਹੋ ਰਹੀਆਂ ਹਨ।

## ਅਡਾਨੀ ਖ਼ਿਲਾਫ਼ ਜਾਂਚ ਕਾਰਨ ਟਰੰਪ ਦੇ ਸਾਹਮਣੇ ਖੜ੍ਹੇ ਨਹੀਂ ਹੋ ਪਾ ਰਹੇ ਪ੍ਰਧਾਨ ਮੰਤਰੀ ਮੋਦੀ : ਰਾਹੁਲ

ਨਵੀਂ ਦਿੱਲੀ 6 ਅਗਸਤ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕੀ



ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਾਹਮਣੇ ਖੜ੍ਹੇ ਹੋਣ ਦੇ ਯੋਗ ਨਹੀਂ ਹਨ ਕਿਉਂਕਿ ਉਦਯੋਗਪਤੀ ਗੌਤਮ ਅਡਾਨੀ ਅਮਰੀਕਾ 'ਚ ਜਾਂਚ ਹੋ ਰਹੀ ਹੈ। ਅਡਾਨੀ ਨੇ ਆਪਣੇ ਅਤੇ ਉਨ੍ਹਾਂ ਦੇ ਸਮੂਹ ਖ਼?ਲਾਫ਼ ਪਿਛਲੇ ਸਮੇਂ 'ਚ ਲਗਾਏ ਗਏ ਬੇਨਿਯਮੀਆਂ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ 'ਐਕਸ' 'ਤੇ ਪੋਸਟ ਕੀਤਾ,ਭਾਰਤ ਦੇ ਲੋਕ, ਕਿਰਪਾ ਕਰਕੇ ਸਮਝਣ। ਵਾਰ-ਵਾਰ ਧਮਕੀਆਂ ਦੇ ਬਾਵਜੂਦ ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਟਰੰਪ ਦੇ ਸਾਹਮਣੇ ਖੜ੍ਹੇ ਹੋਣ ਦੇ ਯੋਗ ਨਾ ਹੋਣ ਦਾ ਕਾਰਨ ਅਡਾਨੀ ਖ਼?ਲਾਫ਼ ਚੱਲ ਰਹੀ ਅਮਰੀਕੀ ਜਾਂਚ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੋਦੀ, ਡਬਲ ਏ ਅਤੇ ਰੂਸੀ ਤੇਲ ਸੌਦਿਆਂ ਦੇ ਸਾਹਮਣੇ ਆਉਣ ਦਾ ਵੀ ਖ਼ਤਰਾ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਹੱਥ ਬੰਨ੍ਹੇ ਹੋਏ ਹਨ। ਕਾਂਗਰਸ ਨੇਤਾ ਅਕਸਰ ਅੰਬਾਨੀ ਅਤੇ ਅਡਾਨੀ ਨੂੰ ਡਬਲ ਏ ਕਹਿੰਦੇ ਹਨ।

## ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਅੱਤਵਾਦ ਪੀੜਤਾਂ ਦੇ ਪਰਿਵਾਰਾਂ ਨੂੰ ਸੌਂਪੇ ਨਿਯੁਕਤੀ ਪੱਤਰ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 6 ਅਗਸਤ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਅੱਜ ਪਾਕਿਸਤਾਨ ਸਮਰਥਿਤ ਅੱਤਵਾਦੀਆਂ ਦੁਆਰਾ ਮਾਰੇ ਗਏ ਕਸ਼ਮੀਰੀ ਨਾਗਰਿਕਾਂ ਦੇ 158 ਪੀੜਤ ਪਰਿਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ। ਇਸ ਦੌਰਾਨ, *7 ਨੇ ਕਿਹਾ, ਦਹਾਕਿਆਂ ਤੋਂ ਜੋ ਜ਼ਖ਼ਮ ਸਨ ਉਹ ਹੁਣ ਭਰ ਰਹੇ ਹਨ। ਅੱਜ ਦੀ ਇਤਿਹਾਸਕ ਘਟਨਾ ਨੇ ਉਨ੍ਹਾਂ ਪਰਿਵਾਰਾਂ ਨੂੰ ਰਾਹਤ ਦੀ ਭਾਵਨਾ ਦਿੱਤੀ ਹੈ ਜੋ ਸਾਲਾਂ ਤੋਂ ਚੁੱਪ-ਚਾਪ ਇਸ ਜ਼ਖ਼ਮ ਨੂੰ ਸਹਿ ਰਹੇ ਸਨ। ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ, ਅੱਤਵਾਦੀ ਦੇਸ਼ ਪਾਕਿਸਤਾਨ ਆਪਣੇ ਪ੍ਰੌਕਸੀ ਅੱਤਵਾਦੀ ਸੰਗਠਨਾਂ ਰਾਹੀਂ ਨਿਰਦੋਸ਼ਾਂ ਦਾ ਖੂਨ ਵਹਾ ਰਿਹਾ ਹੈ। ਸਮੇਂ ਨੇ ਇਸ ਨੁਕਸਾਨ ਦੇ ਦਰਦ ਨੂੰ ਨਹੀਂ ਮਿਟਾ ਦਿੱਤਾ ਹੈ। ਅਦਿੱਖ ਜ਼ਖ਼ਮ ਉਨ੍ਹਾਂ ਦੀਆਂ ਰੂਹਾਂ 'ਤੇ ਮਹਿਸੂਸ ਕੀਤੇ ਜਾ ਸਕਦੇ ਹਨ ਅਤੇ ਉਨ੍ਹਾਂ ਦੀਆਂ ਖਾਮੋਸ਼ ਅੱਖਾਂ ਕਈ ਅਧੂਰੇ ਸੁਪਨਿਆਂ ਦੀਆਂ ਗਵਾਹ ਹਨ। 'ਅੱਤਵਾਦ ਸਮਰਥਕਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਈ ਜਾਵੇਗੀ' ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਕਿਹਾ, ਅੱਤਵਾਦ ਪੀੜਤਾਂ ਦੇ ਪਰਿਵਾਰਾਂ ਲਈ ਇਨਸਾਫ਼ ਅਤੇ ਰਾਹਤ ਦੀ ਲੰਬੀ ਉਡੀਕ ਖਤਮ ਹੋ ਗਈ ਹੈ। ਅਸੀਂ ਅੱਤਵਾਦ ਪੀੜਤਾਂ ਦੇ ਪੁਨਰਵਾਸ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਅੱਤਵਾਦ ਪੀੜਤਾਂ ਦੇ ਰਿਸ਼ਤੇਦਾਰਾਂ ਨਾਲ ਮੇਰਾ ਵਾਅਦਾ ਹੈ ਕਿ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇਗੀ। ਅਸੀਂ ਅੱਤਵਾਦ ਸਮਰਥਕਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਵੀ ਯਕੀਨੀ ਬਣਾਵਾਂਗੇ। ਲੈਫਟੀਨੈਂਟ ਗਵਰਨਰ ਨੇ ਕਿਹਾ, ਮੈਂ ਸ਼ਹੀਦ ਨਾਗਰਿਕਾਂ ਦੇ ਪਰਿਵਾਰਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਉਦੋਂ ਤੱਕ ਆਰਾਮ ਨਹੀਂ ਕਰਾਂਗਾ ਜਦੋਂ ਤੱਕ ਅੱਤਵਾਦੀਆਂ ਦੇ ਅੱਤਿਆਚਾਰਾਂ ਦਾ ਸ਼ਿਕਾਰ ਹੋਏ ਹਰ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲ ਜਾਂਦਾ। ਉਨ੍ਹਾਂ ਅੱਗੇ ਕਿਹਾ ਕਿ ਇੱਕ ਸੱਭਿਅਕ ਸਮਾਜ ਵਿੱਚ ਅੱਤਵਾਦ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ, ਜੰਮੂ-ਕਸ਼ਮੀਰ ਦੀਆਂ ਕਈ ਪੀੜ੍ਹੀਆਂ ਨੇ ਗੁਆਂਢੀ ਦੇਸ਼ ਦੁਆਰਾ ਕੀਤੇ ਗਏ




ਅੱਤਵਾਦ ਦਾ ਸੰਤਾਪ ਝੱਲਿਆ ਹੈ, ਹਰ ਵਿਅਕਤੀ ਨੂੰ ਇਹ ਪ੍ਰਣ ਲੈਣਾ ਪਵੇਗਾ ਕਿ ਉਹ ਅਜਿਹਾ ਦੁਬਾਰਾ ਨਹੀਂ ਹੋਣ ਦੇਣਗੇ। ਸਾਨੂੰ ਅੱਤਵਾਦ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ। ਉਪ ਰਾਜਪਾਲ ਨੇ ਕਿਹਾ, 5 ਅਗਸਤ, 2019 ਨੂੰ, ਇੱਕ ਨਵੇਂ ਜੰਮੂ ਅਤੇ ਕਸ਼ਮੀਰ ਦਾ ਜਨਮ ਹੋਇਆ। ਇੱਕ ਨਵਾਂ ਜੰਮੂ ਅਤੇ ਕਸ਼ਮੀਰ ਜਿਸਦੀਆਂ ਅੱਖਾਂ ਵਿੱਚ ਸੁਨਹਿਰੀ ਭਵਿੱਖ ਦੇ ਸੁਪਨੇ ਸਨ। ਇੱਕ ਨਵਾਂ ਜੰਮੂ ਅਤੇ ਕਸ਼ਮੀਰ ਜਿਸਨੇ ਆਪਣੇ ਸਾਰੇ ਨਾਗਰਿਕਾਂ ਨੂੰ ਬਰਾਬਰ ਸਮਝਿਆ ਅਤੇ ਸੱਤ ਦਹਾਕਿਆਂ ਤੋਂ ਚੱਲ ਰਹੇ ਵਿਤਕਰੇ ਨੂੰ ਖਤਮ ਕੀਤਾ। ਉਪ ਰਾਜਪਾਲ ਨੇ ਕਿਹਾ, ਲੋਕ ਮੈਨੂੰ ਪੁੱਛਦੇ ਹਨ ਕਿ ਨਵਾਂ ਜੰਮੂ ਅਤੇ ਕਸ਼ਮੀਰ ਕੀ ਹੈ? ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਵਾਂ ਜੰਮੂ ਅਤੇ ਕਸ਼ਮੀਰ ਉਹ ਥਾਂ ਹੈ ਜਿੱਥੇ ਅੱਤਵਾਦੀਆਂ ਨੂੰ ਨਹੀਂ, ਸਗੋਂ ਇਸ ਕੇਂਦਰ ਸ਼ਾਸਤ ਪ੍ਰਦੇਸ਼ ਦੇ ਅਸਲ ਸ਼ਹੀਦਾਂ ਨੂੰ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਨਵਾਂ ਜੰਮੂ ਅਤੇ ਕਸ਼ਮੀਰ ਉਹ ਥਾਂ ਹੈ ਜਿੱਥੇ ਅੱਤਵਾਦੀਆਂ ਦੀ ਮੌਤ 'ਤੇ ਹੰਝੂ ਨਹੀਂ ਵਹਾਏ ਜਾਂਦੇ, ਸਗੋਂ ਆਮ ਕਸ਼ਮੀਰੀਆਂ ਦੇ ਹੰਝੂ ਪੂੰਝੇ ਜਾਂਦੇ ਹਨ।

# ਕਹਿਰ ਓ ਰੱਬਾ ! ਵਿਦੇਸ਼ ਰਹਿੰਦੇ ਭਰਾ ਨੂੰ ਰੱਖੜੀ ਭੇਜਣ ਦੀ ਸੀ ਤਿਆਰੀ, ਹੁਣ ਲਾਸ਼ ਮੰਗਵਾਉਣ ਲਈ ਕੱਢਣੇ ਪੈ ਰਹੇ ਹਾੜ੍ਹੇ

**ਕੌਮੀ ਪਤ੍ਰਿਕਾ**

ਖੰਨਾ 6 ਅਗਸਤ। ਪੰਜਾਬ ਦੇ ਇਕ ਹੋਰ ਨੌਜਵਾਨ ਦੀ ਵਿਦੇਸ਼ ਦੀ ਧਰਤੀ 'ਤੇ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਸਾਈ ਧਰੁਵ ਕਪੂਰ ਵਜੋਂ ਹੋਈ ਹੈ, ਜੋ 20 ਸਾਲਾਂ ਦੀ ਉਮਰ ਵਿਚ ਇਕ ਹਾਦਸੇ ਦਾ ਸ਼ਿਕਾਰ ਹੋ ਗਿਆ ਤੇ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਧਰੁਵ ਖੰਨਾ ਦੇ ਅਮਲੋਹ ਰੋਡ ਸਥਿਤ ਸਨਸਿਟੀ ਦਾ ਰਹਿਣ ਵਾਲਾ ਸੀ। ਹੋਰ ਕਈ ਪੰਜਾਬੀ ਨੌਜਵਾਨਾਂ ਵਾਂਗ ਧਰੁਵ ਦਾ ਵੀ ਸੁਫ਼ਨਾ ਸੀ ਕਿ ਉਹ ਵਿਦੇਸ਼ ਵਿਚ ਸੈਟਲ ਹੋ ਜਾਵੇ, ਪਰ ਉਸ ਨੂੰ ਨਹੀਂ ਸੀ ਪਤਾ ਕਿ ਵਿਦੇਸ਼ ਵਿਚ ਉਸ ਨਾਲ ਇਹ ਹਾਦਸਾ ਵਾਪਰ ਜਾਵੇਗਾ। ਧਰੁਵ ਪਰਿਵਾਰ ਦਾ ਇਕਲੌਤਾ ਪੁੱਤਰ ਸੀ। ਧਰੁਵ ਦੇ ਪਿਤਾ ਕਰਨ ਕਪੂਰ ਫਾਈਨੈਂਸ਼ੀਅਲ ਐਡਵਾਈਜ਼ਰ ਵਜੋਂ ਕੰਮ ਕਰਦੇ ਹਨ। ਪਰਿਵਾਰ ਆਰਥਿਕ ਤੌਰ 'ਤੇ ਜ਼ਿਆਦਾ ਮਜ਼ਬੂਤ ਨਹੀਂ ਸੀ, ਪਰ ਪੁੱਤਰ ਦੇ ਸੁਫ਼ਨਿਆਂ ਖ਼ਾਤਿਰ ਉਸ ਨੂੰ ਪੜ੍ਹਾਈ ਲਈ ਰੂਸ ਭੇਜਿਆ ਸੀ। ਵੀਜ਼ਾ ਸ਼ਰਤਾਂ ਕਾਰਨ ਉਹ 6 ਮਹੀਨੇ ਬਾਅਦ ਵਾਪਸ ਪਰਤ ਆਇਆ ਸੀ। ਪਿਛਲੇ ਸਾਲ ਉਨ੍ਹਾਂ ਨੇ ਦੁਬਾਰਾ Study Visa 'ਤੇ ਉਸ ਨੂੰ ਮਾਸਕੋ ਭੇਜਿਆ ਸੀ। ਐਤਵਾਰ ਨੂੰ ਧਰੁਵ ਦਾ ਘਰ ਫ਼ੋਨ ਕਰ ਕੇ ਦੱਸਿਆ ਕਿ ਉਹ ਦੋਸਤਾਂ ਦੇ ਨਾਲ ਸਮੁੰਦਰ ਕੰਢੇ ਜਾ ਰਿਹਾ ਹੈ। ਪਹਿਲਾਂ ਪਿਤਾ ਨੇ ਮਨ੍ਹਾਂ ਕਰਨ ਬਾਰੇ ਸੋਚਿਆ ਵੀ, ਪਰ ਫ਼ਿਰ ਉਨ੍ਹਾਂ ਦੇ ਮਨ ਵਿਚ ਆਇਆ ਕਿ ਸਾਰੇ ਹਫ਼ਤੇ ਮਗਰੋਂ ਇਕ ਦਿਨ ਪੁੱਤਰ ਨੂੰ ਫ਼ੁਰਸਤ ਮਿਲਦੀ ਹੈ, ਇਸ ਲਈ ਉਹ ਮਨ੍ਹਾਂ ਨਹੀਂ ਕਰ ਸਕੇ। ਪਰ ਉਨ੍ਹਾਂ ਨੂੰ ਬਿਲਕੁੱਲ ਅੰਦਾਜ਼ਾ ਵੀ ਨਹੀਂ ਸੀ ਕਿ ਇਹੀ ਉਨ੍ਹਾਂ ਦੀ ਆਪਸ ਵਿਚ ਆਖ਼ਰੀ ਗੱਲਬਾਤ ਸਾਬਿਤ ਹੋ ਜਾਵੇਗੀ। ਪਰਿਵਾਰ ਨੇ ਦੱਸਿਆ ਕਿ ਕੁਝ ਘੰਟਿਆਂ ਬਾਅਦ ਉਨ੍ਹਾਂ ਨੂੰ ਫ਼ੋਨ ਆਇਆ ਕਿ ਧਰੁਵ ਆਪਣੇ ਦੋਸਤਾਂ ਸਮੇਤ ਸਮੁੰਦਰ ਦੀਆਂ ਲਹਿਰਾਂ ਵਿਚ ਰੁੜ੍ਹ ਗਿਆ। ਉਸ ਦੇ ਦੋਸਤਾਂ ਨੂੰ ਬਚਾ ਲਿਆ ਗਿਆ, ਪਰ ਜਦੋਂ ਤਕ ਉਸ ਨੂੰ ਬਾਹਰ ਕੱਢਿਆ ਗਿਆ, ਉਸ ਦੀ ਮੌਤ ਹੋ ਚੁੱਕੀ ਸੀ। ਧਰੁਵ ਨੂੰ ਸਮੁੰਦਰ ਵਿਚੋਂ ਬਾਹਰ ਕੱਢਣ ਤੇ ਹਸਪਤਾਲ ਲਿਜਾਉਣ ਦੀ ਵੀਡੀਓ ਪਰਿਵਾਰ ਤਕ ਪਹੁੰਚੀ, ਪਰ ਇਹ ਸਿਰਫ਼ ਯਾਦਾਂ ਬਣ ਕੇ



ਰਹਿ ਗਈ। ਧਰੁਵ ਦੀ ਭੈਣ ਦੀ ਹਾਲਤ ਸਭ ਤੋਂ ਵੱਧ ਖ਼ਰਾਬ ਹੈ। ਉਹ ਆਪਣੇ ਵੀਰ ਨੂੰ ਰੱਖੜੀ ਭੇਜਣ ਦੀ ਤਿਆਰੀ ਕਰ ਰਹੀ ਸੀ, ਪਰ ਹੁਣ ਰੱਖੜੀ ਤੋਂ ਪਹਿਲਾਂ ਭਰਾ ਦੀ ਮ੍ਰਿਤਕ ਦੇਹ ਵਾਪਸ ਲਿਆਉਣ ਲਈ ਹਾੜੇ ਕੱਢਣੇ ਪੈ ਰਹੇ ਹਨ। ਪਰਿਵਾਰ ਚਾਹੁੰਦਾ ਹੈ ਕਿ ਪੁੱਤਰ ਦਾ ਸਸਕਾਰ ਆਪਣੇ ਦੇਸ਼ ਦੀ ਧਰਤੀ 'ਤੇ ਹੀ ਹੋਵੇ। ਪਰਿਵਾਰ ਨੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਈ-ਮੇਲ ਕਰ ਕੇ ਮਦਦ ਦੀ ਗੁਹਾਰ ਲਗਾਈ ਹੈ। ਮਦਦ ਪੋਰਟਲ 'ਤੇ ਵੀ ਇਸ ਲਈ ਅਰਜ਼ੀ ਪਾਈ ਹੈ। ਇਸ ਦੇ ਨਾਲ ਹੀ ਭਾਜਪਾ ਆਗੂ ਅਨੁਜ ਛਾਤੜੀਆ ਰਾਹੀਂ ਸਾਬਕਾ ਸੰਸਦ ਅਵਿਨਾਸ਼ ਰਾਏ ਖੰਨਾ ਨੂੰ ਅਪੀਲ ਕੀਤੀ ਗਈ ਹੈ। ਫ਼ਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾ. ਅਮਰ ਸਿੰਘ ਦੇ ਪੁੱਤਰ ਨੂੰ ਪੱਤਰ ਭੇਜਿਆ ਹੈ। ਸਮਾਜਸੇਵੀ ਪਰਮਨ ਵਾਲਿਆ ਨੂੰ ਵੀ ਈ-ਮੇਲ ਰਾਹੀਂ ਕੇਂਦਰ ਸਰਕਾਰ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

### ਭਗਤ ਪੂਰਨ ਸਿੰਘ ਜੀ ਦੀ ਬਰਸੀ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਸੰਗਰੂਰ ਦੀਆਂ ਸੰਗਤਾਂ ਨੂੰ ਚੀਮਾ ਸਾਹਿਬ ਨੇ ਕੀਤਾ ਰਵਾਨਾ

ਸੰਗਰੂਰ,6 ਅਗਸਤ: ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਦੀ 33ਵੀਂ ਸਲਾਨਾ ਬਰਸੀ ਦੇ ਸਬੰਧ ਵਿੱਚ ਮੁੱਖ ਦਫਤਰ ਪਿੰਗਲਵਾੜਾ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਸੰਗਰੂਰ ਸ਼ਾਖਾ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਰਵਾਨਾ ਹੋਈਆਂ । ਪਿੰਗਲਵਾੜਾ ਸ਼ਾਖਾ ਦੇ ਸੇਵਕ ਅਤੇ ਪ੍ਰੈਸ ਮੀਡੀਆ ਇੰਚਾਰਜ ਸੁਰਿੰਦਰ ਪਾਲ ਸਿੰਘ ਸਿਦਕੀ ਅਗਵਾਈ ਵਿੱਚ ਤਰਲੋਚਨ ਸਿੰਘ ਚੀਮਾ ਮੁੱਖ ਪ੍ਰਬੰਧਕ ਨੇ ਹਰੀ ਝੰਡੀ ਦੇ ਕੇ ਬੱਸਾਂ ਨੂੰ ਰਵਾਨਾ ਕੀਤਾ। ਇਸ ਮੌਕੇ ਤੇ ਗੁਰਮੇਲ ਸਿੰਘ , ਡਾ ਉਪਾਸਨਾ, ਮਨਦੀਪ ਕੌਰ ਚੱਠੇ, ਵੀਰਪਾਲ ਕੌਰ, ਗੁਰਸੇਵਕ ਸਿੰਘ, ਜਸ਼ਨਪ੍ਰੀਤ ਸਿੰਘ ਸਮੇਤ ਪਿੰਗਲਵਾੜਾ ਪਰਿਵਾਰ ਦੇ ਮੈਂਬਰ ਹਾਜ਼ਰ ਸਨ। ਗੁਰਜੰਟ ਸਿੰਘ ਬਾਦਰੁਪੁਰ,ਸਰਪੰਚ ਜੰਸਾਰ ਸਿੰਘ ਮਸਾਣੀ, ਡਾ ਜਗਦੀਪ ਸਿੰਘ ਜੈਨਪੁਰ , ਡਾ ਮੱਘਰ ਸਿੰਘ , ਅਵਤਾਰ ਸਿੰਘ, ਕਰਮਜੀਤ ਸਿੰਘ ਦੀ ਅਗਵਾਈ ਵਿੱਚ ਬਾਦਰ ਪੁਰ, ਦਿੜ੍ਹਬਾ , ਭੱਮਾਵੱਦੀ, ਚੰਗਾਲ, ਮੰਗਵਾਲ, ਮਸਾਣੀ, ਗਗੜਪੁਰ, ਰੂਪਾਹੇੜੀ, ਬਲਿਆਲ ਦੀਆਂ ਸੰਗਤਾਂ ਤੋਂ ਇਲਾਵਾ ਸੰਗਰੂਰ ਸ਼ਹਿਰ ਦੀਆਂ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਸੰਗਤਾਂ ਵਿੱਚ ਸ਼ਾਮਿਲ ਹੋਏ । ਇਸ ਮੌਕੇ 'ਤੇ ਗੁਰਮੇਲ ਸਿੰਘ ਸਿੱਧੂ , ਬਲਵਿੰਦਰ ਸਿੰਘ,ਜਗਜੀਤ ਇੰਦਰ ਸਿੰਘ, ਹਰਜੀਤ ਸਿੰਘ ਆਹਲੂਵਾਲੀਆ, ਪੀ?ਤਮ ਸਿੰਘ ਬਡਬਰ , ਗੁਰਜੰਟ ਸਿੰਘ ਬਾਦਰਪੁਰ, ਕਰਮਜੀਤ ਸਿੰਘ, ਗੁਲਜ਼ਾਰ ਸਿੰਘ , ਗੁਰਦੀਪ ਸਿੰਘ ਮੰਗਵਾਲ, ਪੀ?ਤਮ ਸਿੰਘ ਸੰਗਰੂਰ, ਤਰਲੋਕ ਸਿੰਘ , ਕਰਮਜੀਤ ਸਿੰਘ ਭਲਵਾਨ,ਕੁਲਦੀਪ ਸਿੰਘ ਰੰਗੀਆਪੁਰ, ਗੁਰਬਚਨ ਸਿੰਘ, ਗੁਰਜੰਟ ਸਿੰਘ ਬੱਡਰੁਖਾਂ, ਹਰੀ ਸਿੰਘ ਬਡਬਰ, ਰਾਜੇਸ਼ ਕੁਮਾਰ ਆਮਲਾ, ਸਰਬਣ ਸਿੰਘ, ਭੋਲਾ ਸਿੰਘ, ਮੱਖਣ ਸਿੰਘ ਆਦਿ ਹਾਜਰ ਸਨ।

## ਗੁਰੂਗ੍ਰਾਮ ਦੀ ਸਫਾਈ ਵਿਵਸਥਾ ਸਰਕਾਰ ਦੀ ਪਹਿਲੀ ਪ੍ਰਾਥਮਿਕਤਾ-ਸ਼ਹਿਰੀ ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 6 ਅਗਸਤ: ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਗੁਰੂਗ੍ਰਾਮ ਦੀ ਸਫਾਈ ਵਿਵਸਥਾ ਨੂੰ ਨਿਰਧਾਰਿਤ ਟੀਚਿਆਂ ਅਨੁਸਾਰ ਪੂਰਾ ਕਰਾਉਣਾ ਰਾਜ ਸਰਕਾਰ ਦੀ ਸਭ ਤੋਂ ਪਹਿਲੀ ਪ੍ਰਾਧਮਿਕਤਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੰਮ ਨੂੰ ਮੁਹਿੰਮ ਵੱਜੋਂ ਲੈਂਦੇ ਹੋਏ ਆਪਣੀ ਜਿੰਮੇਦਾਰੀਆਂ ਦਾ ਸੌ ਫੀਸਦੀ ਪੂਰਾ ਕਰਨ ਅਤੇ ਗੁਰੂਗ੍ਰਾਮ ਨੂੰ ਇੱਕ ਸੋਹਣਾ ਅਤੇ ਸਾਫ ਸੁਥਰਾ ਸ਼ਹਿਰ ਬਨਾਉਣ ਵਿੱਚ ਸਰਗਰਮੀ ਯੋਗਦਾਨ ਦੇਣ। ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਸੋਮਵਾਰ ਨੂੰ ਗੁਰੂਗ੍ਰਾਮ ਸਥਿਤ ਬੱਧਵਾੜੀ ਪਲਾਂਟ ਦਾ ਨਿਰੀਖਣ ਕਰਨ ਤੋਂ ਬਾਅਦ ਪੀਡਬਲੂਡੀ ਰੇਸਟ ਹਾਉਸ ਵਿੱਚ ਆਯੋਜਿਤ ਸਮੀਖਿਆ ਮੀਟਿੰਗ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਸ਼ਹਿਰ ਦੀ ਸਫਾਈ ਵਿਵਸਥਾ ਲੈਅ ਕੇ ਹੁਣ ਤੱਕ ਕੀਤੇ ਗਏ ਕੰਮਾਂ ਦੀ ਵਿਸਥਾਰ ਰਿਪੋਰਟ ਲਈ। ਉਨ੍ਹਾਂ ਨੇ ਕਿਹਾ ਕਿ ਗੁਰੂਗ੍ਰਾਮ ਇੱਕ ਗਲੋਬਲ ਸਿਟੀ ਹੈ ਅਤੇ ਇੱਥੇ ਕੀਤੇ ਜਾਣ ਵਾਲੇ ਯਤਨਾਂ ਦਾ ਸੰਦੇਸ਼ ਕੌਮਾਂਤਰੀ ਪੱਧਰ ਤੱਕ ਜਾਂਦਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਗੁਰੂਗ੍ਰਾਮ ਦੀ ਸਫਾਈ ਵਿਵਸਥਾ ਦੀ ਸਥਿਤੀ 'ਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਆਪ ਲਗਾਤਾਰ ਨਿਗਰਾਨੀ ਰੱਖ ਰਹੇ ਹਨ। ਅਜਿਹੇ ਵਿੱਚ ਜਰੂਰੀ ਹੈ ਕਿ ਅਧਿਕਾਰੀ ਪਹਿਲਾਂ ਤੋਂ ਵੀ ਵੱਧ ਸਮਰਪਣ ਅਤੇ ਗਤੀ ਦੇ ਨਾਲ ਕੰਮ ਕਰਦੇ ਹੋਏ ਜਨਤਾ ਦੀ ਉਮੀਦਾਂ 'ਤੇ ਖਰਾ ਉਤਰੇ। ਸ੍ਰੀ ਵਿਪੁਲ ਗੋਇਲ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸਫਾਈ ਵਿਵਸਥਾ ਨੂੰ ਵਾਰਡ ਪੱਧਰ 'ਤੇ ਲਾਗੂ ਕਰਨ। ਪਹਿਲਾਂ ਤੋਂ ਤੈਅ ਪ੍ਰਕਿਰਿਆ ਵਿੱਚ ਬਦਲਾਓ ਕਰਦੇ ਹੋਏ ਹਰੇਕ ਵਾਰਡ ਨੂੰ ਸੁਤੰਤਰ ਇਕਾਈ ਮੰਨ ਦੇ ਕੰਮ ਕੀਤਾ ਜਾਵੇ, ਜਿਸ ਵਿੱਚ ਕਿਸੇ ਪ੍ਰਕਾਰ ਦੇ ਸਰੋਤਾਂ ਦੀ ਕਮੀ ਨਹੀਂ ਹੋਣੀ ਚਾਹੀਦੀ। ਹਰੇਕ ਵਾਰਡ ਵਿੱਚ ਇੱਕ ਜੇਸੀਬੀ ਮਸ਼ੀਨ, ਤਿੰਨ ਟ?ਰੈਕਟਰ ਅਤੇ ਚਾਰ ਤੋਂ ਪੰਜ ਕਰਮਚਾਰੀਆਂ ਦੀ ਟੀਮ ਨੂੰ ਸਬੰਧਿਤ ਵਾਰਡ ਪਾਰਸ਼ਦ ਨਾਲ ਅਟੈਚ ਕੀਤਾ ਜਾਵੇ। ਹਰ ਵਾਰਡ ਵਿੱਚ ਇੱਕ ਮਹੀਨੇ ਤੱਕ ਸਘਨ ਸਫਾਈ ਅਭਿਆਨ ਚਲਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਇਸ ਅਭਿਆਨ ਦੌਰਾਨ ਸਭ ਤੋਂ ਵੱਧਿਆ ਕੰਮ ਕਰਨ ਵਾਲੇ ਵਾਰਡ ਨੂੰ ਮੁੱਖ ਮੰਤਰੀ ਦੇ ਹੱਥਾਂ ਨਕਦ ਇਨਾਮ ਨਾਲ ਸਨਮਾਨਿਤ ਵੀ ਕੀਤਾ ਜਾਵੇਗਾ। ਸ਼ਹਿਰੀ ਸਥਾਨਕ ਸਰਕਾਰ ਮੰਤਰੀ ਨੇ ਨਿਰਦੇਸ਼ ਦਿੱਤ ਕਿ ਗੁਰੂਗ੍ਰਾਮ ਦੇ ਅੰਦਰੂਨੀ ਇਲਾਕਿਆਂ ਵਿੱਚ ਜਲਭਰਾਵ ਦੀ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ 20 ਸਾਲ ਪੁਰਾਣੀ ਸੀਵਰ ਲਾਇਨਾਂ ਦਾ ਸਰਵੇ ਕਰਾਇਆ ਜਾਵੇ। ਸਰਵੇਖਣ ਦੇ ਅਧਾਰ 'ਤੇ ਇਹ ਤੈਅ ਕੀਤਾ ਜਾਵੇਗਾ ਕਿ ਨਵੀ ਸੀਵਰ ਲਾਇਨ ਦੀ ਲੋੜ ਹੈ। ਇਸ ਕੰਮ ਲਈ ਇੱਕ ਮਹੀਨੇ ਦਾ ਸਮਾਂ ਤੈਅ ਕੀਤਾ ਹੈ। ਉਨ੍ਹਾਂ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ ਵਿੱਚ ਸਥਿਤ ਕਚਰਾ ਸੰਗ੍ਰਹਿਣ ਦੇ ਸੇਕੰਡਰੀ ਪਵਾਇੰਟ ਨੂੰ ਯਕੀਨੀ ਉੱਚਾਈ ਤੱਕ ਢਕਿਆ ਜਾਵੇ, ਜਿਸ ਨਾਲ ਬਾਹਰ ਤੋਂ ਸਿਰਫ਼ ਵਾਹਨਾਂ ਦੀ ਆਵਾਜਾਹੀ ਵੀ ਵਿਖਾਈ ਦੇਵੇ।

## ਟਰਨਓਵਰ ਵਧਾਉਣ ਦੇ ਚੱਕਰ 'ਚ 4 ਲੱਖ 61 ਹਜ਼ਾਰ ਦੀ ਠੱਗੀ

ਚੰਡੀਗੜ੍ਹ 6 ਅਗਸਤ। ਟਰਨਓਵਰ ਵਧਾਉਣ ਅਤੇ ਹੋਮਲੋਨ ਕਲੀਅਰ ਕਰਨ ਦੇ ਚੱਕਰ 'ਚ ਮੌਲੀਜਾਗਰਾਂ ਨਿਵਾਸੀ ਤੋਂ ਚਾਰ ਲੱਖ 61 ਹਜ਼ਾਰ 280 ਰੁਪਏ ਦੀ ਠੱਗੀ ਹੋ ਗਈ। ਸਾਈਬਰ ਸੈੱਲ ਨੇ ਜਾਂਚ ਕਰਕੇ ਯੋਗੇਸ਼ ਕੁਮਾਰ ਦੇ ਬਿਆਨਾਂ 'ਤੇ ਅਣਪਛਾਤੇ 'ਤੇ ਮਾਮਲਾ ਦਰਜ ਕੀਤਾ ਹੈ। ਮੌਲੀਜਾਗਰਾਂ




ਨਿਵਾਸੀ ਯੋਗੇਸ਼ ਕੁਮਾਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ 4 ਲੱਖ 61 ਹਜ਼ਾਰ 280 ਰੁਪਏ ਹੋਮ ਕ੍ਰੈਡਿਟ ਲੋਨ ਲਿਆ ਹੋਇਆ ਸੀ। ਉਸ ਨੇ ਟਰਨਓਵਰ ਵਧਾਉਣੀ ਸੀ, ਜਿਸ ਦੇ ਲਈ ਗੂਗਲ ਦੇ ਰਾਹੀਂ ਹੋਮ ਕ੍ਰੇਡਿਟ ਕਾਰਡ ਕੇਅਰ ਦਾ ਨੰਬਰ ਭਾਲ ਕਰਕੇ ਸੰਪਰਕ ਕੀਤਾ। ਕਸਟਮਰ ਕੇਅਰ ਵਾਲਿਆਂ ਨੇ ਕਿਹਾ ਕਿ ਟਰਨ ਓਵਰ ਵਧਾਉਣ ਦੇ ਲਈ ਪਹਿਲਾਂ ਲੋਨ ਦੇਣਾ, ਜਿਸ ਤੋਂ ਬਾਅਦ ਦੁਬਾਰਾ ਲੋਨ ਦਿੱਤਾ ਜਾਵੇਗਾ। ਯੋਗੇਸ਼ ਨੇ ਦੱਸੇ ਗਏ ਖ਼ਾਤੇ ਵਿਚ 4 ਲੱਖ 61 ਹਜ਼ਾਰ 280 ਰੁਪਏ ਜਮ?ਹਾਂ ਕਰਵਾ ਦਿੱਤੇ। ਰੁਪਏ ਜਮ?ਹਾਂ ਹੋਣ ਤੋਂ ਬਾਅਦ ਬੈਂਕ ਨਾਲ ਸੰਪਰਕ ਕੀਤਾ ਤਾਂ ਦੱਸਿਆ ਗਿਆ ਕਿ ਕੋਈ ਲੋਨ ਕਲੀਅਰ ਨਹੀਂ ਹੋਇਆ ਹੈ। ਉਹ ਹੈਰਾਨ ਹੋ ਗਿਆ ਅਤੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਸਾਈਬਰ ਸੈੱਲ ਨੇ ਮਾਮਲੇ ਦੀ ਜਾਂਚ ਕਰਕੇ ਅਣਪਛਾਤੇ 'ਤੇ ਮਾਮਲਾ ਦਰਜ ਕੀਤਾ।

### ਨਿਆਲ ਧਰਨਾ ਸਮਾਪਤ; ਪੀੜਤ ਪਰਿਵਾਰ ਨੂੰ ਸੌਂਪੇ ਨੌਕਰੀ ਨਿਯੁਕਤੀ ਪੱਤਰ

ਪਾਤੜਾਂ 6 ਅਗਸਤ। ਅੱਜ ਨਿਆਲ ਧਰਨੇ ਦੀ ਸਮਾਪਤੀ ਹੋ ਗਈ ਹੈ ਕਿਉਂਕਿ ਏ. ਡੀ. ਸੀ. ਪਟਿਆਲਾ ਨੇ ਸਰਕਾਰ ਦੀ ਤਰਫੋਂ ਪਰਿਵਾਰ ਦੇ ਇਕ-ਇਕ ਮੈਂਬਰ ਨੂੰ ਪੰਜਾਬ ਪੁਲਸ 'ਚ ਨੌਕਰੀ ਦਿੱਤੇ ਜਾਣ ਦਾ ਪ੍ਰਗਟਾਵਾ ਕੀਤਾ, ਜਿਸ ਦੇ ਨਿਯੁਕਤੀ ਪੱਤਰ ਪੁਲਸ ਦੇ ਉੱਚ ਅਧਿਕਾਰੀਆਂ ਵੱਲੋਂ ਪੀੜਤ ਪਰਿਵਾਰ ਦੇ ਨੌਜਵਾਨਾਂ ਨੂੰ ਲੋਕਾਂ ਦੀ ਹਾਜ਼ਰੀ 'ਚ ਸੌਂਪੇ ਗਏ। ਇਸ ਤੋਂ ਇਲਾਵਾ ਦੋਵਾਂ ਪਰਿਵਾਰਾਂ ਨੂੰ 4-4 ਲੱਖ ਫੌਰੀ ਵਿਤੀ ਸਹਾਇਤਾ ਵੀ ਦਿੱਤੀ ਗਈ ਅਤੇ ਮੁੱਖ ਮੰਤਰੀ ਦਫ਼ਤਰ ਵੱਲੋਂ 50-50 ਲੱਖ ਦੇ ਮੁਆਵਜ਼ੇ ਦੇਣ ਦਾ ਵਾਅਦਾ ਕੀਤਾ ਗਿਆ, ਜਿਸ ਨੂੰ ਜਲਦ ਪੂਰਾ ਕਰਨ ਬਾਰੇ ਦੱਸਿਆ ਗਿਆ। ਪੁਲਸ ਦੇ ਉੱਚ ਅਧਿਕਾਰੀ ਨੇ ਕਥਿਤ ਮੁੱਖ ਦੋਸ਼ੀ ਲਖਵਿੰਦਰ ਸਿੰਘ ਲੱਖੇ ਨੂੰ ਕੁਝ ਘੰਟਿਆਂ ਵਿਚ ਗ੍ਰਿਫਤਾਰ ਕਰਨ ਦਾ ਭਰੋਸਾ ਦਿੰਦੇ ਹੋਏ 2 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਬਾਰੇ ਦੱਸਿਆ। ਪ੍ਰਸ਼ਾਸਨ ਨਾਲ ਇਨ੍ਹਾਂ ਗੱਲਾਂ 'ਤੇ ਪਰਿਵਾਰ ਅਤੇ ਐਕਸ਼ਨ ਕਮੇਟੀ ਵੱਲੋਂ ਪ੍ਰਗਟਾਈ ਸਹਿਮਤੀ ਉਪਰੰਤ ਧਰਨੇ ਨੂੰ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ।

## ਗਿੱਲ 'ਤੇ ਰਾਜਨੀਤਿਕ ਬਦਲੇ ਦੀ ਭਾਵਨਾ ਤਹਿਤ ਵਿਜੀਲੈਂਸ ਨੇ ਮਾਰਿਆ ਛਾਪਾ : ਸ਼ਰਮਾ

ਚੰਡੀਗੜ੍ਹ 6 ਅਗਸਤ। ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਪਿਛਲੇ 15 ਦਿਨਾਂ ਤੋਂ ਸ. ਰਣਜੀਤ ਸਿੰਘ ਗਿੱਲ 'ਤੇ ਪਾਰਟੀ ਵਿੱਚ ਸ਼ਾਮਲ ਹੋਣ ਲਈ ਦਬਾਅ ਪਾ ਰਹੀ ਸੀ। ਪਰ ਜਦੋਂ ਰਣਜੀਤ ਸਿੰਘ ਗਿੱਲ ਸਹਿਮਤ ਨਹੀਂ ਹੋਏ ਅਤੇ ਦੇਸ਼ ਦੇ ਵਿਕਾਸ ਅਤੇ ਪੰਜਾਬ ਦੇ ਭਵਿੱਖ ਨੂੰ ਦੇਖਦੇ ਹੋਏ ਭਾਜਪਾ ਵਿੱਚ ਸ਼ਾਮਲ ਹੋ ਗਏ ਤਾਂ ਪੰਜਾਬ ਦੀ 'ਆਪ' ਸਰਕਾਰ ਨੇ ਰਾਜਨੀਤਿਕ ਬਦਲਾਖੋਰੀ ਵਜੋਂ ਵਿਜੀਲੈਂਸ ਛਾਪਾ ਮਾਰਿਆ। ਸ਼ਰਮਾ ਨੇ ਅੱਗੇ ਕਿਹਾ ਕਿ ਗਿੱਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਸਿਰਫ਼ 12 ਘੰਟਿਆਂ ਦੇ ਅੰਦਰ ਵਿਜੀਲੈਂਸ ਛਾਪਾ ਇਸ ਗੱਲ ਦਾ ਸਬੂਤ ਹੈ ਕਿ 'ਆਪ' ਨੇ ਪੰਜਾਬ ਵਿੱਚ 2027 ਲਈ ਭਾਜਪਾ ਨੂੰ ਆਪਣੇ ਵਿਕਲਪ ਵਜੋਂ ਸਵੀਕਾਰ ਕਰ ਲਿਆ ਹੈ। ਸ਼ਰਮਾ ਨੇ ਇਹ ਵੀ ਕਿਹਾ ਕਿ ਭਗਵੰਤ ਮਾਨ ਅਤੇ 'ਆਪ' ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬੀ ਕਦੇ ਵੀ ਕਿਸੇ ਤੋਂ ਨਹੀਂ ਡਰਦੇ। ਹੁਣ ਪੰਜਾਬੀਆਂ ਨੂੰ ਪਤਾ ਲੱਗ ਗਿਆ ਹੈ ਕਿ ਪੰਜਾਬ ਵਿੱਚ ਸਰਕਾਰ ਕੇਜਰੀਵਾਲ ਅਤੇ ਸਿਸੋਦੀਆ ਚਲਾ ਰਹੇ ਹਨ

### ਪੱਟੀ 'ਚ ਦੁਖਦ ਘਟਨਾ, 14 ਦਿਨਾਂ ਦੇ ਬੱਚੇ ਦੇ ਸਿਰ 'ਤੇ ਡਿੱਗਾ ਲੈਂਟਰ

ਪੱਟੀ 6 ਅਗਸਤ। ਸਥਾਨਕ ਸ਼ਹਿਰ ਦੇ ਵਾਰਡ ਨੰ. 11 ਪੱਟੀ ਵਿਖੇ ਬੇਹੱਦ ਮੰਦਭਾਗੀ ਘਟਨਾ ਵਾਪਰੀ ਹੈ, ਜਿਸ ਵਿਚ ਕਮਰੇ ਅੰਦਰ ਬੈੱਡ 'ਤੇ ਪਏ 14 ਦਿਨਾਂ ਦੇ ਲੜਕੇ ਉਪਰ ਲੈਂਟਰ ਦਾ ਟੁੱਕੜਾ ਟੁੱਟ ਕੇ ਡਿੱਗ ਗਿਆ। ਇਸ ਹਾਦਸੇ ਵਿਚ ਮਾਸੂਮ ਬੱਚੇ ਦੀ ਮੌਤ ਹੋ ਗਈ। ਇਸ ਮੌਕੇ ਮ੍ਰਿਤਕ ਸੁਖਮਨ ਸਿੰਘ (14 ਦਿਨਾਂ) ਦੇ ਪਿਤਾ ਗੁਰਪ੍ਰੀਤ ਸਿੰਘ ਪੁੱਤਰ ਅਵਤਾਰ ਸਿੰਘ ਨੇ ਦੱਸਿਆ ਕਿ ਸੁਖਮਨ ਅਤੇ ਉਸ ਦੀ ਮਾਤਾ ਆਬੀਆ ਦੋਵੇਂ ਆਪਣੇ ਕਮਰੇ ਵਿਚ ਪਏ ਸਨ ਕਿ ਅਚਾਨਕ ਛੱਤ ਦਾ ਲੈਂਟਰ ਦਾ ਕੁੱਝ ਹਿੱਸਾ ਟੁੱਟ ਗਿਆ ਅਤੇ ਇਹ ਟੁੱਕੜੇ ਬੱਚੇ ਦੇ ਸਿਰ ਅਤੇ ਉਸ ਦੀ ਮਾਤਾ ਆਬੀਆ ਦੇ ਉਪਰ ਡਿੱਗ ਪਏ। ਇਸ 'ਤੇ 14 ਸਾਲਾ ਬੱਚੇ ਦੀ ਮੌਤ ਹੋ ਗਈ ਅਤੇ ਉਸ ਦੀ ਮਾਤਾ ਗੰਭੀਰ ਜ਼ਖਮੀ ਹੋ ਗਈ। ਇਸ ਘਟਨਾ ਤੋਂ ਬਾਅਦ ਪਰਿਵਾਰ ਵਿਚ ਕੋਹਰਾਮ ਮਚ ਗਿਆ। ਪਰਿਵਾਰ ਨਾਲ ਵਾਪਰੀ ਇਸ ਦਿਲ ਕੰਬਾਊ ਘਟਨਾ ਵਿਚ ਸ਼ਹਿਰ ਨਿਵਾਸੀ ਦੁੱਖ ਸਾਂਝਾ ਕਰਨ ਪਹੁੰਚ ਰਹੇ ਹਨ।

### 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 154ਵੇਂ ਦਿਨ 107 ਨਸ਼ਾ ਤਸਕਰ ਗ੍ਰਿਫ਼ਤਾਰ

ਚੰਡੀਗੜ੍ਹ 6 ਅਗਸਤ। ਪੰਜਾਬ ਪੁਲਸ ਦੀਆਂ ਟੀਮਾਂ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 154ਵੇਂ ਦਿਨ ਆਪਣੀ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਜਾਰੀ ਰੱਖਦਿਆਂ 481 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਨਾਲ ਸੂਬੇ ਭਰ 'ਚ 80 ਐੱਫ.ਆਈ.ਆਰਜ਼ ਦਰਜ ਕਰਨ ਤੋਂ ਬਾਅਦ 107 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹੁਣ ਤੱਕ 154 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 24,325 ਹੋ ਗਈ ਹੈ। ਵਿਸ਼ੇਸ਼ ਡੀ.ਜੀ.ਪੀ. ਨੇ ਕਿਹਾ ਕਿ ਇਸ ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 13.9 ਕਿੱਲੋ ਹੈਰੋਇਨ, 500 ਗ੍ਰਾਮ ਅਫੀਮ ਅਤੇ 34,820 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 180 ਤੋਂ ਵੱਧ ਪੁਲਸ ਟੀਮਾਂ ਨੇ ਸੂਬੇ ਭਰ 'ਚ ਛਾਪੇਮਾਰੀ ਕੀਤੀ ਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 511 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ।

## ਗੁਰੂਗ੍ਰਾਮ ਦੀ ਸਫਾਈ ਵਿਵਸਥਾ ਸਰਕਾਰ ਦੀ ਪਹਿਲੀ ਪ੍ਰਾਥਮਿਕਤਾ-ਸ਼ਹਿਰੀ ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 6 ਅਗਸਤ: ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਗੁਰੂਗ੍ਰਾਮ ਦੀ ਸਫਾਈ ਵਿਵਸਥਾ ਨੂੰ ਨਿਰਧਾਰਿਤ ਟੀਚਿਆਂ ਅਨੁਸਾਰ ਪੂਰਾ ਕਰਾਉਣਾ ਰਾਜ ਸਰਕਾਰ ਦੀ ਸਭ ਤੋਂ ਪਹਿਲੀ ਪ੍ਰਾਧਮਿਕਤਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੰਮ ਨੂੰ ਮੁਹਿੰਮ ਵੱਜੋਂ ਲੈਂਦੇ ਹੋਏ ਆਪਣੀ ਜਿੰਮੇਦਾਰੀਆਂ ਦਾ ਸੌ ਫੀਸਦੀ ਪੂਰਾ ਕਰਨ ਅਤੇ ਗੁਰੂਗ੍ਰਾਮ ਨੂੰ ਇੱਕ ਸੋਹਣਾ ਅਤੇ ਸਾਫ ਸੁਥਰਾ ਸ਼ਹਿਰ ਬਨਾਉਣ ਵਿੱਚ ਸਰਗਰਮੀ ਯੋਗਦਾਨ ਦੇਣ। ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਸੋਮਵਾਰ ਨੂੰ ਗੁਰੂਗ੍ਰਾਮ ਸਥਿਤ ਬੱਧਵਾੜੀ ਪਲਾਂਟ ਦਾ ਨਿਰੀਖਣ ਕਰਨ ਤੋਂ ਬਾਅਦ ਪੀਡਬਲੂਡੀ ਰੇਸਟ ਹਾਉਸ ਵਿੱਚ ਆਯੋਜਿਤ ਸਮੀਖਿਆ ਮੀਟਿੰਗ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਸ਼ਹਿਰ ਦੀ ਸਫਾਈ ਵਿਵਸਥਾ ਲੈਅ ਕੇ ਹੁਣ ਤੱਕ ਕੀਤੇ ਗਏ ਕੰਮਾਂ ਦੀ ਵਿਸਥਾਰ ਰਿਪੋਰਟ ਲਈ। ਉਨ੍ਹਾਂ ਨੇ ਕਿਹਾ ਕਿ ਗੁਰੂਗ੍ਰਾਮ ਇੱਕ ਗਲੋਬਲ ਸਿਟੀ ਹੈ ਅਤੇ ਇੱਥੇ ਕੀਤੇ ਜਾਣ ਵਾਲੇ ਯਤਨਾਂ ਦਾ ਸੰਦੇਸ਼ ਕੌਮਾਂਤਰੀ ਪੱਧਰ ਤੱਕ ਜਾਂਦਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਗੁਰੂਗ੍ਰਾਮ ਦੀ ਸਫਾਈ ਵਿਵਸਥਾ ਦੀ ਸਥਿਤੀ 'ਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਆਪ ਲਗਾਤਾਰ ਨਿਗਰਾਨੀ ਰੱਖ ਰਹੇ ਹਨ। ਅਜਿਹੇ ਵਿੱਚ ਜਰੂਰੀ ਹੈ ਕਿ ਅਧਿਕਾਰੀ ਪਹਿਲਾਂ ਤੋਂ ਵੀ ਵੱਧ ਸਮਰਪਣ ਅਤੇ ਗਤੀ ਦੇ ਨਾਲ ਕੰਮ ਕਰਦੇ ਹੋਏ ਜਨਤਾ ਦੀ ਉਮੀਦਾਂ 'ਤੇ ਖਰਾ ਉਤਰੇ। ਸ੍ਰੀ ਵਿਪੁਲ ਗੋਇਲ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸਫਾਈ ਵਿਵਸਥਾ ਨੂੰ ਵਾਰਡ ਪੱਧਰ 'ਤੇ ਲਾਗੂ ਕਰਨ। ਪਹਿਲਾਂ ਤੋਂ ਤੈਅ ਪ੍ਰਕਿਰਿਆ ਵਿੱਚ ਬਦਲਾਓ ਕਰਦੇ ਹੋਏ ਹਰੇਕ ਵਾਰਡ ਨੂੰ ਸੁਤੰਤਰ ਇਕਾਈ ਮੰਨ ਦੇ ਕੰਮ ਕੀਤਾ ਜਾਵੇ, ਜਿਸ ਵਿੱਚ ਕਿਸੇ ਪ੍ਰਕਾਰ ਦੇ ਸਰੋਤਾਂ ਦੀ ਕਮੀ ਨਹੀਂ ਹੋਣੀ ਚਾਹੀਦੀ। ਹਰੇਕ ਵਾਰਡ ਵਿੱਚ ਇੱਕ ਜੇਸੀਬੀ ਮਸ਼ੀਨ, ਤਿੰਨ ਟ?ਰੈਕਟਰ ਅਤੇ ਚਾਰ ਤੋਂ ਪੰਜ ਕਰਮਚਾਰੀਆਂ ਦੀ ਟੀਮ ਨੂੰ ਸਬੰਧਿਤ ਵਾਰਡ ਪਾਰਸ਼ਦ ਨਾਲ ਅਟੈਚ ਕੀਤਾ ਜਾਵੇ। ਹਰ ਵਾਰਡ ਵਿੱਚ ਇੱਕ ਮਹੀਨੇ ਤੱਕ ਸਘਨ ਸਫਾਈ ਅਭਿਆਨ ਚਲਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਇਸ ਅਭਿਆਨ ਦੌਰਾਨ ਸਭ ਤੋਂ ਵੱਧਿਆ ਕੰਮ ਕਰਨ ਵਾਲੇ ਵਾਰਡ ਨੂੰ ਮੁੱਖ ਮੰਤਰੀ ਦੇ ਹੱਥਾਂ ਨਕਦ ਇਨਾਮ ਨਾਲ ਸਨਮਾਨਿਤ ਵੀ ਕੀਤਾ ਜਾਵੇਗਾ। ਸ਼ਹਿਰੀ ਸਥਾਨਕ ਸਰਕਾਰ ਮੰਤਰੀ ਨੇ ਨਿਰਦੇਸ਼ ਦਿੱਤ ਕਿ ਗੁਰੂਗ੍ਰਾਮ ਦੇ ਅੰਦਰੂਨੀ ਇਲਾਕਿਆਂ ਵਿੱਚ ਜਲਭਰਾਵ ਦੀ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ 20 ਸਾਲ ਪੁਰਾਣੀ ਸੀਵਰ ਲਾਇਨਾਂ ਦਾ ਸਰਵੇ ਕਰਾਇਆ ਜਾਵੇ। ਸਰਵੇਖਣ ਦੇ ਅਧਾਰ 'ਤੇ ਇਹ ਤੈਅ ਕੀਤਾ ਜਾਵੇਗਾ ਕਿ ਨਵੀ ਸੀਵਰ ਲਾਇਨ ਦੀ ਲੋੜ ਹੈ। ਇਸ ਕੰਮ ਲਈ ਇੱਕ ਮਹੀਨੇ ਦਾ ਸਮਾਂ ਤੈਅ ਕੀਤਾ ਹੈ। ਉਨ੍ਹਾਂ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ ਵਿੱਚ ਸਥਿਤ ਕਚਰਾ ਸੰਗ੍ਰਹਿਣ ਦੇ ਸੇਕੰਡਰੀ ਪਵਾਇੰਟ ਨੂੰ ਯਕੀਨੀ ਉੱਚਾਈ ਤੱਕ ਢਕਿਆ ਜਾਵੇ, ਜਿਸ ਨਾਲ ਬਾਹਰ ਤੋਂ ਸਿਰਫ਼ ਵਾਹਨਾਂ ਦੀ ਆਵਾਜਾਹੀ ਵੀ ਵਿਖਾਈ ਦੇਵੇ। ਮੰਤਰੀ ਨੇ ਮੀਟਿੰਗ ਵਿੱਚ ਇਹ ਵੀ ਨਿਰਦੇਸ਼ ਦਿੱਤੇ ਕਿ ਮੌਨਸੂਨ ਕਾਰਨ ਸ਼ਹਿਰ ਦੀ ਸੜਕਾਂ 'ਤੇ ਬਣੇ ਗੱਡਿਆਂ ਨੂੰ ਭਰਿਆਂ ਜਾਵੇ।

## ਇੰਪੀਰੀਅਲ ਬੁੱਲਜ਼ ਨੇ ਪਟਿਆਲਾ ਵਿੱਚ ਆਪਣੀ 6ਵੀਂ ਸ਼ਾਖਾ ਖੋਲ੍ਹੀ

ਲੁਧਿਆਣਾ 6 ਅਗਸਤ: ਇੰਪੀਰੀਅਲ ਬੁੱਲਜ਼ ਪਟਿਆਲਾ ਵਿੱਚ ਇਹ ਇੱਕ ਬੇਮਿਸਾਲ ਸ਼ੁਰੂਆਤ ਰਹੀ ਹੈ। ਇਹ ਇੱਕ ਨਵਾਂ ਸੰਸਥਾਨ ਹੈ ।ਇੱਕ ਦਿਲਚਸਪ ਦੁਨੀਆਂ ਵਿੱਚ ਗਿਆਨ ਅਤੇ ਹੁਨਰ ਲੋਕਾਂ ਨੂੰ ਸਸ਼ਕਤ ਬਣਾਉਣ ਲਈ ਇਹ ਅਤਿ-ਆਧੁਨਿਕ ਨੂੰ ਸਮਰਪਿਤ ਹੈ ਸੰਸਥਾ ਨੇ ਆਪਣੀ ਛੇਵੀਂ ਸ਼ਾਖਾ ਇੰਪੀਰੀਅਲ ਬੁੱਲ ਦੇ ਨਾਮ 'ਤੇ ਲੀਲਾ ਭਵਨ ਮਾਰਕੀਟ, ਪਟਿਆਲਾ ਵਿੱਚ ਸ਼ੁਰੂ ਕੀਤੀ । ਸੰਸਥਾ ਦੇ ਮੁਖੀ ਓਮ ਸਿੰਘ ਨੇ ਦੱਸਿਆ ਕਿ ਪਹਿਲਾਂ ਲੁਧਿਆਣਾ ਮਾਡਲ ਟਾਊਨ, ਸਾਹਨੇਵਾਲ, ਜਲੰਧਰ ਮੁਹਾਲੀ ਦੀ ਸਫਲਤਾ ਤੋਂ ਬਾਅਦ, ਲੀਲਾ ਭਵਨ ਪਟਿਆਲਾ ਵਿਖੇ ਸਥਿਤ ਇੰਪੀਰੀਅਲ ਬੁੱਲਜ਼ ਇੰਸਟੀਚਿਊਟ ਦੀ ਛੇਵੀਂ ਸ਼ਾਖਾ ਦਾ ਅੱਜ ਉਦਘਾਟਨ ਕੀਤਾ ਗਿਆ ਜੋ ਕਿ ਭਾਰਤੀ ਬੁੱਲਜ਼ ਇੰਸਟੀਚਿਊਟ ਦੀ ਸ਼ਾਖਾ ਹੈ। ਸਟਾਕ ਮਾਰਕੀਟ ਅਤੇ ਗਲੋਬਲ ਵਿਦੇਸ਼ੀਮੁਦਰਾ ਦੋਵਾਂ ਬਾਜ਼ਾਰਾਂ 'ਤੇ ਤਿੱਖਾ ਧਿਆਨ ਦੇ ਉੱਭਰ ਰਹੇ ਨਿਵੇਸ਼ਕ ਭਾਈਚਾਰੇ ਵਿੱਚ ਇੱਛਾ ਅਤੇ ਮੁਹਾਰਤ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਨ ਦਾ ਵਾਅਦਾ ਕਰਦਾ ਹੈ। ਤੁਹਾਡੀ ਉੱਦਮੀ ਭਾਵਨਾ ਇਸ ਸ਼ਹਿਰ ਵਿੱਚ, ਜਿਸ ਲਈ ਜਾਣਿਆ ਜਾਂਦਾ ਹੈ, ਇਸਦੇ ਵਿਆਪਕ ਪਾਠਕ੍ਰਮ ਦੇ ਨਾਲ ਦਾ ਅਰਥ ਹੈ ਬੇਸਿਕ ਇਨ ਬਿਜ਼ਨਸ ਐਡਵਾਂਸ ਲੈਵਲ ਤੋਂ ਲੈ ਕੇ ਕੋਰਸਾਂ ਦੀ ਪੇਸ਼ਕਸ਼ ਬਿਲਕੁਲ ਸ਼ੁਰੂਆਤ ਕਰਨ ਵਾਲਿਆਂ ਲਈ ਇਹ ਕਰਨ ਨਾਲ, ਜੋ ਮਾਰਕੀਟ ਡਾਇਨਾਮਿਕਸ ਦੇ ਬੁਨਿਆਦੀ ਸਿਧਾਂਤ ਇਹ ਉਨ੍ਹਾਂ ਲੋਕਾਂ ਲਈ ਬਹੁਤ ਫਾਇਦੇਮੰਦ ਸਾਬਤ ਹੋਵੇਗਾ ਜੋ ਸਿਧਾਂਤਾਂ ਨੂੰ ਸਮਝਣਾ ਚਾਹੁੰਦੇ ਹਨ।

## ਸੜਕ ਹਾਦਸੇ 'ਚ ਨੌਜਵਾਨ ਦੀ ਮੌਤ

ਮਾਨਸਾ 6 ਅਗਸਤ। ਸ਼ਹਿਰ ਦੇ ਸਿਰਸਾ ਰੋਡ ਸਥਿਤ ਓਵਰਬ੍ਰਿਜ 'ਤੇ ਬੇਸਹਾਰਾ ਪਸ਼ੂ ਨਾਲ ਮੋਟਰਸਾਈਕਲ ਟਕਰਾਉਣ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ ਹੈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਇਸ 'ਚ ਢੱਠੇ ਦੀ ਵੀ ਮੌਤ ਹੋ ਗਈ। ਇਸ ਘਟਨਾ ਤੋਂ ਕੁੱਝ ਦਿਨ ਪਹਿਲਾਂ ਕਾਲਜ ਰੋਡ 'ਤੇ 2 ਕਾਰਾਂ ਦੀ ਬੇਸਹਾਰਾ ਪਸ਼ੂਆਂ ਨਾਲ ਟੱਕਰ 'ਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ ਸਨ। ਏ. ਐੱਸ. ਆਈ. ਬਲਵੀਰ ਸਿੰਘ ਨੇ ਦੱਸਿਆ ਕਿ ਬੀਤੀ ਦੇਰ ਰਾਤ ਕਰੀਬ 9 ਵਜੇ ਸਤਨਾਮ ਸਿੰਘ ਪੁੱਤਰ ਹਰਵਿੰਦਰ ਸਿੰਘ ਵਾਸੀ ਨਿਰਵੈਰ ਨਗਰ ਝੂਠਿਆਂਵਾਲੀ ਰੋਡ ਮਾਨਸਾ ਸਿਰਸਾ ਰੋਡ ਤੋਂ ਓਵਰਬ੍ਰਿਜ ਨੂੰ ਮੋਟਰਸਾਈਕਲ 'ਤੇ ਆ ਰਿਹਾ ਸੀ। ਜਦ ਉਹ ਓਵਰਬ੍ਰਿਜ 'ਤੇ ਪਹੁੰਚਿਆ ਤਾਂ ਬੇਸਹਾਰਾ ਪਸ਼ੂਆਂ ਨਾਲ ਉਸਦਾ ਮੋਟਰਸਾਈਕਲ ਟਕਰਾ ਗਿਆ। ਨੌਜਵਾਨ ਨੂੰ ਗੰਭੀਰ ਰੂਪ 'ਚ ਸੱਟਾਂ ਲੱਗੀਆਂ, ਜਿਸ ਨੂੰ ਮਾਨਸਾ ਦੇ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਬਾਅਦ ਸਿਵਲ ਹਸਪਤਾਲ ਮਾਨਸਾ ਵੱਲੋਂ ਸੱਟਾ ਜ਼ਿਆਦਾ ਹੋਣ ਕਰ ਕੇ ਉਸ ਨੂੰ ਹਾਇਰ ਸੈਂਟਰ ਲਈ ਰੈਫ਼ਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਸਤਨਾਮ ਸਿੰਘ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਪੁਲਸ ਤੋਂ ਬਾਅਦ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ, ਜਿਸਦਾ ਸ਼ਨੀਵਾਰ ਦੀ ਸ਼ਾਮ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ। ਮ੍ਰਿਤਕ 6 ਮਹੀਨੇ ਦੇ ਬੱਚੇ ਦਾ ਪਿਤਾ ਸੀ।

## ਪੰਚਾਇਤ ਦੇ ਮਤੇ ਖ਼?ਲਾਫ਼ ਜਾ ਕੇ ਮੁੰਡੇ ਨੇ ਕਰਵਾਇਆ ਪ੍ਰੇਮ ਵਿਆਹ, ਫਿਰ ਉਹ ਹੋਇਆ ਜੋ ਸੋਚਿਆ ਨਾ ਸੀ

**ਕੌਮੀ ਪਤ੍ਰਿਕਾ**

ਮੋਗਾ 6 ਅਗਸਤ। ਮੋਗਾ ਦੇ ਪਿੰਡ ਘਲ ਕਲਾਂ ਦਾ ਇਕ ਬੇਹੱਦ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਹੈ। ਲਵ ਮੈਰਿਜ ਕਰਵਾਉਣ ਵਾਲੇ ਮੁੰਡੇ ਦੀ ਮਾਂ ਅਤੇ ਪਰਿਵਾਰ ਦੀ ਪਹਿਲਾਂ ਤਾਂ ਕੁੱਟਮਾਰ ਕੀਤੀ ਗਈ ਅਤੇ ਫਿਰ ਘਰੋਂ ਬਾਹਰ ਕੱਢ ਕੇ ਘਰ ਨੂੰ ਤਾਲਾ ਲਗਾ ਦਿੱਤਾ। ਪ੍ਰੇਮ ਵਿਆਹ ਕਰਵਾਉਣ ਵਾਲੇ ਮੁੰਡੇ-ਕੁੜੀ ਦੇ ਪਰਿਵਾਰ ਨੇ ਕੋਈ ਕਾਰਵਾਈ ਨਹੀਂ ਕਰਵਾਈ ਪਰ ਦੋਸ਼ ਹੈ ਕਿ ਪਿੰਡ ਦੇ ਲੋਕਾਂ ਅਤੇ ਮਹਿਲਾ ਸਰਪੰਚ ਦੇ ਪਤੀ ਨੇ ਨੌਜਵਾਨ ਦੀ ਮਾਂ ਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਅਤੇ ਲੜਕੇ ਦੇ ਪਿਤਾ ਅਤੇ ਭਰਾ ਨਾਲ ਕੁੱਟਮਾਰ ਕੀਤੀ ਅਤੇ ਫਿਰ ਪਿੰਡ ਤੋਂ ਬਾਹਰ ਕੱਢ ਦਿੱਤਾ। ਬਾਅਦ ਵਿਚ ਲੋਕਾਂ ਨੇ ਪੀੜਤ ਪਰਿਵਾਰ ਦੇ ਘਰ ਨੂੰ ਤਾਲਾ ਜੜ ਦਿੱਤਾ। ਜ਼ਖਮੀ ਪਰਿਵਾਰ ਨੂੰ 9 ਦਿਨ ਬਾਅਦ ਹਸਪਤਾਲ ਤੋਂ ਛੁੱਟੀ ਮਿਲੀ ਹੈ ਪਰ ਡਰ ਕਾਰਨ ਪਰਿਵਾਰ ਘਰ ਨਹੀਂ ਗਿਆ ਸਗੋਂ ਸੋਮਵਾਰ ਨੂੰ ਮੋਗਾ-ਫਿਰੋਜ਼ਪੁਰ ਰੋਡ ਸਥਿਤ ਪਿੰਡ ਜਗਰੂ ਵਿਚ ਅੰਡਰਬਰਿੱਜ ਦੇ ਹੇਠਾਂ ਰਾਤ ਕੱਟੀ ਅਤੇ ਫਿਰ ਮੰਗਲਵਾਰ ਸਵੇਰੇ ਇਨਸਾਫ ਲਈ ਐੱਸ. ਐੱਸ. ਪੀ. ਦਫਤਰ ਪਹੁੰਚਿਆ। ਮਾਮਲੇ ਨੇ ਜਦੋਂ ਤੂਲ ਫੜ ਲਿਆ ਮਹਿਲਾ ਸਰਪੰਚ ਦਾ ਪਤੀ ਸਿਆਸੀ ਆਗੂਆਂ ਦੀ ਸ਼ਰਨ ਵਿਚ ਚਲਾ ਗਿਆ।



ਪਰਿਵਾਰ ਦਾ ਕਹਿਣਾ ਹੈ ਕਿ ਬੇਟੇ ਨੇ 5 ਮਈ ਨੂੰ ਮੋਗਾ ਅਦਾਲਤ ਵਿਚ ਪ੍ਰੇਮ ਵਿਆਹ ਕੀਤਾ ਸੀ। ਫਿਰ ਦੋਵਾਂ (ਕੁੜੀ ਮੁੰਡੇ) ਨੇ ਪਿੰਡ ਛੱਡ ਦਿੱਤਾ। 21 ਜੁਲਾਈ ਰਾਤ ਨੂੰ ਪਿੰਡ ਦੇ ਕੁਝ ਲੋਕਾਂ ਨੇ ਘਰ ਅੰਦਰ ਦਾਖਲ ਹੋ ਕੇ ਕੁੱਟਮਾਰ ਕੀਤੀ ਅਤੇ ਉਨ੍ਹਾਂ ਨੂੰ ਘਰੋਂ ਕੱਢ ਦਿੱਤਾ। ਦੂਜੇ ਪਾਸੇ ਮਹਿਲਾ ਸਰਪੰਚ ਦੇ ਪਤੀ ਸੁਖਚੈਨ ਸਿੰਘ ਦਾ ਕਹਿਣਾ ਹੈ ਕਿ ਅਕਤੂਬਰ 2024 ਵਿਚ ਪਿੰਡ ਵਿਚ ਨਵੀਂ ਪੰਚਾਇਤ ਬਣੀ ਸੀ। ਪੰਚਾਇਤ ਨੇ ਸਰਬ ਸੰਮਤੀ ਨਾਲ ਇਕ ਪ੍ਰਸਤਾਅ ਪਾਸ ਕੀਤਾ ਸੀ ਕਿ ਪਿੰਡ ਦਾ ਕੋਈ ਲੜਕਾ ਪਿੰਡ ਦੀ ਲੜਕੀ ਨਾਲ ਜੇ ਵਿਆਹ ਕਰਵਾਉਂਦਾ ਹੈ ਤਾਂ ਉਸ ਨੂੰ ਪਿੰਡ ਵਿਚ ਨਹੀਂ ਰਹਿਣ ਦਿੱਤਾ ਜਾਵੇਗਾ ਅਤੇ ਉਸ ਦੀ ਮਦਦ ਕਰਨ ਵਾਲੇ ਨੂੰ ਵੀ ਪਿੰਡ ਵਿਚੋਂ ਬਾਹਰ ਕੱਢਿਆ ਜਾਵੇਗਾ। ਪਰਿਵਾਰ ਦਾ ਪੁੱਤ 4 ਮਹੀਨੇ ਪਹਿਲਾਂ ਲੜਕੀ ਨੂੰ ਆਪਣੇ ਨਾਲ ਲੈ ਗਿਆ ਸੀ ਅਤੇ ਵਿਆਹ ਕਰਵਾ ਲਿਆ। ਚਾਰ ਮਹੀਨੇ ਬਾਅਦ ਜਦੋਂ ਉਕਤ ਲੜਕੀ ਪਰਤੀ ਤਾਂ ਕੁੜੀ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਦਾ ਗੁੱਸਾ ਫੁੱਟ ਗਿਆ ਅਤੇ ਲੋਕਾਂ ਨੇ ਲੜਕੇ ਪਰਿਵਾਰ ਦੀ ਕੁੱਟਮਾਰ ਕੀਤੀ। ਉਕਤ ਨੇ ਕਿਹਾ ਕਿ ਪਰਿਵਾਰ ਨੂੰ ਮੁਆਫੀ ਮੰਗਣ ਦੀ ਵੀ ਗੱਲ ਕਹੀ ਸੀ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੇ ਜਾਣ ਦੀ ਗੱਲ ਆਖੀ ਜਾ ਰਹੀ ਹੈ।

## ਸਕੂਲੀ ਵਿਦਿਆਰਥੀਆਂ ਨੂੰ ਤਰਕਸ਼ੀਲ ਚੇਤਨਾ ਪ੍ਰੀਖਿਆ ਸਬੰਧੀ ਦਿੱਤੀ ਜਾਣਕਾਰੀ

ਲੌਂਗੋਵਾਲ,6 ਅਗਸਤ: ਤਰਕਸ਼ੀਲ ਸੁਸਾਇਟੀ ਪੰਜਾਬ, ਇਕਾਈ ਲੌਂਗੋਵਾਲ ਵੱਲੋਂ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਸਬੰਧੀ ਸ਼ਹੀਦ ਸਰਦਾਰ ਭਗਵਾਨ ਸਿੰਘ ਸੀਨੀਅਰ ਸੈਕੰਡਰੀ (ਕੰਨਿਆ) ਸਕੂਲ ਲੌਂਗੋਵਾਲ ਅਤੇ ਸ਼ਹੀਦ ਮਤੀ ਦਾਸ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਆਫ ਐਮੀਨੈਂਸ ਵਿਖੇ ਤਰਕਸ਼ੀਲ ਆਗੂਆਂ ਵੱਲੋਂ ਵਿਦਿਆਰਥੀਆਂ ਨਾਲ ਰਾਬਤਾ ਬਣਾ ਕੇ ਚੇਤਨ ਕੀਤਾ ਗਿਆ।ਤਰਕਸ਼ੀਲ ਸੁਸਾਇਟੀ, ਪੰਜਾਬ ਦੇ ਸੀਨੀਅਰ ਆਗੂਆਂ ਬਲਬੀਰ ਲੌਂਗੋਵਾਲ ਅਤੇ ਜੁਝਾਰ ਲੌਂਗੋਵਾਲ ਵੱਲੋਂ ਆਪਣੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨਾਲ ਸੰਵਾਦ ਰਚਾਇਆ ਗਿਆ। ਜਿਥੇ ਬਲਬੀਰ ਲੌਂਗੋਵਾਲ ਨੇ ਗ਼ਦਰੀ ਗੁਲਾਬ ਕੌਰ ਬਖਸ਼ੀਵਾਲਾ ਜਿੰਨਾ ਦੇ ਸ਼ਹਾਦਤ ਵਰੇ ਨੂੰ ਇਸ ਵਾਰ ਦੀ ਪ੍ਰੀਖਿਆ ਸਮਰਪਤ ਕੀਤੀ ਗਈ ਹੈ, ਦੀ ਜੀਵਨ ਘਾਲਣਾ, ਸੰਘਰਸ਼ ਅਤੇ ਗ਼ਦਰੀਆਂ ਦੀ ਕਾਰਜਸ਼ੈਲੀ, ਮਨੋਰਥ ਤੇ ਭਰਭੂਰ ਚਾਨਣਾ ਪਾਇਆ ਉੱਥੇ ਜੁਝਾਰ ਲੌਂਗੋਵਾਲ ਨੇ 7ਵੀਂ ਚੇਤਨਾ ਪਰਖ਼ ਪ੍ਰੀਖਿਆ 2025 ਤੇ ਗੱਲਬਾਤ ਕਰਦਿਆਂ ਵਿਦਿਆਰਥੀਆਂ ਨੂੰ ਅੰਧਵਿਸ਼ਵਾਸੀ ਫ਼ਲਸਫੇ, ਵੇਲਾ ਵਿਹਾ ਚੁਕੀਆਂ ਰਸਮਾਂ ਨੂੰ ਛੱਡ ਕੇ ਉਸਾਰੂ ਸਹਿਤ, ਵਿਗਿਆਨਕ ਅਤੇ ਤਰਕਸ਼ੀਲ ਵਿਚਾਰਧਾਰਾ ਨੂੰ ਅਪਣਾ ਕੇ ਨਿਗਰ ਸਮਾਜ ਨੂੰ ਸਿਰਜਣ ਦੀ ਪ੍ਰੇਰਨਾ ਦਿੱਤੀ ਗਈ।ਇਸ ਮੌਕੇ ਦੋਨਾਂ ਸਕੂਲਾਂ ਵਿੱਚ ਪ੍ਰਿੰਸੀਪਲ ਕਰਮਜੀਤ ਕੌਰ,ਪ੍ਰਿੰਸੀਪਲ ਬਿਪਨ ਕੁਮਾਰ ਚਾਵਲਾ,ਲੈਕ ਤਰਸੇਮ ਸਿੰਘ, ਅਧਿਆਪਕ ਅਸ਼ੋਕ ਦੀਨ, ਕੈਂਪਸ ਮੈਨੇਜਰ ਨਿਰਭੈ ਸਿੰਘ ਤੋਂ ਇਲਾਵਾ ਅਧਿਆਪਨ ਸਟਾਫ ਹਾਜ਼ਰ ਸਨ ਤੇ ਲੈਕ: ਲੀਲਾ ਸ਼ਰਮਾ ਅਤੇ ਮੈਡਮ ਮਨੋਜ ਗੁਪਤਾ ਨੇ ਆਗੂ ਟੀਮ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਭਾਗ ਲੈਣ ਲਈ ਵੀ ਪ੍ਰੇਰਿਆ।

# ਵਿਆਹ ਤੋਂ ਬਾਅਦ ਆਈ ਕਮਜ਼ੋਰੀ ਕਿਤੇ ਬਚਪਨ ਦੀਆਂ ਗ਼ਲਤੀਆਂ ਕਾਰਨ ਤਾਂ ਨਹੀਂ ?

**ਕੌਮੀ ਪਤ੍ਰਿਕਾ**

ਜਲੰਧਰ 6 ਅਗਸਤ। ਅੱਜ-ਕੱਲ ਮਰਦਾਨਾ ਕਮਜ਼ੋਰੀ ਤੋਂ ਸਿਰਫ਼ ਬਜ਼ੁਰਗ ਹੀ ਨਹੀਂ ਬਲਕਿ ਨੌਜਵਾਨ ਵੀ ਬਹੁਤ ਪ੍ਰੇਸ਼ਾਨ ਹਨ। ਅੱਜ ਕਈ ਪੁਰਸ਼ ਅਜਿਹੇ ਹਨ ਜਿਹੜੇ ਸੈਕਸ ਸਮੱਸਿਆਵਾਂ ਦੀ ਮਾਰ ਝੱਲ ਰਹੇ ਹਨ, ਜਿਵੇਂ ਸ਼ੀਘਰਪਤਨ, ਜੋਸ਼ ਅਤੇ ਸਟੈਮਿਨਾ ਦੀ ਕਮੀ, ਨਸਾਂ ਦੀ ਕਮਜ਼ੋਰੀ, ਤਾਕਤ ਅਤੇ ਜਵਾਨੀ ਦੀ ਕਮੀ, ਕਾਮ ਇੱਛਾ ਦੀ ਘਾਟ ਆਦਿ। ਸੈਕਸ ਕਮਜ਼ੋਰੀ ਤੋਂ ਪ੍ਰੇਸ਼ਾਨ ਪੁਰਸ਼ਾਂ ਦਾ ਇਹੀ ਸਵਾਲ ਹੁੰਦਾ ਹੈ ਕਿ ਆਖਿਰ ਸ਼ੀਘਰਪਤਨ ਦਾ ਇਲਾਜ ਕੀ ਹੈ? ਜੋਸ਼ ਅਤੇ ਸਟੈਮਿਨਾ ਕਿਵੇਂ ਵਧਾਇਆ ਜਾਵੇ? ਕਾਮ ਇੱਛਾ ਦੀ ਕਮੀ ਕਿਵੇਂ ਦੂਰ ਕਰੀਏ? ਵਾਰ-ਵਾਰ ਸ਼ੀਘਰਪਤਨ ਹੋਣ ਨਾਲ ਜੋਸ਼ ਅਤੇ ਸਟੈਮਿਨਾ ਦੀ ਕਮੀ ਕਾਰਣ ਪੁਰਸ਼ ਆਪਣੇ ਪਾਰਟਨਰ ਨੂੰ ਸੰਤੁਸ਼ਟ ਨਹੀਂ ਕਰ ਪਾਉਂਦਾ, ਜਿਸ ਕਾਰਣ ਪੁਰਸ਼ਾਂ ਨੂੰ ਉਨ੍ਹਾਂ ਸਾਹਮਣੇ ਸ਼ਰਮਿੰਦਾ ਵੀ ਹੋਣਾ ਪੈਂਦਾ ਹੈ। ਇਥੋਂ ਤਕ ਕਿ ਕਈ ਵਾਰ ਮਾਮਲਾ ਤਲਾਕ ਤਕ ਵੀ ਪਹੁੰਚ ਜਾਂਦਾ ਹੈ। ਕਈ ਅਣਵਿਆਹੇ ਪੁਰਸ਼ ਵੀਰਾਂ ਦਾ ਕਹਿਣਾ ਹੁੰਦਾ ਹੈ ਕਿ ਬਚਪਨ ਵਿਚ ਕੀਤੀਆਂ ਗਈਆਂ ਗਲਤੀਆਂ ਦੇ ਕਾਰਣ ਸਾਡੀਆਂ ਨਸਾਂ ਵਿਚ ਕਮਜ਼ੋਰੀ ਆ ਗਈ ਹੈ। ਐਕਸਪਰਟ ਦਾਅਵਾ ਕਰਦੇ ਹਨ ਕਿ ਸਹੀ ਲਾਈਫ ਸਟਾਈਲ ਅਪਣਾਉਣ ਨਾਲ ਇਨਸਾਨ ਦੀ ਸੈਕਸ ਡ?ਰਾਈਵ ਬਿਹਤਰ ਹੁੰਦੀ ਹੈ। ਮਰਦਾਨਾ ਤਾਕਤ ਨੂੰ ਵਧਾਉਣ ਲਈ ਸਭ ਤੋਂ ਜ਼ਰੂਰੀ ਹੈ ਆਪਣੇ ਲਈ ਸਮਾਂ ਕੱਢ ਕੇ ਸਵੇਰ-ਸ਼ਾਮ ਸੈਰ ਕਰਨਾ, ਕਸਰਤ ਕਰਨਾ, ਯੋਗਾ ਕਰਨਾ, ਤਣਾਅ ਮੁਕਤ ਰਹਿਣਾ, ਸਾਕਾਰਾਤਮਕ ਸੋਚ ਰੱਖਣਾ, ਡ?ਰਾਈ ਫਰੂਟਸ, ਦੁੱਧ-ਪਨੀਰ, ਫਰੂਟ, ਜੂਸ, ਸਲਾਦ, ਪੁੰਗਰੇ ਅਨਾਜ ਤੇ ਇਸ ਤੋਂ ਇਲਾਵਾ ਵਧੀਆ ਖ਼ੁਰਾਕ, ਜਿਨ੍ਹਾਂ 'ਚ ਹੈਲਥੀ ਫੈਟਸ, ਵਿਟਾਮਿਨਸ, ਫੋਲਿਕ ਐਸਿਡ ਤੇ ਹੋਰ ਮਲਟੀ ਵਿਟਾਮਿਨਸ ਦੇ ਗੁਣ ਮੌਜੂਦ ਹੋਣ। ਫਾਸਟ ਫੂਡ, ਸ਼ਰਾਬ, ਮਾਸਾਹਾਰੀ, ਵਧੇਰੇ ਮਿਰਚ-ਮਸਾਲੇ ਤੇ ਅੰਗਰੇਜ਼ੀ ਦਵਾਈਆਂ ਦੇ ਸੇਵਨ ਤੋਂ ਪ੍ਰਹੇਜ਼ ਰੱਖੋ। ਇਸ ਤੋਂ ਇਲਾਵਾ ਰੈਗੂਲਰ ਕਸਰਤ ਜਾਂ ਕਿਸੇ ਵੀ ਤਰ੍ਹਾਂ ਦੇ ਵਰਕਆਊਟ ਨਾਲ ਵੀ ਵਧੀਆ ਅਸਰ ਪੈਂਦਾ ਹੈ। ਆਯੁਰਵੈਦਿਕ ਨੁਸਖ਼?ਆਂ 'ਚ ਕਾਰਗਰ ਜੜ੍ਹੀ ਬੂਟੀਆਂ 'ਚ ਸ਼ਕਤੀ ਵਧਾਊ ਖਣਿਜ, ਵੀਰਜ ਤੇ ਜੋਸ਼ ਵਧਾਉਣ ਵਾਲੀਆਂ ਖ਼ਾਸ ਭਸਮਾਂ ਹੁੰਦੀਆਂ ਹਨ, ਜਿਨ੍ਹਾਂ ਦਾ ਇਸਤੇਮਾਲ ਕਰਕੇ ਪੁਰਸ਼ ਜ਼ਿੰਦਗੀ ਭਰ ਤੰਦਰੁਸਤੀ ਤੇ ਮਰਦਾਨਗੀ ਦਾ ਆਨੰਦ ਮਾਣ ਸਕਦਾ ਹੈ। ਇਨ੍ਹਾਂ ਹੀ ਕੀਮਤੀ ਜੜ੍ਹੀ-ਬੂਟੀਆਂ ਤੇ ਭਸਮਾਂ, ਜਿਵੇਂ ਅਸ਼ਵਗੰਧਾ, ਸਤਾਵਰੀ, ਸਾਲਮ ਮਿਸ਼ਰੀ, ਸਾਲਮ ਪੰਜਾ, ਸ਼ਿਲਾਜੀਤ, ਕੇਸਰ, ਕੌਂਚ ਬੀਜ, ਗੋਖਰੂ, ਬੀਜ ਬੰਦ, ਵਿਦਾਰੀਕੰਦ, ਅੰਬਰ, ਮਕਰਧਵੱਜ, ਸਵਰਨ ਭਸਮ ਤੇ ਹੋਰ ਉੱਤਮ ਔਸ਼ਧੀਆਂ ਨੂੰ ਮਿਲਾ ਕੇ ਇਕ ਅਜਿਹੀ ਦਵਾਈ ਤਿਆਰ ਕੀਤੀ ਗਈ ਹੈ, ਜਿਸ ਦਾ ਸੇਵਨ ਕਰਨ ਤੋਂ ਬਾਅਦ ਤੁਸੀਂ ਪੁਰਾਣੀ ਤੋਂ ਪੁਰਾਣੀ ਧਾਂਤ, ਸੁਪਨਦੋਸ਼, ਵੀਰਜ ਦਾ ਪਤਲਾਪਣ, ਮਰਦਾਨਾ ਕਮਜ਼ੋਰੀ, ਸ਼ੀਘਰਪਤਨ, ਜੋਸ਼ ਦੀ ਘਾਟ, ਨਸਾਂ ਦਾ ਢਿੱਲਾਪਣ, ਸੈਕਸ ਇੱਛਾ ਦੀ ਕਮੀ, ਮਸਾਨੇ ਦੀ ਕਮਜ਼ੋਰੀ, ਸ਼ੁਕਰਾਣੂ ਸਮੱਸਿਆ ਤੇ ਹੋਰ ਕਈ ਗੁਪਤ ਰੋਗਾਂ ਨੂੰ ਜੜ੍ਹੋਂ ਖ਼ਤਮ ਕਰ ਸਕਦੇ ਹੋ। ਇਸ ਆਯੁਰਵੈਦਿਕ ਨੁਸਖ਼ੇ ਦਾ ਇਕ ਵਾਰ ਪੂਰਾ ਕੋਰਸ ਕਰਨ ਤੋਂ ਬਾਅਦ ਵਾਰ-ਵਾਰ ਦਵਾਈ ਖਾਣ ਦੀ ਲੋੜ ਵੀ ਨਹੀਂ ਪੈਂਦੀ। ਵਧੇਰੇ ਉਮਰ ਕਾਰਨ ਮਰਦਾਨਾ ਤਾਕਤ ਦਾ ਕਮਜ਼ੋਰ ਹੋਣਾ ਕੁਦਰਤੀ ਹੈ ਪਰ ਕੁਝ ਲੋਕਾਂ 'ਚ ਇਹ ਲੱਛਣ ਸਮੇਂ ਤੋਂ ਪਹਿਲਾਂ ਹੀ ਦਿਸਣ ਲੱਗ ਜਾਂਦੇ ਹਨ। ਅੱਜਕਲ 50 ਸਾਲ ਛੱਡੋ 30-40 ਸਾਲ ਦੇ ਨੌਜਵਾਨਾਂ 'ਚ ਵੀ ਮਰਦਾਨਾ ਕਮਜ਼ੋਰੀ ਆ ਰਹੀ ਹੈ। ਮਰਦਾਨਾ ਕਮਜ਼ੋਰੀ, ਯੌਨ ਇੱਛਾ ਦੀ ਕਮੀ, ਸ਼ੀਘਰਪਤਨ, ਨਿਪੁੰਸਕਤਾ ਅਤੇ ਨਸਾਂ ਦਾ ਢਿੱਲਾਪਣ ਭਾਵੇਂ ਵਧ ਰਹੀ ਉਮਰ ਕਾਰਨ, ਜ਼ਿਆਦਾ ਅੰਗਰੇਜ਼ੀ ਦਵਾਈਆਂ ਦੀ ਵਰਤੋਂ, ਘਰੇਲੂ ਤੇ ਕਾਰੋਬਾਰ ਟੈਨਸ਼ਨ, ਬੀ.ਪੀ. ਜਾਂ ਸ਼ੂਗਰ ਕਾਰਨ ਹੋਵੇ। ਉਮਰ ਭਾਵੇਂ 50 ਹੋਵੇ ਜਾਂ 60 ਸਾਲ ਬਜ਼ੁਰਗ ਵੀਰ ਇਕ ਵਾਰ ਜ਼ਰੂਰ ਸਾਡੇ ਆਯੁਰਵੈਦਿਕ ਨੁਸਖ਼ੇ ਦਾ ਸੇਵਨ ਕਰਨ, ਬੁਢਾਪੇ 'ਚ ਵੀ ਜਵਾਨੀ ਵਰਗਾ ਪੂਰਾ ਜੋਸ਼ ਤੇ ਭਰਪੂਰ ਆਨੰਦ ਪਾਓ। ਇਸ ਤੋਂ ਇਲਾਵਾ ਪੁਰਾਣੇ ਤੋਂ ਪੁਰਾਣਾ ਰੇਸ਼ਾ, ਨਜ਼ਲਾ-ਜ਼ੁਕਾਮ, ਖਾਂਸੀ, ਸਾਹ ਦੀ ਐਲਰਜੀ, ਦਮਾ-ਅਸਥਮਾ, ਬਵਾਸੀਰ, ਖ਼ੂਨੀ ਹੋਵੇ ਜਾਂ ਬਾਦੀ, ਮੌਕੇ ਨਿਕਲਣਾ, ਭਗੰਦਰ, ਔਰਤਾਂ ਦੇ ਰੋਗਾਂ-ਲੋਕੋਰੀਆ (ਸਫੈਦ ਪਾਣੀ), ਵਜ਼ਨ ਵਧਾਉਣ, ਚਮੜੀ ਰੋਗ, ਜੋੜਾਂ ਦੇ ਦਰਦ ਤੇ ਸ਼ੂਗਰ ਕਾਰਨ ਆਈ ਮਰਦਾਨਾ ਕਮਜ਼ੋਰੀ ਦਾ ਆਯੁਰਵੈਦਿਕ ਦੇਸੀ ਇਲਾਜ। ਦਵਾਈ ਦੇਸ਼-ਵਿਦੇਸ਼ ਭੇਜਣ ਦਾ ਖ਼ਾਸ ਪ੍ਰਬੰਧ ਹੈ। ਦੇਸ਼ਾਂ ਤੇ ਵਿਦੇਸ਼ਾਂ 'ਚ ਬੈਠੇ ਹਜ਼ਾਰਾਂ ਨੌਜਵਾਨ ਤੇ ਬਜ਼ੁਰਗ ਵੀਰ ਆਪਣੇ ਰੋਗ ਮੁਤਾਬਿਕ 'ਰੌਸ਼ਨ ਹੈਲਥ ਕੇਅਰ' ਰੇਲਵੇ ਰੋਡ, ਜਲੰਧਰ (ਪੰਜਾਬ) ਕੋਲੋਂ ਆਪਣੀ ਆਯੁਰਵੈਦਿਕ ਦਵਾਈ ਦਾ ਨੁਸਖ਼ਾ ਬਣਵਾ ਰਹੇ ਹਨ। ਇਨ੍ਹਾਂ ਦੇ ਤਜਰਬੇਕਾਰ ਤੇ ਕੁਆਲੀਫਾਈਡ ਆਯੁਰਵੈਦਿਕ ਡਾਕਟਰ ਤੁਹਾਡੀ ਕਮਜ਼ੋਰੀ, ਉਮਰ ਤੇ ਰੋਗ ਮੁਤਾਬਕ ਇਕ ਅਜਿਹੀ ਆਯੁਰਵੈਦਿਕ ਦਵਾਈ ਬਣਾ ਕੇ ਦੇਣਗੇ, ਜਿਸ ਦਾ ਇਸਤੇਮਾਲ ਕਰਨ ਤੋਂ ਬਾਅਦ ਤੁਸੀਂ ਆਪਣੀ ਮਰਦਾਨਾ ਕਮਜ਼ੋਰੀ ਨੂੰ ਭੁੱਲ ਜਾਓਗੇ।

### ਸਰਹੱਦੀ ਪਿੰਡਾਂ ਦੇ ਨਾਲਿਆਂ ਦੇ ਪਾਣੀ ਦਾ ਪੱਧਰ ਵਧਣ ਕਾਰਨ ਆਉਣ-ਜਾਣ ਵਾਲੇ ਰਸਤੇ ਹੋਏ ਬੰਦ

ਦੀਨਾਨਗਰ 6 ਅਗਸਤ। ਪਿਛਲੇ ਦੋ ਦਿਨ ਤੋਂ ਲਗਾਤਾਰ ਪੈ ਰਹੀ ਬਾਰਿਸ਼ ਤੋਂ ਬਾਅਦ ਜੰਮੂ-ਕਸ਼ਮੀਰ ਤੋਂ ਬਾਅਦ ਹੁਣ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਸਰਹੱਦੀ ਇਲਾਕਿਆਂ ਵਿੱਚ ਇਸਦਾ ਅਸਰ ਦੇਖਣ ਨੂੰ ਮਿਲਿਆ ਹੈ। ਜਾਣਕਾਰੀ ਅਨੁਸਾਰ 1 ਲੱਖ 14000 ਕਿਊਸਿਕ ਪਾਣੀ ਛੱਡੇ ਜਾਣ ਤੋਂ ਬਾਅਦ ਰਾਵੀ ਦਰਿਆ ਅਤੇ ਉੱਜ ਦਰਿਆ ਦਾ ਪੱਧਰ ਵੱਧ ਚੁੱਕਿਆ ਹੈ ਜਿਸ ਦਾ ਸਿੱਧਾ ਅਸਰ ਸਰਹੱਦੀ ਪਿੰਡਾਂ ਦੇ ਨਾਲ ਲੱਗਦੇ ਨੌਮਨੀ ਨਾਲਿਆਂ ਦੇ ਉੱਪਰ ਪਿਆ ਜਿਸ ਕਾਰਨ ਕਈ ਰਸਤੇ ਬੰਦ ਹੋ ਚੁੱਕੇ ਹਨ ਅਤੇ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਬਾਰਿਸ਼ ਦਾ ਜ਼ਿਆਦਾ ਅਸਰ ਕਿਸਾਨੀ ਦੇ ਨਾਲ ਜੁੜੇ ਹੋਏ ਲੋਕਾਂ 'ਤੇ ਬਹੁਤ ਜ਼ਿਆਦਾ ਪਿਆ ਹੈ। ਲੋਕ ਜਾਨ ਜੋਖਮ ਵਿੱਚ ਪਾ ਕੇ ਪੁਲ ਪਾਰ ਕਰਦੇ ਹੋਏ ਨਜ਼ਰ ਆ ਰਹੇ ਸਨ। ਸਰਹੱਦੀ ਪਿੰਡ ਚੌਤਰਾ, ਸਲਾਚ ਅਤੇ ਕਈ ਹੋਰ ਪਿੰਡਾਂ ਦਾ ਸੰਪਰਕ ਦੂਸਰੀ ਤਰਫ ਨਾਲਿਆਂ ਦੇ ਉੱਪਰ ਬਣੇ ਪੁਲਾਂ ਤੋਂ ਪਾਣੀ ਜ਼ਿਆਦਾ ਆਉਣ ਕਾਰਨ ਕੱਟਿਆ ਗਿਆ ਹੈ ਅਤੇ ਲੋਕ ਜਾਨ ਜੋਖਮ ਵਿਚ ਪਾ ਕੇ ਇਹ ਰਸਤੇ ਪਾਰ ਕਰ ਰਹੇ ਹਨ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਜੇਕਰ ਤੁਸੀਂ ਵੀ ਆਪਣੇ ਫ਼ੋਨ 'ਚ ਡਾਊਨਲੋਡ ਕੀਤੀ ਇਹ ਐਪ ਤਾਂ ਸਾਵਧਾਨ ! ਲੱਗ ਸਕਦਾ ਹੈ ਵੱਡਾ ਝਟਕਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 6 ਅਗਸਤ। ਅੱਜਕੱਲ ਸਮੇਂ ਵਿਚ ਭਾਰਤ ਵਿੱਚ ਡਿਜੀਟਲ ਬੈਂਕਿੰਗ ਦੀ ਵਰਤੋਂ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਇਸ ਦੇ ਨਾਲ ਹੀ ਜਾਅਲੀ ਬੈਂਕਿੰਗ ਐਪਸ ਰਾਹੀਂ ਧੋਖਾਧੜੀ ਦੇ ਮਾਮਲੇ ਵੀ ਲਗਾਤਾਰ ਵੱਧ ਰਹੇ ਹਨ। ਕੇਰਲ ਦੇ ਇੱਕ ਵਿਅਕਤੀ ਨਾਲ ਹਾਲ ਹੀ ਵਿੱਚ ਵਾਪਰੀ ਇੱਕ ਘਟਨਾ ਨੇ ਇਸ ਖ਼ਤਰੇ ਨੂੰ ਹੋਰ ਵੀ ਉਜਾਗਰ ਕੀਤਾ। ਇਸ ਵਿਅਕਤੀ ਨੇ ਇੱਕ ਸੰਦੇਸ਼ ਰਾਹੀਂ ਬੈਂਕਿੰਗ ਐਪ ਅਪਡੇਟ ਕਰਨ ਤੋਂ ਬਾਅਦ ਆਪਣੇ ਪ੍ਰਾਵੀਡੈਂਟ ਫੰਡ ਖਾਤੇ ਵਿੱਚੋਂ 4 ਲੱਖ ਰੁਪਏ ਗੁਆ ਦਿੱਤੇ। ਸੁਨੇਹਾ ਇੰਨਾ ਅਸਲੀ ਲੱਗਿਆ ਕਿ ਉਸਨੇ ਬਿਨਾਂ ਕਿਸੇ ਸ਼ੱਕ ਦੇ ਐਪ ਡਾਊਨਲੋਡ ਕਰ ਲਿਆ ਅਤੇ ਲਾਗਇਨ ਵੇਰਵੇ ਦਰਜ ਕਰ ਦਿੱਤੇ। ਇਸ ਤੋਂ ਬਾਅਦ ਥੋੜ੍ਹੇ ਸਮੇਂ ਵਿੱਚ ਉਸਦੇ ਸਾਰੇ ਪੈਸੇ ਦੋ ਲੈਣ-ਦੇਣ ਰਾਹੀਂ ਕਲੀਅਰ ਹੋ ਗਏ। ਸਾਈਬਰ ਕ੍ਰਾਈਮ ਮਾਹਿਰਾਂ ਦੇ ਅਨੁਸਾਰ ਇਹ ਨਕਲੀ ਐਪਸ ਆਮ ਤੌਰ 'ਤੇ ਬਹੁਤ ਸਮਾਰਟ ਹੁੰਦੇ ਹਨ। ਇਹਨਾਂ ਨੂੰ ਅਸਲੀ ਬੈਂਕਿੰਗ ਐਪਸ ਵਾਂਗ ਦਿਖਣ ਲਈ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਬੈਂਕ ਦਾ ਨਾਮ, ਲੋਗੋ, ਇੰਟਰਫੇਸ ਬਿਲਕੁਲ ਅਸਲੀ ਐਪਸ ਵਰਗਾ ਹੀ ਹੁੰਦਾ ਹੈ। ਪਰ ਅਸਲ ਵਿੱਚ ਇਹ ਐਪਸ ਪੂਰੀ ਤਰ੍ਹਾਂ ਨਕਲੀ ਹਨ। ਜਦੋਂ ਕੋਈ ਉਪਭੋਗਤਾ ਇਹਨਾਂ ਐਪਸ ਨੂੰ ਡਾਊਨਲੋਡ ਕਰਦਾ ਹੈ ਅਤੇ ਆਪਣੇ ਬੈਂਕ ਵੇਰਵੇ ਇਨਪੁਟ ਕਰਦਾ ਹੈ, ਤਾਂ ਘੁਟਾਲੇਬਾਜ਼ਾਂ ਨੂੰ ਉਸ ਉਪਭੋਗਤਾ ਦੇ ਬੈਂਕ ਖਾਤੇ ਤੱਕ ਪੂਰੀ ਪਹੁੰਚ ਮਿਲ ਜਾਂਦੀ ਹੈ। ਧੋਖਾਧੜੀ ਕਰਨ ਵਾਲਾ ਠੱਗ ਸਭ ਤੋਂ ਪਹਿਲਾਂ ਉਪਭੋਗਤਾ ਨੂੰ ਇੱਕ SMS, ਈਮੇਲ ਜਾਂ ਸੋਸ਼ਲ ਮੀਡੀਆ ਰਾਹੀਂ ਇੱਕ ਲਿੰਕ ਭੇਜਦੇ ਹਨ। ਇਹ ਲਿੰਕ ਵਿਅਕਤੀ ਨੂੰ ਇੱਕ ਅਜਿਹੀ ਵੈੱਬਸਾਈਟ 'ਤੇ ਲੈ ਜਾਂਦਾ ਹੈ, ਜੋ ਅਸਲ ਬੈਂਕ ਦੀ ਵੈੱਬਸਾਈਟ ਵਰਗੀ ਦਿਖਾਈ ਦਿੰਦੀ ਹੈ। ਉੱਥੇ, ਉਪਭੋਗਤਾ ਆਪਣੀ ਜਾਣਕਾਰੀ ਦਰਜ ਕਰਦਾ ਹੈ ਅਤੇ ਧੋਖਾਧੜੀ ਕਰਨ ਵਾਲੇ ਇਸਨੂੰ ਚੋਰੀ ਕਰ ਲੈਂਦੇ ਹਨ। ਕਈ ਵਾਰ, ਨਕਲੀ ਐਪਸ APK ਫਾਈਲਾਂ ਰਾਹੀਂ ਭੇਜੇ ਜਾਂਦੇ ਹਨ, ਜਿਨ੍ਹਾਂ ਨੂੰ ਉਪਭੋਗਤਾ ਪਲੇ ਸਟੋਰ ਦੇ ਬਾਹਰੋਂ ਡਾਊਨਲੋਡ ਕਰਦਾ ਹੈ। ਇੱਕ ਵਾਰ ਐਪ ਇੰਸਟਾਲ ਹੋਣ ਤੋਂ ਬਾਅਦ ਇਹ ਐਪਸ ਉਪਭੋਗਤਾ ਦੇ SMS ਨੂੰ ਪੜ੍ਹ ਸਕਦੇ ਹਨ, OTP ਚੋਰੀ ਕਰ ਸਕਦੇ ਹਨ ਅਤੇ ਲਾਗਇਨ ਵੇਰਵੇ ਹਾਸਲ ਕਰ ਸਕਦੇ ਹਨ। ਨਾਲ ਹੀ, ਸਕ੍ਰੀਨ ਸ਼ੇਅਰਿੰਗ ਟੂਲਸ ਦੀ ਮਦਦ ਨਾਲ ਇਹ ਧੋਖਾਧੜੀ ਕਰਨ ਵਾਲੇ ਉਪਭੋਗਤਾ ਦੇ ਫੋਨ ਦਾ ਰਿਮੋਟਲੀ ਪੂਰਾ ਕੰਟਰੋਲ ਲੈ ਸਕਦੇ ਹਨ। ਸਿਰਫ਼ ਅਧਿਕਾਰਤ ਐਪਸ ਡਾਊਨਲੋਡ ਕਰੋ: ਹਮੇਸ਼ਾ ਆਪਣੇ ਬੈਂਕ ਦੀ ਅਧਿਕਾਰਤ ਵੈੱਬਸਾਈਟ ਜਾਂ ਪਲੇ ਸਟੋਰ/ਐਪ ਸਟੋਰ ਤੋਂ ਬੈਂਕਿੰਗ ਐਪਸ ਡਾਊਨਲੋਡ ਕਰੋ। ਕਿਸੇ ਵੀ ਤੀਜੀ ਧਿਰ ਦੀ ਸਾਈਟ ਤੋਂ ਡਾਊਨਲੋਡ ਕਰਨ ਤੋਂ ਬਚੋ। ਐਪ ਜਾਣਕਾਰੀ ਦੀ ਜਾਂਚ ਕਰੋ: ਕਿਸੇ ਐਪ ਨੂੰ ਡਾਊਨਲੋਡ ਕਰਨ ਤੋਂ ਪਹਿਲਾਂ ਇਸਦੇ ਡਿਵੈਲਪਰ ਦਾ ਨਾਮ, ਉਪਭੋਗਤਾ ਸਮੀਖਿਆਵਾਂ ਅਤੇ ਡਾਊਨਲੋਡ ਨੰਬਰ ਦੀ ਜਾਂਚ ਕਰੋ। ਜੇਕਰ ਐਪ ਬਾਰੇ ਜਾਣਕਾਰੀ ਅਸਪਸ਼ਟ ਹੈ ਜਾਂ ਕੋਈ ਉਪਭੋਗਤਾ ਸਮੀਖਿਆਵਾਂ ਨਹੀਂ ਹਨ, ਤਾਂ ਇਸਨੂੰ ਡਾਊਨਲੋਡ ਕਰਨ ਤੋਂ ਬਚੋ। ਅਨੁਮਤੀਆਂ ਦੀ ਜਾਂਚ ਕਰੋ: ਜੇਕਰ ਕੋਈ ਐਪ ਤੁਹਾਡੀ ਸੰਪਰਕ ਸੂਚੀ, ਫੋਟੋਆਂ ਜਾਂ ਸਕ੍ਰੀਨ ਸ਼ੇਅਰ ਤੱਕ ਪਹੁੰਚ ਕਰਨ ਦੀ ਇਜਾਜ਼ਤ ਮੰਗ ਰਿਹਾ ਹੈ, ਤਾਂ ਉਸ ਐਪ ਤੋਂ ਦੂਰ ਰਹੋ। ਦੋ-ਕਾਰਕ ਪ੍ਰਮਾਣਿਕਤਾ (2FA) ਨੂੰ ਸਮਰੱਥ ਬਣਾਓ: ਆਪਣੇ ਖਾਤੇ ਦੀ ਸੁਰੱਖਿਆ ਲਈ ਹਮੇਸ਼ਾ ਦੋ-ਕਾਰਕ ਪ੍ਰਮਾਣਿਕਤਾ ਨੂੰ ਸਮਰੱਥ ਬਣਾਓ। ਇਹ ਤੁਹਾਨੂੰ ਹਰ ਲੌਗਇਨ ਸਮੇਂ ਇੱਕ OTP ਜਾਂ ਕੋਡ ਦੇਵੇਗਾ, ਜੋ ਇੱਕ ਵਾਧੂ ਸੁਰੱਖਿਆ ਪਰਤ ਜੋੜਦਾ ਹੈ। ਅਣਜਾਣ ਲਿੰਕਾਂ ਤੋਂ ਬਚੋ: ਅਣਜਾਣ ਨੰਬਰਾਂ ਜਾਂ ਲਿੰਕਾਂ ਤੋਂ ਆਉਣ ਵਾਲੇ ਸੁਨੇਹਿਆਂ 'ਤੇ ਕਦੇ ਵੀ ਕਲਿੱਕ ਨਾ ਕਰੋ, ਖਾਸ ਕਰਕੇ ਜੇ ਸੁਨੇਹਾ ਇਨਾਮ ਜਾਂ ਐਮਰਜੈਂਸੀ ਅਪਡੇਟ ਦਾ ਦਾਅਵਾ ਕਰਦਾ ਹੈ। ਸਪੈਲਿੰਗ ਗਲਤੀਆਂ ਵੱਲ ਧਿਆਨ ਦਿਓ: ਜੇਕਰ ਤੁਸੀਂ ਕਿਸੇ ਐਪ ਜਾਂ ਵੈੱਬਸਾਈਟ 'ਤੇ ਸਪੈਲਿੰਗ ਗਲਤੀਆਂ ਜਾਂ ਸ਼ੱਕੀ ਡਿਵੈਲਪਰ ਨਾਮ ਦੇਖਦੇ ਹੋ, ਤਾਂ ਇਸਨੂੰ ਨਜ਼ਰਅੰਦਾਜ਼ ਕਰੋ। ਏਪੀਕੇ ਫਾਈਲਾਂ ਤੋਂ ਬਚੋ: ਸੋਸ਼ਲ ਮੀਡੀਆ ਜਾਂ ਇਸ਼ਤਿਹਾਰਾਂ ਤੋਂ ਪ੍ਰਾਪਤ ਏਪੀਕੇ ਫਾਈਲਾਂ ਨੂੰ ਕਦੇ ਵੀ ਇੰਸਟਾਲ ਨਾ ਕਰੋ, ਕਿਉਂਕਿ ਇਹ ਫਾਈਲਾਂ ਅਕਸਰ ਖ਼ਤਰਨਾਕ ਹੁੰਦੀਆਂ ਹਨ ਅਤੇ ਤੁਹਾਡੇ ਫੋਨ ਨੂੰ ਵਾਇਰਸ ਨਾਲ ਸੰਕਰਮਿਤ ਕਰ ਸਕਦੀਆਂ ਹਨ। ਆਪਣੇ ਖਾਤੇ ਦੀ ਨਿਯਮਿਤ ਤੌਰ 'ਤੇ ਜਾਂਚ ਕਰੋ: ਕਿਸੇ ਵੀ ਅਣਜਾਣ ਲੈਣ-ਦੇਣ ਨੂੰ ਜਲਦੀ ਫੜਨ ਲਈ ਆਪਣੇ ਬੈਂਕ ਖਾਤੇ ਦੀ ਨਿਯਮਿਤ ਤੌਰ 'ਤੇ ਜਾਂਚ ਕਰੋ।

# ਆਨਲਾਈਨ ਮੰਗਵਾਇਆ ਸੀ ਕੈਮਰਾ, ਘਰ ਪਹੁੰਚੇ ਆਰਡਰ ਨੂੰ ਜਦ ਖੋਲ੍ਹਿਆ ਤਾਂ...

ਲੁਧਿਆਣਾ 6 ਅਗਸਤ। ਫੇਸਬੁੱਕ, ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਖ਼ਰੀਦਦਾਰਾਂ ਨੂੰ ਭਰਮਾਉਣ ਲਈ ਵੱਖ-ਵੱਖ ਕੰਪਨੀਆਂ ਬਾਜ਼ਾਰ ਨਾਲੋਂ ਕਿਤੇ ਵੱਧ ਕੀਮਤ 'ਤੇ ਵੱਖ-ਵੱਖ ਆਕਰਸ਼ਕ ਉਤਪਾਦ ਵਿਖਾ ਰਹੀਆਂ ਹਨ। ਵੱਖ-ਵੱਖ ਕੰਪਨੀਆਂ ਵੱਲੋਂ ਹਰ ਰੋਜ਼ ਖ਼ਪਤਕਾਰਾਂ ਨਾਲ ਵੱਡੇ-ਵੱਡੇ ਘਪਲੇ ਕੀਤੇ ਜਾ ਰਹੇ ਹਨ। ਅਜਿਹਾ ਹੀ ਇਕ ਮਾਮਲਾ ਡਾਬਾ ਇਲਾਕੇ ਤੋਂ ਸਾਹਮਣੇ ਆਇਆ ਹੈ, ਜਿੱਥੇ ਖ਼ਰੀਦਦਾਰ ਨੇ ਇਕ ਆਨਲਾਈਨ ਸ਼ਾਪਿੰਗ ਸਾਈਟ 'ਤੇ ਕੈਮਰਾ ਆਰਡਰ ਕੀਤਾ ਅਤੇ ਜਦੋਂ ਡਿਲਿਵਰੀ ਪ੍ਰਾਪਤ ਕਰਨ ਤੋਂ ਬਾਅਦ ਪੈਕਿੰਗ ਖੋਲ੍ਹੀ ਗਈ ਤਾਂ ਉਸ ਵਿੱਚ ਪਾਣੀ ਦੀ ਬੋਤਲ ਮਿਲੀ। ਕੈਮਰੇ ਦੀ ਜਗ੍ਹਾ ਪਾਣੀ ਦੀ ਬੋਤਲ ਵੇਖ ਕੇ ਖ਼ਪਤਕਾਰ ਦੇ ਹੋਸ਼ ਉੱਡ ਗਏ। ਇਸ ਦੌਰਾਨ ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਡਿਲਿਵਰੀ ਕਰਨ ਆਏ ਵਿਅਕਤੀ ਨੂੰ ਫੜ ਲਿਆ, ਜਦਕਿ ਡਿਲਿਵਰੀ ਮੈਨ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਅਤੇ ਕਿਹਾ ਕਿ ਉਹ ਸਿਰਫ਼ ਕੰਪਨੀ ਵੱਲੋਂ ਭੇਜੇ ਗਏ ਆਰਡਰਾਂ ਦੀ ਘਰ-ਘਰ ਡਿਲਿਵਰੀ ਦਾ ਕੰਮ ਕਰਦਾ ਹੈ। ਇਸ ਦੌਰਾਨ ਮੌਕੇ 'ਤੇ ਪਹੁੰਚੇ ਸਮਾਜ ਸੇਵਕ ਸੰਦੀਪ ਸ਼ੁਕਲਾ ਨੇ ਪੀੜਤ ਦੀ ਸ਼ਿਕਾਇਤ ਸਾਈਬਰ ਸੈੱਲ ਨੂੰ ਕਰਨ ਅਤੇ ਸਬੰਧਤ ਕੰਪਨੀ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਕਹੀ ਹੈ, ਜੋਕਿ ਸੌਦਿਅਮ ਚਲਾ ਕੇ ਆਮ ਲੋਕਾਂ ਦੀ ਮਿਹਨਤ ਦੀ ਕਮਾਈ ਹੜੱਪ ਰਹੀ ਹੈ। ਸੰਦੀਪ ਸ਼ੁਕਲਾ ਵੱਲੋਂ ਆਮ ਜਨਤਾ ਨੂੰ ਰਜਿਸਟਰਡ ਐਪਸ ਅਤੇ ਜਾਣੀਆਂ-ਪਛਾਣੀਆਂ ਕੰਪਨੀਆਂ 'ਤੇ ਹੀ ਪ੍ਰੋਡਕਟਸ ਦੇ ਆਰਡਰ ਦੇਣ ਦੀ ਅਪੀਲ ਕੀਤੀ ਗਈ ਹੈ।

# ਪੰਜਾਬੀ ਪੱਤਰਕਾਰ ਸਦਨ ਵੱਲੋਂ ਕੰਵਰਪ੍ਰੀਤ ਸਿੰਘ ਬੇਦੀ ਸਨਮਾਨਤ

ਅੰਮ੍ਰਿਤਸਰ 6 ਅਗਸਤ: ਪੰਜਾਬੀ ਪੱਤਰਕਾਰ ਸਦਨ ਵੱਲੋਂ ਆਪਣੇ ਪਰੰਪਰਾਗਤ ਰਵਾਇਤ ਅਨੁਸਾਰ ਪੰਜਾਬੀ ਦੇ ਪੱਤਰਕਾਰ ਸ੍ਰੀ ਕੰਵਰਪ੍ਰੀਤ ਸਿੰਘ ਬੇਦੀ ਸੰਪਾਦਕ ਮਧੁਸਾਰ ਪਟਿਆਲਾ ਨੂੰ ਉਨ੍ਹਾਂ ਦੀਆਂ ਪੰਜਾਬੀ ਪੱਤਰਕਾਰਤਾ ਦੇ ਖੇਤਰ ਵਿਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੇ ਸਤਿਕਾਰ ਵਜੋਂ ਸਨਮਾਨਿਤ ਕੀਤਾ ਗਿਆ। ਸਨਮਾਨ ਵਿੱਚ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਮੋਮੈਂਟੋ, ਦੋਸ਼ਾਲਾ ਤੇ ਸਿਰਪਾਓ ਨਾਲ ਨਿਵਾਜਿਆ ਗਿਆ। ਸਦਨ ਦੇ ਸੁਪਰਡ ਸ. ਦਿਲਜੀਤ ਸਿੰਘ ਬੇਦੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਦਨ ਦੀ ਇਹ ਪੁਰਾਤਨ ਪਰੰਪਰਾ ਰਹੀ ਹੈ ਕਿ ਪੱਤਰਕਾਰਤਾ ਅਤੇ ਸਾਹਿਤਕ ਖੇਤਰ ਵਿਚ ਨਿਵੇਕਲਾ ਤੇ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਪੱਤਰਕਾਰਾਂ ਨੂੰ ਸਮੇਂ ਸਮੇਂ ਸਨਮਾਨਿਤ ਕੀਤਾ ਜਾਂਦਾ ਹੈ ਇਸ ਤੋਂ ਪਹਿਲਾਂ ਪੱਤਰਕਾਰ ਤੇ ਉੱਘੇ ਲੇਖਕ ਪ੍ਰੋ. ਸ਼ਿਗਾਰਾ ਸਿੰਘ ਢਿੱਲੋਂ ਯੂ.ਕੇ ਨੂੰ ਸਨਮਾਨਤ ਕੀਤਾ ਜਾ ਚੁਕਿਆ ਹੈ। ਸਦਨ ਦੇ ਚੇਅਰਮੈਨ ਸ. ਜੋਗਿੰਦਰਪਾਲ ਸਿੰਘ ਕੁੰਦਰਾ ਨੇ ਕਿਹਾ ਕਿ ਸਦਨ ਵੱਲੋਂ ਪੱਤਰਕਾਰਾਂ ਦੀਆਂ ਮੰਗਾਂ ਸੈਂਟਰ ਸਰਕਾਰ ਤੀਕ ਪੁਜਦੀਆਂ ਕੀਤੀਆਂ ਹਨ, ਰਾਬਤਾ ਕਾਇਮ ਹੈ ਆਉਣ ਵਾਲੇ ਸਮੇਂ ਵਿੱਚ ਪੱਤਰਕਾਰਾਂ ਦੀਆਂ ਮੰਗਾ ਪ੍ਰਤੀ ਜੇ ਲੋੜ ਪਈ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਸਨਮਾਨਤ ਸ਼ਖ਼ਸ਼ੀਅਤ ਸ੍ਰੀ ਕੰਵਰਪ੍ਰੀਤ ਸਿੰਘ ਬੇਦੀ ਨੂੰ ਵਧਾਈ ਦਿਤੀ ਅਤੇ ਉਨ੍ਹਾਂ ਦੇ ਸਵ: ਪਿਤਾ ਪੱਤਰਕਾਰ ਬਲਬੀਰ ਸਿੰਘ ਬੇਦੀ ਦੀਆਂ ਸੇਵਾਵਾਂ ਨੂੰ ਵੀ ਯਾਦ ਕੀਤਾ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Sumame Kochhar for all purpose.

ਸਰਕਾਰੀ ਦਫ਼ਤਰਾਂ ਵਿੱਚੋਂ ਭ੍ਰਿਸ਼ਟਾਚਾਰ ਦੇ ਅਮਲ ਨੂੰ ਰੋਕਣ ਦੇ ਉਦੇਸ਼ ਨਾਲ ਪੰਜਾਬ ਵਿਜੀਲੈਂਸ ਬਿਊਰੋ ਨੇ ਰੀਜ਼ਨਲ ਟਰਾਂਸਪੋਰਟ ਅਥਾਰਟੀ (ਆਰਟੀਏ) ਗੁਰਦਾਸਪੁਰ, ਸਟੇਟ ਇੰਸਟੀਚਿਊਟ ਆਫ਼ ਆਟੋਮੋਬਾਈਲ ਐਂਡ ਡਰਾਈਵਿੰਗ ਸਕਿੱਲ ਸੈਂਟਰ, ਮਹੂਆਣਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਮੁਲਾਜ਼ਮਾਂ ਅਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਕੰਮ ਕਰ ਰਹੇ ਪ੍ਰਾਈਵੇਟ ਦਸਤਾਵੇਜ਼ ਏਜੰਟਾਂ ਵਿਚਕਾਰ ਮਿਲੀਭੁਗਤ ਦਾ ਪਰਦਾਫਾਸ਼ ਕਰਦਿਆਂ ਹੈਵੀ ਡਰਾਇਵਿੰਗ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਵਾਲੇ ਇੱਕ ਵੱਡੇ ਅਤੇ ਫਰਜ਼ੀ ਭ੍ਰਿਸ਼ਟਾਚਾਰ ਰੈਕੇਟ ਨੂੰ ਬੇਨਕਾਬ ਕੀਤਾ ਹੈ। ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਨੇ ਸੱਤ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ, ਜਿਨ੍ਹਾਂ ਵਿੱਚੋਂ ਮੋਟਰ ਵਹੀਕਲ ਇੰਸਪੈਕਟਰ (ਐਮਵੀਆਈ) ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



ਅੱਜ ਇੱਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪਠਾਨਕੋਟ ਦੇ ਰਹਿਣ ਵਾਲੇ ਇੱਕ ਵਿਅਕਤੀ ਤੋਂ ਮਿਲੀ ਸ਼ਿਕਾਇਤ ’ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਨੇ ਆਰਟੀਏ, ਗੁਰਦਾਸਪੁਰ ਵਿਖੇ ਡਾਟਾ ਐਂਟਰੀ ਆਪਰੇਟਰ ਪ੍ਰਤਿਭਾ ਸ਼ਰਮਾ ਵਿਰੁੱਧ ਡੂੰਘਾਈ ਨਾਲ ਜਾਂਚ ਸ਼ੁਰੂ ਕੀਤੀ ਸੀ। ਹੁਣ ਤੱਕ ਦੀ ਜਾਂਚ ਦੇ ਆਧਾਰ ’ਤੇ ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ, ਆਈਪੀਸੀ ਅਤੇ ਆਈਟੀ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਐਫਆਈਆਰ ਨੰਬਰ 32 ਮਿਤੀ 4 ਅਗਸਤ, 2025 ਦਰਜ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਤਫਤੀਸ਼ ਤੋਂ ਪਤਾ ਲੱਗਾ ਹੈ ਕਿ ਐਸਆਈਡੀਐਸ ਸੈਂਟਰ ਮਹੂਆਣਾ ਦੁਆਰਾ ਜਾਰੀ ਕੀਤੇ ਗਏ 51 ਡਰਾਈਵਿੰਗ ਸਿਖਲਾਈ ਸਰਟੀਫਿਕੇਟਾਂ ਵਿੱਚੋਂ 23 ਜਾਅਲੀ ਪਾਏ ਗਏ ਕਿਉਂਕਿ ਸਿਰਫ਼ 27 ਜਾਇਜ਼ ਸਰਟੀਫਿਕੇਟ ਨੰਬਰ ਰਿਕਾਰਡ ਵਿੱਚ ਸਨ। ਦੱਸਣਯੋਗ ਹੈ ਕਿ ਸਿਸਟਮ ਜਨਰੇਟਿਡ ਫੀਲਡ ਜਿਵੇਂ ਵਿਲੱਖਣ ਸਰਟੀਫਿਕੇਟ ਨੰਬਰ, ਕਿਊਆਰ ਕੋਡ ਅਤੇ ਰਸੀਦ ਨੰਬਰ ’ਚ ਸ਼ਾਮਲ ਮੋਬਾਈਲ ਨੰਬਰ, ਜੋ ਕਿ ਪ੍ਰਮਾਣਿਕਤਾ ਦੇ ਮਹੱਤਵਪੂਰਨ ਮਾਪਦੰਡ ਹਨ, ਨੂੰ ਸਿਰਫ਼ ਸੰਸਥਾ ਦੇ ਮੁਲਾਜ਼ਮਾਂ ਦੁਆਰਾ ਹੀ ਬਦਲਿਆ ਜਾ ਸਕਦਾ ਸੀ। ਇਨ੍ਹਾਂ ਮਾਪਦੰਡਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜੀ ਤੋਂ ਧੋਖਾਧੜੀ ਦੇ ਅਮਲ ਦਾ ਪਤਾ ਲਗਦਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਜਾਂਚ ਵਿੱਚ ਕੁਲਬੀਰ ਡਾਕੂਮੈਂਟਸ ਸੈਂਟਰ, ਸ਼ੈਲੀ ਡਾਕੂਮੈਂਟਸ ਸੈਂਟਰ, ਜੀਐਮਡੀ ਡਾਕੂਮੈਂਟਸ ਸੈਂਟਰ ਅਤੇ ਪੰਜਾਬ ਡਾਕੂਮੈਂਟਸ ਸਮੇਤ ਪ੍ਰਾਈਵੇਟ ਏਜੰਟਾਂ ਦੀ ਭੂਮਿਕਾ ਦਾ ਪਤਾ ਲੱਗਾ ਹੈ, ਜਿਨ੍ਹਾਂ ਨੇ ਰਿਸ਼ਵਤ ਬਦਲੇ ਬਿਨੈਕਾਰਾਂ ਨੂੰ ਜਾਅਲੀ ਦਸਤਾਵੇਜ਼ ਦੇਣ ਵਿੱਚ ਮਦਦ ਕੀਤੀ। ਵਿੱਤੀ ਲੈਣ-ਦੇਣ ਤੋਂ ਪਤਾ ਲੱਗਿਆ ਕਿ ਇਨ੍ਹਾਂ ਏਜੰਟਾਂ ਵੱਲੋਂ ਸਾਬਕਾ ਆਰਟੀਏ ਡੇਟਾ ਐਂਟਰੀ ਆਪਰੇਟਰ ਰਾਕੇਸ਼ ਕੁਮਾਰ, ਜੋ ਹੁਣ ਐਸਡੀਐਮ ਦਫਤਰ ਬਟਾਲਾ ਵਿਖੇ ਤਾਇਨਾਤ ਹੈ ਅਤੇ ਉਕਤ ਪ੍ਰਤਿਭਾ ਸ਼ਰਮਾ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਭੁਗਤਾਨ ਕੀਤੇ ਗਏ ਸਨ। ਐਸਆਈਏਡੀਐਸ ਮਹੂਆਣਾ ਵਿਖੇ ਲਾਈਟ ਮੋਟਰ ਵਹੀਕਲ (ਐਲਐਮਵੀ) ਇੰਸਟਰਕਟਰ ਅਤੇ ਜੀਆਈ ਡਰਾਈਵਿੰਗ ਇੰਚਾਰਜ, ਸੁਖਦੇਵ ਸਿੰਘ ਨੇ ਜਾਅਲੀ ਸਰਟੀਫਿਕੇਟ ਤਿਆਰ ਕਰਨ ਲਈ ਸਿਸਟਮ ਤੱਕ ਆਪਣੀ ਪਹੁੰਚ ਦੀ ਦੁਰਵਰਤੋਂ ਕਰਦਿਆਂ ਗੈਰ-ਕਾਨੂੰਨੀ ਢੰਗ ਨਾਲ ਪ੍ਰਤੀ ਸਰਟੀਫਿਕੇਟ 430 ਰੁਪਏ ਵਸੂਲ ਕੇ ਸਰਕਾਰੀ ਖਜ਼ਾਨੇ ਨੂੰ ਵਿੱਤੀ ਨੁਕਸਾਨ ਪਹੁੰਚਾਇਆ।

ਇਸ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਨੇ ਚਾਰ ਮੁੱਖ ਮੁਲਜ਼ਮਾਂ-ਗੁਰਦਾਸਪੁਰ ਦੇ ਪਿੰਡ ਮੈਦੋਵਾਲ ਕਲਾਂ ਦਾ ਵਸਨੀਕ ਅਤੇ ਐਮਵੀਆਈ ਅਤੇ ਜੀਆਈ ਡਰਾਈਵਿੰਗ ਇੰਚਾਰਜ ਐਸਆਈਏਡੀਐਸ ਸੈਂਟਰ ਸੁਖਦੇਵ ਸਿੰਘ, ਸ਼ੈਲੀ ਡਾਕੂਮੈਂਟ ਸੈਂਟਰ ਦੇ ਅਮਿਤ ਕੁਮਾਰ ਉਰਫ ਸ਼ੈਲੀ, ਪੰਜਾਬ ਡਾਕੂਮੈਂਟ ਦੇ ਜਗਪ੍ਰੀਤ ਸਿੰਘ ਅਤੇ ਰਾਕੇਸ਼ ਕੁਮਾਰ, ਜੋ ਕਿ ਇਸ ਸਮੇਂ ਬਟਾਲਾ ਵਿੱਚ ਤਾਇਨਾਤ ਹੈ, ਨੂੰ ਗ੍ਰਿਫ਼ਤਾਰ ਕੀਤਾ ਹੈ।

# ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਅੰਤਿਮ ਸੰਸਕਾਰ; ਛੋਟੇ ਪੁੱਤਰ ਬਸੰਤ ਸੋਰੇਨ ਨੇ ਚਿਤਾ ਨੂੰ ਦਿਖਾਈ ਅਗਨੀ

**ਚੰਡੀਗੜ੍ਹ, 6 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਅੱਜ ਯਾਨੀ ਮੰਗਲਵਾਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਨਾਮਰਾ (ਰਾਮਗੜ੍ਹ) ਵਿੱਚ ਅੰਤਿਮ ਸੰਸਕਾਰ ਕੀਤਾ ਗਿਆ। ਉਨ੍ਹਾਂ ਦੇ ਛੋਟੇ ਪੁੱਤਰ ਬਸੰਤ ਸੋਰੇਨ ਨੇ ਚਿਤਾ ਨੂੰ ਅਗਨੀ ਦਿਖਾਈ।

ਸਸਕਾਰ ਦੌਰਾਨ ਲੋਕਾਂ ਨੇ ਸ਼ਿਬੂ ਸੋਰੇਨ ਅਮਰ ਰਹੇ ਦੇ ਨਾਅਰੇ ਲਾਏ। ਝਾਰਖੰਡ ਦੀ ਰਾਜਧਾਨੀ ਰਾਂਚੀ ਤੋਂ ਰਾਮਗੜ੍ਹ ਜਾਂਦੇ ਸਮੇਂ ਲੋਕਾਂ ਨੇ ਕਈ ਥਾਵਾਂ ’ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਦੇ ਕਰੀਬੀਆਂ ਨੇ ਸੜਕ ਕਿਨਾਰੇ ਖੜ੍ਹੇ ਹੋ ‘ਸ਼ਿਬੂ ਸੋਰੇਨ ਅਮਰ ਰਹੇ’ ਦੇ ਨਾਅਰੇ ਲਾਏ।

ਇਸ ਤੋਂ ਪਹਿਲਾਂ ਅੱਜ ਸਵੇਰੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਮੋਰਹਾਬਾਦੀ ਸਥਿਤ ਉਨ੍ਹਾਂ ਦੇ ਨਿਵਾਸ ਸਥਾਨ ’ਤੇ ‘ਗੁਰੂ ਜੀ’ ਨੂੰ ਅੰਤਿਮ ਸ਼ਰਧਾਂਜਲੀ ਦਿੱਤੀ ਗਈ। ਗ਼ੌਰਤਲਬ ਹੈ ਕਿ ਲੋਕ ਉਨ੍ਹਾਂ ਨੂੰ ਸਤਿਕਾਰ ਨਾਲ ‘ਗੁਰੂ ਜੀ’ ਕਹਿੰਦੇ ਸਨ।

ਦੱਸ ਦਈਏ ਕਿ ਸਾਬਕਾ ਮੁੱਖ ਮੰਤਰੀ ਚੰਪਾਈ ਸੋਰੇਨ, ਸੰਸਦ ਮੈਂਬਰ ਪੱਪੂ ਯਾਦਵ, ‘ਆਪ’ ਦੇ ਸੰਸਦ ਮੈਂਬਰ ਸੰਜੇ ਸਿੰਘ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਰਾਂਚੀ ਪਹੁੰਚੇ। ਇਸ ਤੋਂ ਇਲਾਵਾ ਕਾਂਗਰਸ ਪ੍ਰਧਾਨ ਖੜਗੇ ਅਤੇ ਰਾਹੁਲ ਗਾਂਧੀ ਵੀ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ। ਸ਼ਿਬੂ ਸੋਰੇਨ ਨੇ ਸੋਮਵਾਰ ਸਵੇਰੇ 8:56 ਵਜੇ ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ ਵਿੱਚ ਆਖਰੀ ਸਾਹ ਲਏ ਸਨ। 81 ਸਾਲਾ ਸ਼ਿਬੂ ਸੋਰੇਨ ਦਿਲ, ਗੁਰਦੇ ਅਤੇ ਫੇਫੜਿਆਂ ਦੀ ਬਿਮਾਰੀ ਤੋਂ ਪੀੜਤ ਸਨ।

# ਸਾਬਕਾ ਰਾਜਪਾਲ ਸੱਤਿਆ ਪਾਲ ਮਲਿਕ ਦਾ ਦੇਹਾਂਤ



**ਨਵੀਂ ਦਿੱਲੀ, 6 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਕਸ਼ਮੀਰ ਦੇ ਸਾਬਕਾ ਤੇ ਆਖਰੀ ਰਾਜਪਾਲ ਸੱਤਿਆ ਪਾਲ ਮਲਿਕ ਦਾ ਅੱਜ ਦੇਹਾਂਤ ਹੋ ਗਿਆ। ਉਹ ਪਿਛਲੇ ਲੰਮੇ ਸਮੇਂ ਤੋਂ ਬਿਮਾਰ ਹੋਣ ਕਰਕੇ ਹਸਪਤਾਲ ਵਿਚ ਜ਼ੇਰੇ ਇਲਾਜ ਸਨ। ਉਨ੍ਹਾਂ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਦੁਪਹਿਰੇ ਇਕ ਵਜੇ ਆਖਰੀ ਸਾਹ ਲਏ। ਉਹ 79 ਸਾਲ ਦੇ ਸਨ। ਇਸ ਤੋਂ ਪਹਿਲਾਂ ਪਿਛਲੇ ਮਹੀਨੇ ਸੋਸ਼ਲ ਮੀਡੀਆ ’ਤੇ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਫੈਲੀ ਸੀ, ਜੋ ਮਗਰੋਂ ਫ਼ਰਜ਼ੀ ਨਿਕਲੀ।

# ਅਨਿਲ ਅੰਬਾਨੀ ਈਡੀ ਅੱਗੇ ਪੇਸ਼



**ਨਵੀਂ ਦਿੱਲੀ, 6 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ(66) ਮੰਗਲਵਾਰ ਨੂੰ ਆਪਣੇ ਸਮੂਹ ਦੀਆਂ ਕੰਪਨੀਆਂ ਖਿਲਾਫ਼ ਕਰੋੜਾਂ ਰੁਪਏ ਦੇ ਕਥਿਤ ਕਈ ਬੈਂਕ ਲੋਨ ਧੋਖਾਧੜੀ ਮਾਮਲਿਆਂ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿੱਚ ਪੁੱਛ-ਪੜਤਾਲ ਲਈ ਅੱਜ ਇੱਥੇ ਐਨਫੋਰਸਮੈਂਟ ਡਾਇਰੈਕਟੋਰੇਟ(54) ਅੱਗੇ ਪੇਸ਼ ਹੋਏ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਅਨਿਲ ਅੰਬਾਨੀ ਸਵੇਰੇ 11 ਵਜੇ ਦੇ ਕਰੀਬ ਕੇਂਦਰੀ ਦਿੱਲੀ ਵਿੱਚ ਕੇਂਦਰੀ ਜਾਂਚ ਏਜੰਸੀ ਦੇ ਦਫ਼ਤਰ ਪਹੁੰਚੇ। ਈਡੀ ਕਾਰੋਬਾਰੀ ਅਨਿਲ ਅੰਬਾਨੀ ਦਾ ਬਿਆਨ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀਐਮਐਲਏ) ਤਹਿਤ ਦਰਜ ਕਰੇਗੀ।

# ਸੰਧਵਾਂ ਵੱਲੋਂ ਮਲਿਕ ਦੇ ਦੇਹਾਂਤ ’ਤੇ ਦੁੱਖ ਪ੍ਰਗਟਾਵਾ

**ਚੰਡੀਗੜ੍ਹ, 6 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਦੇ ਦੇਹਾਂਤ ’ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਕਿਸਾਨ ਅੰਦੋਲਨ ਦੇ ਪੱਖ ਵਿੱਚ ਡੱਟ ਕੇ ਖਲੋਣ ਅਤੇ ਆਵਾਜ਼ ਬੁਲੰਦ ਕਰਨ ਵਾਲੇ ਸੱਤਪਾਲ ਮਲਿਕ ਹਮੇਸ਼ਾ ਸਾਡੇ ਦਿਲਾਂ ਵਿੱਚ ਵਸਦੇ ਰਹਿਣਗੇ।

# ਸੁਪਰੀਮ ਕੋਰਟ ਦੇ ਜੱਜ ਇਹ ਤੈਅ ਨਹੀਂ ਕਰ ਸਕਦੇ ਕਿ ਸੱਚਾ ਭਾਰਤੀ ਕੌਣ ਹੈ: ਪ੍ਰਿਯੰਕਾ ਗਾਂਧੀ

**ਨਵੀਂ ਦਿੱਲੀ, 6 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਵੱਲੋਂ ਫੌਜ ਬਾਰੇ ਟਿੱਪਣੀਆਂ ਨੂੰ ਲੈ ਕੇ ਰਾਹੁਲ ਗਾਂਧੀ ਨੂੰ ਫਟਕਾਰ ਲਗਾਉਣ ਤੋਂ ਬਾਅਦ ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਮੰਗਲਵਾਰ ਨੂੰ ਆਪਣੇ ਭਰਾ ਦੇ ਸਮਰਥਨ ਵਿੱਚ ਆਈ। ਉਨ੍ਹਾਂ ਕਿਹਾ ਕਿ ਇਹ ਸੁਪਰੀਮ ਕੋਰਟ ਦੇ ਜੱਜਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ ਕਿ ਉਹ ਇਹ ਫੈਸਲਾ ਕਰਨ ਕਿ ਕੌਣ ਸੱਚਾ ਭਾਰਤੀ ਹੈ।




ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਭਰਾ ਫੌਜ ਦਾ ਸਭ ਤੋਂ ਵੱਧ ਸਤਿਕਾਰ ਕਰਦਾ ਹੈ ਅਤੇ ਕਦੇ ਵੀ ਇਸ ਦੇ ਵਿਰੁੱਧ ਕੁਝ ਨਹੀਂ ਕਹੇਗਾ। ਵਾਇਨਾਡ ਦੀ ਸੰਸਦ ਮੈਂਬਰ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਸਰਕਾਰ ਤੋਂ ਸਵਾਲ ਪੁੱਛਣਾ ਰਾਹੁਲ ਗਾਂਧੀ ਦਾ ਫਰਜ਼ ਹੈ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਦਸੰਬਰ 2022 ਵਿੱਚ ਆਪਣੀ ਭਾਰਤ ਜੋੜੋ ਯਾਤਰਾ ਦੌਰਾਨ ਫੌਜ ਬਾਰੇ ਕੀਤੀਆਂ ਟਿੱਪਣੀਆਂ ਨੂੰ ਲੈ ਕੇ ਲਖਨਊ ਦੀ ਇੱਕ ਅਦਾਲਤ ਵਿੱਚ ਗਾਂਧੀ ਵਿਰੁੱਧ ਚੱਲ ਰਹੀ ਕਾਰਵਾਈ ’ਤੇ ਰੋਕ ਲਗਾ ਦਿੱਤੀ ਸੀ। ਹਾਲਾਂਕਿ, ਸੁਪਰੀਮ ਕੋਰਟ ਨੇ ਕਾਂਗਰਸ ਨੇਤਾ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਜੇਕਰ ਉਹ ਸੱਚੇ ਭਾਰਤੀ ਹੁੰਦੇ, ਤਾਂ ਉਹ ਅਜਿਹੀ ਗੱਲ ਨਾ ਕਹਿੰਦੇ।

ਸੁਪਰੀਮ ਕੋਰਟ ਦੀਆਂ ਟਿੱਪਣੀਆਂ ਬਾਰੇ ਪੁੱਛੇ ਜਾਣ ’ਤੇ ਪ੍ਰਿਯੰਕਾ ਗਾਂਧੀ ਨੇ ਸੰਸਦ ਭਵਨ ਕੰਪਲੈਕਸ ਵਿੱਚ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਕਿਹਾ, “ਮੇਰਾ ਭਰਾ ਫੌਜ ਦੇ ਖਿਲਾਫ਼ ਕਦੇ ਕੁਝ ਨਹੀਂ ਕਹੇਗਾ। ਉਹ ਫੌਜ ਦਾ ਬਹੁਤ ਜ਼ਿਆਦਾ ਸਤਿਕਾਰ ਕਰਦੇ ਹਨ। ਇਸ ਲਈ ਇਹ (ਉਨ੍ਹਾਂ ਦੀਆਂ ਟਿੱਪਣੀਆਂ ਦਾ) ਗਲਤ ਅਰਥ ਕੱਢਿਆ ਗਿਆ ਹੈ।”

ਭਾਜਪਾ ਨੇ ਸੋਮਵਾਰ ਨੂੰ ਰਾਹੁਲ ਗਾਂਧੀ ’ਤੇ ਤਨਜ਼ ਕੱਸਦਿਆਂ ਕਿਹਾ ਕਿ ਉਨ੍ਹਾਂ ਨੇ ਚੀਨ ਨੂੰ ਮਜ਼ਬੂਤ ਕਰਨ ਦੀ ਸਹੁੰ ਖਾਧੀ ਹੈ, ਜਦਕਿ ਕਾਂਗਰਸ ਨੇ ਦਾਅਵਾ ਕੀਤਾ ਕਿ ਗਲਵਾਨ ਘਟਨਾ ਤੋਂ ਬਾਅਦ ਹਰ ਦੇਸ਼ ਭਗਤ ਭਾਰਤੀ ਨੇ ਜਵਾਬ ਮੰਗੇ ਹਨ ਪਰ ਸਰਕਾਰ ਨੇ "DDLJ - ਇਨਕਾਰ, ਧਿਆਨ ਭਟਕਾਉਣਾ, ਝੂਠ ਬੋਲਣਾ ਅਤੇ ਸਹੀ ਠਹਿਰਾਉਣਾ ਦੀ ਆਪਣੀ ਨੀਤੀ ਨਾਲ ਸੱਚ ’ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ।

# ਡੇਰਾਬੱਸੀ ਪੁਲਿਸ ਵੱਲੋਂ ਗੋਲੀਬਾਰੀ ਮਗਰੋਂ ਲਾਰੈਂਸ ਬਿਸ਼ਨੋਈ ਗਰੋਹ ਦੇ ਦੋ ਗੈਂਗਸਟਰ ਕਾਬੂ

**ਡੇਰਾਬੱਸੀ, 6 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਪੁਲੀਸ ਨੇ ਇਥੋਂ ਦੀ ਗੁਲਾਬਗੜ੍ਹ ਰੋਡ ’ਤੇ ਸਥਿਤ ਇਕ ਪੀਜੀ ਵਿੱਚ ਲੁਕ ਕੇ ਰਹਿ ਰਹੇ ਲਾਰੈਂਸ ਬਿਸ਼ਨੋਈ ਗੈਂਗ (Lawrence Bishnoi gang) ਦੇ ਦੋ ਗੈਂਗਸਟਰਾਂ ਨੂੰ ਕਾਬੂ ਕੀਤਾ ਹੈ। ਜਦੋਂ ਪੁਲੀਸ ਗੈਂਗਸਟਰਾਂ ਨੂੰ ਕਾਬੂ ਕਰਨ ਲੱਗੀ ਤਾਂ ਉਨ੍ਹਾਂ ਨੇ ਪੁਲੀਸ ਪਾਰਟੀ ਉਤੇ ਫਾਇਰ ਕਰ ਦਿੱਤਾ। ਇਸ ਦੌਰਾਨ ਜਵਾਬੀ ਕਾਰਵਾਈ ਤਹਿਤ ਪੁਲੀਸ ਦੀ ਫਾਇਰਿੰਗ ਵਿਚ ਇਕ ਗੈਂਗਸਟਰ ਜ਼ਖ਼ਮੀ ਹੋ ਗਿਆ, ਜਿਸ ਦੀ ਪਛਾਣ ਸੁਮੀਤ ਬਿਸ਼ਨੋਈ ਵਾਸੀ ਰਾਜਸਥਾਨ ਵਜੋਂ ਹੋਈ ਹੈ। ਦੂਜੇ ਗੈਂਗਸਟਰ ਦੀ ਸ਼ਨਾਖ਼ਤ ਪੰਕਜ, ਵਾਸੀ ਸੋਨੀਪਤ ਹਰਿਆਣਾ ਦੇ ਰੂਪ ਵਿੱਚ ਹੋਈ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ



ਐੱਸਪੀ (ਡੀ) ਸੌਰਵ ਜਿੰਦਲ ਅਤੇ ਡੀਐਸਪੀ ਬਿਕਰਮਜੀਤ ਸਿੰਘ ਬਰਾੜ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਗੁਲਾਬਗੜ੍ਹ ਰੋਡ ’ਤੇ ਸਥਿਤ ਇਕ ਪੀਜੀ ਵਿੱਚ ਕੁਝ ਗੈਂਗਸਟਰ ਲੁਕੇ ਹੋਏ ਹਨ। ਜਦ ਉਨ੍ਹਾਂ ਨੇ ਪੀਜੀ ਦੀ ਪਹਿਲੀ ਮੰਜ਼ਿਲ ’ਤੇ ਸਥਿਤ ਕਮਰੇ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰ ਲੁਕੇ ਗੈਂਗਸਟਰ ਨੇ ਪੁਲੀਸ ਪਾਰਟੀ ਨੂੰ ਦੇਖ ਕੇ ਫਾਇਰ ਕਰ ਦਿੱਤਾ। ਇਸ ਦੌਰਾਨ ਪੁਲੀਸ ਨੇ ਜਵਾਬੀ ਕਾਰਵਾਈ ਕੀਤੀ ਤਾਂ ਫਾਇਰ ਕਰਨ ਵਾਲਾ ਸੁਮੀਤ ਬਿਸ਼ਨੋਈ ਜ਼ਖ਼ਮੀ ਹੋ ਗਿਆ। ਇਸ ਮਗਰੋਂ ਪੁਲੀਸ ਨੇ ਦੋਵਾਂ ਨੂੰ ਕਾਬੂ ਕਰ ਲਿਆ। ਦੋਸ਼ੀਆਂ ਤੋਂ ਪੁਲੀਸ ਨੇ ਇਕ ਦੇਸੀ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਪੁਲੀਸ ਨੇ ਦੱਸਿਆ ਕਿ ਮੁਲਜ਼ਮ ਸੁਮੀਤ ਬਿਸ਼ਨੋਈ ਨੇ ਆਪਣੇ ਦੋ ਹੋਰ ਸਾਥੀਆਂ ਨਾਲ ਰਾਜਸਥਾਨ ਦੇ ਹਨੂੰਮਾਨਗੜ੍ਹ ਵਿੱਚ ਮਹਾਂਵੀਰ ਨਾਂਅ ਦੇ ਇਕ 35 ਸਾਲਾ ਨੌਜਵਾਨ ਦਾ ਕਤਲ ਕਰ ਦਿੱਤਾ ਸੀ। ਰਾਜਸਥਾਨ ਪੁਲੀਸ ਨੇ ਬਾਕੀ ਦੋ ਕਾਤਲਾਂ ਨੂੰ ਕਾਬੂ ਕਰ ਲਿਆ ਸੀ ਜਦਕਿ ਸੁਮੀਤ ਫ਼ਰਾਰ ਚਲ ਰਿਹਾ ਸੀ। ਉਹ 22 ਜੁਲਾਈ ਤੋਂ ਇਥੇ ਪੰਕਜ ਨਾਲ ਲੁਕਿਆ ਹੋਇਆ ਸੀ।

ਉਨ੍ਹਾਂ ਨੇ ਕਿਹਾ ਕਿ ਪੁਲੀਸ ਜਾਂਚ ਕਰ ਰਹੀ ਹੈ ਕਿ ਇਹ ਇਥੇ ਕਿਵੇਂ ਆਏ ਅਤੇ ਇੱਥੇ ਕਿਹੜੀ ਵਾਰਦਾਤ ਨੂੰ ਅੰਜਾਮ ਦੇਣਾ ਚਾਹੁੰਦੇ ਸਨ।

# ਪੰਜਾਬ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 6 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੀ ਉਦਯੋਗਿਕ ਨੀਤੀ ਨੂੰ ਮਜ਼ਬੂਤ ਕਰਨ ਅਤੇ ਕਾਰੋਬਾਰ ਕਰਨ ਦੀ ਸੌਖ ਨੂੰ ਬਿਹਤਰ ਬਣਾਉਣ ਦੇ ਮੱਦੇਨਜ਼ਰ ਉਦਯੋਗ ਮਾਹਿਰਾਂ ਤੋਂ ਸੁਝਾਅ ਇਕੱਠੇ ਕਰਨ ਦੀ ਪੰਜਾਬ ਸਰਕਾਰ ਦੀ ਪਹਿਲਕਦਮੀ ਨੂੰ ਜਾਰੀ ਰੱਖਦੇ ਹੋਏ, ਪੰਜਾਬ ਦੇ ਕੈਬਨਿਟ ਮੰਤਰੀ ਸ਼ ?ਰੀ ਸੰਜੀਵ ਅਰੋੜਾ ਨੇ ਅੱਜ ਪੰਦਰਾਂ ਹੋਰ ਸੈਕਟਰਲ ਕਮੇਟੀਆਂ ਦੇ ਗਠਨ ਦਾ ਐਲਾਨ ਕੀਤਾ, ਜਿਸ ਨਾਲ ਕਮੇਟੀਆਂ ਦੀ ਕੁੱਲ ਗਿਣਤੀ ਹੁਣ 24 ਹੋ ਗਈ ਹੈ। ਅੱਜ ਦੇ ਐਲਾਨ ਤੋਂ ਬਾਅਦ ਮੰਤਰੀ ਵੱਲੋਂ ਐਲਾਨੀਆਂ ਗਈਆਂ ਕਮੇਟੀਆਂ ਦੀ ਇਹ ਅੰਤਿਮ ਸੂਚੀ ਹੈ।

ਸ਼੍ਰੀ ਅਰੋੜਾ ਨੇ ਮੰਗਲਵਾਰ ਨੂੰ ਇੱਥੇ ਪ੍ਰੈਸ ਕਾਨਫਰੰਸ ਵਿੱਚ ਇਹ ਐਲਾਨ ਕੀਤਾ ਅਤੇ ਕਿਹਾ ਕਿ ਨਵੀਆਂ ਬਣੀਆਂ ਕਮੇਟੀਆਂ ਵਿੱਚ ਵਿਭਿੰਨ ਉਦਯੋਗਿਕ ਖੇਤਰਾਂ ਦੇ ਮੈਂਬਰ ਸ਼ਾਮਲ ਹਨ ਅਤੇ ਇਹ ਖੇਤਰ -ਵਿਸ਼ੇਸ਼ ਨੀਤੀਗਤ ਉਪਾਵਾਂ ਦੀ ਸਿਫ਼ਾਰਸ਼ ਕਰਨ ਲਈ ਥਿੰਕ ਟੈਂਕ ਵਜੋਂ ਕੰਮ ਕਰਨਗੀਆਂ। ਨਵੀਆਂ ਕਮੇਟੀਆਂ ਆਈ.ਟੀ. ਸੈਕਟਰ, ਸਾਈਕਲ ਉਦਯੋਗ, ਆਟੋ ਅਤੇ ਆਟੋ ਕੰਪੋਨੈਂਟਸ, ਇਲੈਕਟ੍ਰਿਕ ਵਾਹਨ, ਨਵਿਆਉਣਯੋਗ ਊਰਜਾ, ਸਟੀਲ ਅਤੇ ਰੋਲਿੰਗ ਮਿੱਲਾਂ, ਪਲਾਸਟਿਕ ਅਤੇ ਰਸਾਇਣਕ ਉਤਪਾਦ, ਲੌਜਿਸਟਿਕਸ ਅਤੇ ਵੇਅਰਹਾਊਸਿੰਗ, ਫਿਲਮ ਮੀਡੀਆ, ਫਾਰਮਾਸਿਊਟੀਕਲ ਅਤੇ ਬਾਇਓਟੈਕਨਾਲੋਜੀ, ਯੂਨੀਵਰਸਿਟੀਆਂ ਅਤੇ ਕੋਚਿੰਗ ਸੰਸਥਾਵਾਂ, ਹਸਪਤਾਲ ਅਤੇ ਸਿਹਤ ਸੰਭਾਲ, ਸਟਾਰਟਅੱਪ, ਪ੍ਰਚੂਨ ਅਤੇ ਈ.ਐਸ.ਡੀ.ਐਮ.-ਇਲੈਕਟ ?ਰਾਨਿਕਸ ਸਿਸਟਮ ਡਿਜ਼ਾਈਨ ਅਤੇ ਨਿਰਮਾਣ ’ਤੇ ਕੇਂਦ੍ਰਿਤ ਹਨ।

ਨਵੀਆਂ ਗਠਿਤ 15 ਕਮੇਟੀਆਂ ਦੇ ਚੇਅਰਮੈਨ ਹੇਠ ਲਿਖੇ ਅਨੁਸਾਰ ਹਨ: ਪ੍ਰਤਾਪ ਅਗਰਵਾਲ (ਆਈਡੀਐਸ ਇਨਫੋਟੈਕ, ਮੋਹਾਲੀ) - ਆਈਟੀ ਸੈਕਟਰ, ਓਂਕਾਰ ਸਿੰਘ ਪਾਹਵਾ (ਏਵਨ ਸਾਈਕਲ, ਲੁਧਿਆਣਾ) - ਸਾਈਕਲ ਉਦਯੋਗ, ਪਰਿਤੋਸ਼ ਗਰਗ (ਹੈਪੀ ਫੋਰਜਿੰਗਜ਼, ਲੁਧਿਆਣਾ)- ਆਟੋ ਅਤੇ ਆਟੋ ਕੰਪੋਨੈਂਟਸ, ਇੰਦਰਵੀਰ ਸਿੰਘ (ਈਵੇਜ ਮੋਟਰਜ਼, ਮੋਹਾਲੀ)- ਇਲੈਕਟ੍ਰਿਕ ਵਾਹਨ, ਅਸ਼ੀਸ਼ ਕੁਮਾਰ (ਵਰਬੀਓ, ਸੰਗਰੂਰ)- ਨਵਿਆਉਣਯੋਗ ਊਰਜਾ, ਸਚਿਤ ਜੈਨ (ਵਰਧਮਾਨ ਸਟੀਲ, ਲੁਧਿਆਣਾ)- ਸਟੀਲ ਐਂਡ ਰੋਲਿੰਗ ਮਿੱਲਜ਼, ਅਭੀ ਬਾਂਸਲ (ਐਸੋਚੈਮ ਅਤੇ ਐਮ.ਡੀ. ਸਰਸਵਤੀ ਐਗਰੋ ਕੈਮੀਕਲਜ਼, ਐਸ.ਏ.ਐਸ. ਨਗਰ)- ਪਲਾਸਟਿਕ ਅਤੇ ਰਸਾਇਣਕ ਉਤਪਾਦ, ਅਸ਼ਵਨੀ ਨਈਅਰ (ਕੈਪਟਨ) ਅਤੇ (ਹਿੰਦ ਟਰਮੀਨਾ ਲੁਧਿਆਣਾ)-ਲਾਜਿਸਟਿਕਸ ਐਂਡ ਵੇਅਰਹਾਊਸਿੰਗ , ਦਿਨੇਸ਼ ਔਲਕ (ਸਪੀਡ ਰਿਕਾਰਡ) - ਫਿਲਮ ਮੀਡੀਆ, ਵਰਿੰਦਰ ਗੁਪਤਾ (ਆਈ.ਓ.ਐਲ. ਕੈਮੀਕਲਜ਼ ਐਂਡ ਫਾਰਮਾਸਿਊਟੀਕਲਜ਼, ਬਰਨਾਲਾ)- ਫਾਰਮਾਸਿਊਟੀਕਲ ਅਤੇ ਬਾਇਓਟੈਕਨਾਲੋਜੀ, ਜਸਪਾਲ ਸਿੰਘ ਸੰਧੂ (ਡਾ.) (ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਜਲੰਧਰ)- ਯੂਨੀਵਰਸਿਟੀਆਂ ਅਤੇ ਕੋਚਿੰਗ ਸੰਸਥਾਵਾਂ, ਬਿਸ਼ਵ ਮੋਹਨ (ਡਾ.) (ਡੀ.ਐਮ.ਸੀ. ਲੁਧਿਆਣਾ)- ਹਸਪਤਾਲ ਅਤੇ ਸਿਹਤ ਸੰਭਾਲ, ਮਮਤਾ ਭਾਰਦਵਾਜ (ਨਿਊਰੋਨ, ਪੰਜਾਬ ਸਟਾਰਟਅੱਪ ਹੱਬ)- ਸਟਾਰਟਅੱਪ, ਉਮੰਗ ਜਿੰਦਲ (ਹੋਮ ਲੈਂਡ ਗਰੁੱਪ)- ਰਿਟੇਲ, ਕਮਲਜੀਤ ਸਿੰਘ (ਡਾ.) (ਸੈਮੀਕੰਡਕਟਰ ਲੈਬਾਰਟਰੀ ਲਿਮਟਿਡ)- ਈ.ਐਸ.ਡੀ.ਐਮ.-ਇਲੈਕਟ ?ਰਾਨਿਕਸ ਸਿਸਟਮ ਡਿਜ਼ਾਈਨ ਅਤੇ ਨਿਰਮਾਣ।

ਕੌਮੀ ਪਤ੍ਰਿਕਾ

# ਮੁੱਖ ਮੰਤਰੀ ਵੱਲੋਂ ਸੂਬੇ ਵਿੱਚ 200 ਨਵੇਂ ਆਮ ਆਦਮੀ ਕਲੀਨਿਕ ਖੋਲ੍ਹਣ ਦਾ ਐਲਾਨ

## ਡਾਕਟਰ ਦੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਨੂੰ ਮਿਲਣ ਦੀ ਤਰੀਕ ਅਤੇ ਸਿਹਤ ਸੰਭਾਲ ਬਾਰੇ ਸਾਰੀ ਜਾਣਕਾਰੀ ਹੁਣ ਵਟਸਐਪ ਰਾਹੀਂ ਮਿਲੇਗੀ



**ਚੰਡੀਗੜ੍ਹ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਇਕ ਹੋਰ ਇਤਿਹਾਸਕ ਪਹਿਲਕਦਮੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਸੂਬੇ ਵਿੱਚ 200 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ ਤਾਂ ਕਿ ਲੋਕਾਂ ਨੂੰ ਇਲਾਜ ਲਈ ਦੂਰ-ਦੁਰਾਡੇ ਨਾ ਜਾਣਾ ਪਵੇ।

ਇੱਥੇ ਟੈਗੋਰ ਥੀਏਟਰ ਵਿਖੇ 881 ਆਮ ਆਦਮੀ ਕਲੀਨਿਕਾਂ ਨੂੰ 'ਵਟਸਐਪ ਚੈਟਬੋਟ' ਨਾਲ ਜੋੜਨ ਦੀ ਸ਼ੁਰੂਆਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਦੇਸ਼ ਦਾ ਸਭ ਤੋਂ ਸਫਲ ਸਿਹਤ ਮਾਡਲ ਸਾਬਤ ਹੋ ਰਿਹਾ ਹੈ ਜਿੱਥੇ ਮਰੀਜ਼ਾਂ ਦਾ ਸਾਰਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਛੇਤੀ ਹੀ 200 ਆਮ ਆਦਮੀ ਕਲੀਨਿਕ ਕਾਰਜਸ਼ੀਲ ਕਰੇਗੀ ਜਿਸ ਨਾਲ ਸੂਬੇ ਵਿੱਚ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਵਧ ਕੇ 1081 ਹੋ ਜਾਵੇਗੀ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਵੇਲੇ 565 ਆਮ ਆਦਮੀ ਕਲੀਨਿਕਾਂ ਪੇਂਡੂ ਇਲਾਕਿਆਂ ਵਿੱਚ ਜਦਕਿ 316 ਕਲੀਨਿਕ ਸ਼ਹਿਰੀ ਇਲਾਕਿਆਂ ਵਿੱਚ ਹਨ ਜਿੱਥੇ ਹੋਰ ਰੋਜ਼ ਲਗਪਗ 70,000 ਮਰੀਜ਼ ਆਉਂਦੇ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਰਕਾਰੀ ਸਿਹਤ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਵਧ ਰਿਹਾ ਹੈ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਆਉਣ ਵਾਲੇ ਮਰੀਜ਼ਾਂ ਵਿੱਚੋਂ ਸਭ ਤੋਂ ਵੱਧ ਮਹਿਲਾਵਾਂ ਅਤੇ ਉਸ ਤੋਂ ਬਾਅਦ ਬਜ਼ੁਰਗਾਂ ਦੀ ਗਿਣਤੀ ਵੱਧ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਘਰ ਦੇ ਨੇੜੇ ਹੀ ਬਿਹਤਰ ਇਲਾਜ ਮੁਫ਼ਤ ਮਿਲ ਜਾਂਦਾ ਹੈ।

ਆਮ ਆਦਮੀ ਕਲੀਨਿਕਾਂ ਨੂੰ ਵਟਸਐਪ ਚੈਟਬੋਟ ਨਾਲ ਜੋੜਨ ਦੇ ਉਪਰਾਲੇ ਨੂੰ ਸਿਹਤ ਖੇਤਰ ਵਿੱਚ ਇਕ ਹੋਰ ਵੱਡੀ ਪ੍ਰਾਪਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਮਰੀਜ਼ ਜਦੋਂ ਚਾਹੁਣ, ਆਪਣੀਆਂ ਦਵਾਈਆਂ ਜਾਂ ਜਾਂਚ ਰਿਪੋਰਟਾਂ ਮੋਬਾਈਲ ਉਤੇ ਦੇਖ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਸਿਹਤ ਸਹੂਲਤਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਆਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਤਕਰੀਬਨ 90 ਫੀਸਦੀ ਪੰਜਾਬੀਆਂ ਕੋਲ ਸਮਾਰਟਫੋਨ ਹਨ ਜਿਸ ਕਰਕੇ ਵਟਸਐਪ ਰਾਹੀਂ ਉਨ੍ਹਾਂ ਕੋਲ ਸਿੱਧੀ ਪਹੁੰਚ ਕੀਤੀ ਜਾ ਸਕਦੀ ਹੈ।

ਆਮ ਲੋਕਾਂ ਲਈ ਵਟਸਐਪ ਚੈਟਬੋਟ ਦੇ ਲਾਭ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਡਾਕਟਰ ਦੀ ਦਵਾਈ ਵਾਲੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਵੱਲੋਂ ਦਿੱਤੀ ਅਗਲੀ ਤਰੀਕ ਬਾਰੇ ਸਮੇਂ-ਸਮੇਂ ਯਾਦ ਕਰਵਾਉਂਦੇ ਰਹਿਣਾ ਤੋਂ ਇਲਾਵਾ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਤੋਂ ਪੀੜਤ ਬਜ਼ੁਰਗਾਂ, ਗਰਭਵਤੀ ਮਹਿਲਾਵਾਂ, ਨਵ-ਜੰਮੇ ਬੱਚਿਆਂ ਦੀ ਸੰਭਾਲ ਬਾਰੇ ਵਟਸਐਪ ਰਾਹੀਂ ਜਾਣਕਾਰੀ ਮਿਲਦੀ ਰਹੇਗੀ। ਉਨ੍ਹਾਂ ਦੱਸਿਆ ਕਿ ਇਸ ਨਾਲ ਮਰੀਜ਼ ਨੂੰ ਪਰਚੀਆਂ ਸਾਂਭਣ ਦੀ ਲੋੜ ਨਹੀਂ ਰਹੇਗੀ, ਸਗੋਂ ਉਹ ਜਦੋਂ ਚਾਹੁਣ ਵਟਸਐਪ ਤੋਂ ਜਾਣਕਾਰੀ ਲੈ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਕਦਮ ਨਾਲ ਸਿਹਤ ਵਿਭਾਗ ਕੋਲ ਵੀ ਬਿਮਾਰੀਆਂ ਅਤੇ ਇਲਾਜ ਬਾਰੇ ਸਾਰੇ ਮਰੀਜ਼ਾਂ ਦਾ ਡਾਟਾ ਤਿਆਰ ਹੋ ਜਾਵੇਗਾ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਕੁੱਤੇ ਦੇ ਵੱਢਣ ਨਾਲ ਪੀੜਤ ਲੋਕਾਂ ਨੂੰ ਫੌਰੀ ਇਲਾਜ ਦੇਣ ਲਈ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਇਹ ਇਲਾਜ ਮੁਫ਼ਤ ਮਿਲੇਗਾ। ਉਨ੍ਹਾਂ ਕਿਹਾ ਕਿ ਐਂਟੀ-ਰੈਬੀਜ਼ ਟੀਕੇ ਇਨ੍ਹਾਂ ਕਲੀਨਿਕਾਂ ਵਿੱਚ ਹੀ ਉਪਲਬਧ ਹੋਣਗੇ। ਉਨ੍ਹਾਂ ਦੱਸਿਆ ਕਿ ਇਹ ਇਲਾਜ ਪਹਿਲਾਂ ਕਾਫੀ ਮਹਿੰਗਾ ਸੀ ਅਤੇ ਸਥਾਨਕ ਪੱਧਰ ਉਤੇ ਇਲਾਜ ਨਹੀਂ ਮਿਲਦਾ ਸੀ ਪਰ ਹੁਣ ਇਲਾਜ ਦਾ ਸਾਰਾ ਖਰਚਾ ਸਰਕਾਰ ਚੁੱਕੇਗੀ।

ਪੰਜਾਬ ਦੇ ਹਰੇਕ ਪਰਿਵਾਰ ਨੂੰ 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਲਾਭ ਦੇਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਵਿੱਚ ਪੰਜਾਬ ਪਹਿਲਾ ਸੂਬਾ ਹੋਵੇਗਾ ਜੋ ਆਪਣੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੇਵੇਗਾ। ਉਨ੍ਹਾਂ ਨੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੈਨੀਫੈਸਟੋ ਵਿੱਚ ਸਿਹਤ ਖੇਤਰ ਦਾ ਜ਼ਿਕਰ ਤੱਕ ਨਹੀਂ ਹੁੰਦਾ ਸੀ ਜਿਸ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ ਉਤੇ ਛੱਡ ਦਿੱਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਹਾਲਾਤ ਇੱਥੋਂ ਤੱਕ ਪਹੁੰਚ ਗਏ ਸਨ ਕਿ ਪਿੰਡਾਂ ਵਿੱਚ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ ਇਲਾਜ ਕਰਵਾਉਣਾ ਹੀ ਨਹੀਂ ਚਾਹੁੰਦੇ ਸਨ ਕਿਉਂਕਿ ਇਲਾਜ ਮਹਿੰਗਾ ਹੋਣ ਕਰਕੇ ਉਹ ਆਪਣੇ ਪਰਿਵਾਰਾਂ ਨੂੰ ਕਰਜ਼ਾਈ ਨਹੀਂ ਦੇਖਣਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਫਤ ਦੇਣਾ ਸਰਕਾਰਾਂ ਦਾ ਫਰਜ਼ ਹੁੰਦਾ ਹੈ ਅਤੇ ਅਸੀਂ ਸਮਰਪਣ ਭਾਵਨਾ ਨਾਲ ਇਹ ਫਰਜ਼ ਨਿਭਾਅ ਰਹੇ ਹਾਂ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੈਡੀਕਲ ਬਣਾਉਣ ਲਈ ਵੱਡੇ ਉਪਰਾਲੇ ਕੀਤਾ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕਪੂਰਥਲਾ, ਹੁਸ਼ਿਆਰਪੁਰ, ਸੰਗਰੂਰ ਅਤੇ ਨਵਾਂਸ਼ਹਿਰ ਵਿਖੇ ਚਾਰ ਨਵੇਂ ਮੈਡੀਕਲ ਕਾਲਜ ਦੀ ਸਥਾਪਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਮੁਫ਼ਤ ਘਰੇਲੂ ਬਿਜਲੀ ਦੀ ਸਹੂਲਤ ਨੂੰ ਆਮ ਲੋਕਾਂ ਦੇ ਜੀਵਨ ਵਿੱਚ ਵੱਡਾ ਪਰਿਵਰਤਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ 90 ਫੀਸਦੀ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ ਜਿਸ ਨਾਲ ਲੋਕਾਂ ਨੂੰ ਆਰਥਿਕ ਰਾਹਤ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਸਰਕਾਰੀ ਸੰਸਥਾਵਾਂ ਵਿੱਚ ਵਿਸ਼ਵਾਸ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲ ਆਫ ਐਮੀਨੈਂਸ ਵਿੱਚ ਬਹੁਤ ਸਾਰੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚੋਂ ਹਟ ਕੇ ਆਏ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਸਰਕਾਰੀ ਸਕੂਲਾਂ ਦੇ 208 ਬੱਚਿਆਂ ਨੇ ਜੇ.ਈ.ਈ. ਐਡਵਾਂਸ ਦਾ ਔਖਾ ਇਮਤਿਹਾਨ ਪਾਸ ਕੀਤਾ ਹੈ ਅਤੇ 800 ਤੋਂ ਵੱਧ ਬੱਚੇ ਨੀਟ ਦਾ ਪੇਪਰ ਪਾਸ ਕਰਨ ਵਿੱਚ ਸਫਲ ਹੋਏ ਹਨ।

ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਨੂੰ ਅਨਮੋਲ ਜ਼ਿੰਦਗੀਆਂ ਬਚਾਉਣ ਵਾਲੀ ਫੋਰਸ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਫੋਰਸ ਦੇ ਬਣਨ ਨਾਲ ਸੈਂਕੜੇ ਜਾਨਾਂ ਬਚੀਆਂ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਹ ਸੰਸਦ ਮੈਂਬਰ ਸਨ ਤਾਂ ਉਸ ਮੌਕੇ ਦੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਇਕ ਸਾਲ ਵਿੱਚ 5000 ਤੋਂ ਵੱਧ ਜਾਨਾਂ ਸੜਕ ਹਾਦਸਿਆਂ ਵਿੱਚ ਚਲੀਆਂ ਜਾਂਦੀਆਂ ਸਨ। ਉਨ੍ਹਾਂ ਕਿਹਾ ਕਿ ਐਸ.ਐਸ.ਐਫ. ਦੇ ਬਣਨ ਨਾਲ 48 ਫੀਸਦੀ ਦੀ ਕਮੀ ਆਈ ਹੈ ਜੋ ਦੂਜੇ ਸੂਬਿਆਂ ਲਈ ਵੀ ਮਿਸਾਲ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਫੋਰਸ ਵਿੱਚ ਵਿਸ਼ੇਸ਼ ਤੌਰ 'ਤੇ ਭਰਤੀ ਅਤੇ ਸਿਖਲਾਈ ਪ੍ਰਾਪਤ ਕਰਮਚਾਰੀ ਹਨ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਹਨ ਅਤੇ ਇਹ ਫੋਰਸ 144 ਆਧੁਨਿਕ ਵਾਹਨਾਂ ਨਾਲ ਲੈਸ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫੋਰਸ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਕਈ ਰਾਜਾਂ ਤੇ ਇੱਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਸਮਾਗਮ ਵਿੱਚ ਹਾਜ਼ਰ ਵਿਸ਼ਵ ਸਿਹਤ ਸੰਗਠਨ ਦੀ ਟੀਮ ਨੂੰ ਸੂਬੇ ਦੇ ਆਮ ਆਦਮੀ ਕਲੀਨਿਕਾਂ ਅਤੇ ਸਿਹਤ ਸੰਸਥਾਵਾਂ ਦਾ ਦੌਰਾ ਕਰਕੇ ਆਪਣੇ ਵਡਮੁੱਲੇ ਤਜਰਬੇ ਸਾਂਝੇ ਕਰਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਮੁੱਖ ਮੰਤਰੀ ਨੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਡਾਕਟਰਾਂ ਨੂੰ ਵੀ ਸਨਮਾਨਿਤ ਕੀਤਾ। ਇਸ ਮੌਕੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਮੁੱਖ ਮੰਤਰੀ ਤੇ ਹੋਰ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਿਹਤ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕੀਤਾ। ਸਮਾਗਮ ਵਿੱਚ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਸਿਹਤ ਸਕੱਤਰ ਕੁਮਾਰ ਰਾਹੁਲ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਪ੍ਰਧਾਨ ਮੰਤਰੀ ਸਨਮਾਨ ਨਿਧੀ ਦੇ ਮੌਕੇ 'ਤੇ ਪ੍ਰੋਗਰਾਮ ਦਾ ਆਯੋਜਨ



**ਅਬੋਹਰ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸਨਮਾਨ ਨਿਧੀ ਦੀ 20ਵੀਂ ਕਿਸ਼ਤ ਜਾਰੀ ਕਰਨ ਸੰਬੰਧੀ ਕ੍ਰਿਸ਼ੀ ਵਿਗਿਆਨ ਕੇਂਦਰ ਅਬੋਹਰ ਵਿਖੇ ਇੱਕ ਕਿਸਾਨ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ, ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮੁਖੀ ਡਾ. ਅਰਵਿੰਦ ਕੁਮਾਰ ਅਹਿਲਾਵਤ ਨੇ ਕਿਸਾਨਾਂ ਦਾ ਸਵਾਗਤ ਕਰਦੇ ਹੋਏ, ਉਨ੍ਹਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਦੁਆਰਾ ਕਿਸਾਨਾਂ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਡਾ. ਅਮਿਤ ਨਾਥ, ਮੁਖੀ ਖੇਤਰੀ ਕੇਂਦਰ ਸੀਫੇਟ ਅਬੋਹਰ ਨੇ ਕਿਸਾਨਾਂ ਨੂੰ ਖੇਤੀਬਾੜੀ ਪ੍ਰੋਸੈਸਿੰਗ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਡਾ. ਜਗਦੀਸ਼ ਕੁਮਾਰ ਅਰੋੜਾ ਨੇ ਫਸਲਾਂ ਵਿੱਚ ਹੋਣ ਵਾਲੀਆਂ ਵੱਖ-ਵੱਖ ਬਿਮਾਰੀਆਂ ਨੂੰ ਰੋਕਣ ਦੇ ਉਪਾਅ ਦੱਸੇ, ਡਾ. ਮਨਪ੍ਰੀਤ ਸਿੰਘ ਨੇ ਕਪਾਹ ਦੀ ਫਸਲ ਸੰਬੰਧੀ ਕਈ ਉਪਯੋਗੀ ਜਾਣਕਾਰੀ ਸਾਂਝੀ ਕੀਤੀ, ਡਾ. ਮਨਦੀਪ ਸਿੰਘ ਨੇ ਪਸ਼ੂ ਪਾਲਕਾਂ ਨੂੰ ਜਾਨਵਰਾਂ ਵਿੱਚ ਹੋਣ ਵਾਲੀਆਂ ਮੌਸਮੀ ਬਿਮਾਰੀਆਂ ਨੂੰ ਰੋਕਣ ਦੇ ਕਈ ਤਰੀਕੇ ਦੱਸੇ ਅਤੇ ਸਮੇਂ ਸਿਰ ਜਾਨਵਰਾਂ ਦਾ ਟੀਕਾਕਰਨ ਕਰਵਾਉਣ ਦਾ ਸੁਝਾਅ ਦਿੱਤਾ। ਇਸ ਤਰ੍ਹਾਂ, ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕਰਦੇ ਹੋਏ, ਕਿਸਾਨ ਕਲੱਬ ਦੇ ਮੈਂਬਰਾਂ ਨੂੰ ਵੱਧ ਤੋਂ ਵੱਧ ਕਿਸਾਨਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਜੋੜਨ ਦੀ ਬੇਨਤੀ ਵੀ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਕੁੱਲ 200 ਤੋਂ ਵੱਧ ਕਿਸਾਨਾਂ ਅਤੇ ਔਰਤਾਂ ਨੇ ਹਿੱਸਾ ਲਿਆ ਅਤੇ ਪ੍ਰੋਗਰਾਮ ਨੂੰ ਸਫਲ ਬਣਾਇਆ। ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਸ਼੍ਰੀ ਪ੍ਰਿਥਵੀਰਾਜ, ਡਾ. ਰੁਪਿੰਦਰ ਕੌਰ, ਸ਼੍ਰੀ ਹਰਿੰਦਰ ਸਿੰਘ ਦਹੀਆ, ਡਾ. ਰਮੇਸ਼ ਚੰਦ ਕਾਂਟਵਾ, ਸ਼੍ਰੀ ਰਾਜੇਸ਼ ਕੁਮਾਰ ਅਤੇ ਵਿਮਲ ਭੋਭਾਰੀਆ ਵੀ ਮੌਜੂਦ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਵੱਲੋਂ ਨਸ਼ਾ ਛੁਡਾਊ ਕੇਂਦਰ ਜਨੇਰ ਵਿਖੇ ਲਗਾਇਆ ਨਸ਼ਿਆਂ ਵਿਰੁੱਧ ਸੈਮੀਨਾਰ



**ਮੋਗਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਲਸਾ ਵੱਲੋਂ ਚਲਾਈ ਜਾ ਰਹੀ ਮੁਹਿੰਮ ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ ਤਹਿਤ ਅੱਜ ਮਿਤੀ 1 ਅਗਸਤ 2025 ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰ ਜਨੇਰ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਮਿਸ ਕਿਰਨ ਜਯੋਤੀ ਨੇ ਕੇਂਦਰ ਵਿਖੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਨਸ਼ਾ ਸਾਡੀ ਨੌਜਵਾਨ ਪੀੜੀ ਲਈ ਬੜਾ ਮੰਦਭਾਗਾ ਹੈ, ਪਰ ਨਸ਼ੇ ਤੋਂ ਬਚਿਆ ਜਾ ਸਕਦਾ ਹੈ। ਜੇ ਕਿਧਰੇ ਗਲਤੀ ਨਾਲ ਇਸ ਪਾਸੇ ਕਦਮ ਪੁੱਟਿਆ ਹੀ ਗਿਆ ਹੈ ਤਾਂ ਸਮਾਂ ਰਹਿੰਦੇ ਸਰਕਾਰ ਵੱਲੋਂ ਚਲਾਏ ਜਾਂਦੇ ਨਸ਼ਾ ਮੁਕਤੀ ਪ੍ਰੋਗਰਾਮਾਂ ਅਤੇ ਸਕੀਮਾਂ ਦਾ ਲਾਭ ਲੈਂਦੇ ਹੋਏ ਇਸ ਜੰਜਾਲ ਵਿਚੋਂ ਨਿਕਲਿਆ ਜਾ ਸਕਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਦੇਸ਼ ਪੱਧਰੀ ਮੁਹਿੰਮ ਡਾਅਨ ਜੋ ਕਿ ਨਾਲਸਾ ਵੱਲੋਂ ਚਲਾਈ ਜਾ ਰਹੀ ਹੈ, ਅਜਿਹੇ ਨੌਜਵਾਨਾਂ ਲਈ ਨਾਲ ਸਹਿਯੋਗ ਕਰ ਰਹੀ ਹੈ। ਨਾਲਸਾ ਦੀ ਡਾਅਨ ਮੁਹਿੰਮ ਨੌਜਵਾਨਾਂ ਦੇ ਨਸ਼ਾ ਮੁਕਤ ਹੋਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਇਹ ਸੰਦੇਸ਼ ਵੀ ਦਿੱਤਾ ਕਿ ਸਾਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਨਸ਼ੇ ਕਰਨ ਨਾਲ ਸਿਰਫ ਇਕ ਵਿਅਕਤੀ ਦੀ ਜਿੰਦਗੀ ਹੀ ਬਰਬਾਦ ਨਹੀਂ ਹੁੰਦੀ ਬਲਕਿ ਸਾਰਾ ਪਰਿਵਾਰ ਹੀ ਉਜੜ ਜਾਂਦਾ ਹੈ ਅਤੇ ਸਮਾਜ ਤੇ ਵੀ ਇਸਦਾ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਅੱਗੇ ਅਪੀਲ ਕੀਤੀ ਕਿ ਸਾਨੂੰ ਨਸ਼ਾ ਕਰਨ ਤੋਂ ਬਚਣਾ ਚਾਹੀਦਾ ਹੈ ਅਤੇ ਜੇਕਰ ਕੋਈ ਨਸ਼ਾ ਕਰ ਰਿਹਾ ਹੈ ਤਾਂ ਉਸਨੂੰ ਡੀ ਐਡੀਕਸ਼ਨ ਸੈਂਟਰ ਬਾਰੇ ਦੱਸਿਆ ਜਾਵੇ।ਇਸ ਮੌਕੇ ਨਸ਼ਾ ਮੁਕਤੀ ਕੇਂਦਰ ਜਨੇਰ ਦੇ ਇੰਚਾਰਜ ਹਰਪ੍ਰੀਤ ਸਿੰਘ, ਡਾ: ਮਨਮੀਤ ਸਿੰਘ, ਵੀਰਪਾਲ ਕੌਰ ਸਟਾਫ ਨਰਸ, ਅਰਸ਼ਦੀਪ ਕੌਰ ਕਾਊਂਸਲਰ, ਗੁਰਦੀਪ ਸਿੰਘ ਸੋਸ਼ਲ ਵਰਕਰ ਹਾਜਰ ਸਨ। ਡਾ: ਮਨਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਬਹੁਤ ਨੌਜਵਾਨ ਨਸ਼ਾ ਛੱਡਣ ਲਈ ਆਉਂਦੇ ਹਨ, ਜਿਨ੍ਹਾਂ ਨੂੰ ਯੋਗ ਧਿਆਨ ਕਰਵਾਇਆ ਜਾਂਦਾ ਹੈ ਅਤੇ ਦਵਾਈ ਦਿੱਤੀ ਜਾਂਦੀ ਹੈ । ਇਸ ਵੇਲੇ 190 ਨੌਜਵਾਨਾਂ ਨੂੰ ਭਰਤੀ ਕੀਤਾ ਗਿਆ ਹੈ ਅਤੇ ਬਹੁਤ ਸਾਰੇ ਨੌਜਵਾਨ ਠੀਕ ਹੋ ਕੇ ਘਰ ਵਾਪਸ ਜਾ ਚੁੱਕੇ ਹਨ।

# ਗੁਰਬਾਣੀ ਅਨੁਸਾਰ, ਮਨੁੱਖੀ ਜੀਵਨ ਦਾ ਕੀ ਹੈ ਸਿਧਾਂਤ, ਕੀ ਹੈ ਸਿਧਾਂਤ ਪ੍ਰਾਪਤੀ ਦਾ ਸਾਧਨ: ਠਾਕੁਰ ਦਲੀਪ ਸਿੰਘ

ਗੁਰਬਾਣੀ ਅਨੁਸਾਰ, ਮਨੁੱਖੀ ਜੀਵਨ ਦਾ ਸਿਧਾਂਤ ਜਨਮ ਮਰਨ ਦਾ ਚੱਕਰ ਸਮਾਪਤ ਹੋ ਕੇ ਮੁਕਤੀ ਪ੍ਰਾਪਤ ਕਰਨਾ ਅਤੇ ਪ੍ਰਮਾਤਮਾ ਵਿੱਚ ਲੀਨ ਹੋਣਾ "ਆਵਣ ਜਾਣਾ ਨਾ ਥੀਐ, ਨਿਜ ਘਰਿ ਵਾਸਾ ਹੋਇ"(ਮ. ?)। ਜਿਸ ਦੀ ਪ੍ਰੋੜਤਾ ਗੁਰੂ ਅਰਜਨ ਦੇਵ ਜੀ ਇਹਨਾਂ ਪੰਕਤੀਆਂ ਰਾਹੀਂ ਕਰਦੇ ਹਨ "ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ।

ਸਿਧਾਂਤ ਪ੍ਰਾਪਤੀ ਦੇ ਸਾਧਨ ਹਨ

ਗੁਰੂ ਧਾਰਨ ਕਰਨਾ "ਮਨ ਗੁਰ ਮਿਲਿ ਕਾਜ ਸਵਾਰੇ"(ਮ. ?), "ਆਵਤ ਜਾਵਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ"(ਮ. ?)।

ਗੁਰਮੰਤਰ ਗ੍ਰਹਿਣ ਕਰਨਾ "ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ"(ਮ. ?), "ਗੁਰ ਦੀਖਿਆ ਲੈ ਜਪੁ ਤਪੁ ਕਮਾਹਿ"(ਮ. ?), "ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ"(ਮ. ?)।

ਗੁਰਮੰਤਰ ਦਾ ਜਾਪ ਕਰਨਾ: "ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ"(ਮ. ?), "ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰਮੰਤੁ"(ਮ. ?)।

ਗੁਰੂ ਉਪਦੇਸ਼ ਸੁਣਨਾ ਅਤੇ ਕਮਾਉਣਾ "ਪੂਰੇ ਗੁਰ ਕਾ ਸੁਨਿ ਉਪਦੇਸੁ"(ਮ. ?), "ਜੋ ਉਪਦੇਸੁ ਸੁਣੇ ਗੁਰ ਕੇਰਾ ਸੋ ਜਨੁ ਪਾਵੈ ਹਰਿ ਸੁਖ ਘਣੇ"(ਮ. ?), "ਸੁਨਤ ਕਮਾਵਤ ਹੋਤ ਉਧਾਰ"(ਮ. ?), "ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ"(ਮ. ?)।



ਕੀਰਤਨ ਕਰਨਾ "ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ"(ਮ. ?), "ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ"(ਮ. ?)।

ਕੀਰਤਨ ਸੁਣਨਾ "ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ"(ਮ. ?), "ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ"(ਮ. ?)।

ਸਾਧ ਸੰਗਤ ਕਰਨੀ: "ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ"(ਮ. ?), "ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ"(ਮ. ?)।

ਕਥਾ ਸੁਣਨੀ: "ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ"(ਮ. ?), "ਸੁਣਿ ਹਰਿ ਕਥਾ ਉਤਾਰੀ ਮੈਲੁ"(ਮ. ?)।

ਸੇਵਾ ਕਰਨੀ "ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ"(ਮ. ?), ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ"(ਮ. ?)।

ਗੁਰੂ ਕੀ ਸੇਵਾ ਕਰਨੀ: "ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ"(ਮ. ?)।

ਪਰਉਪਕਾਰ ਕਰਨਾ: "ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ"(ਮ. ?), ਆਦਿ।

ਉਪਰੋਕਤ ਸਾਰੇ ਸ਼ੁਭ ਕਰਮ: ਮਨੁੱਖੀ ਜੀਵਨ ਦਾ ਲਕਸ਼ ਨਹੀ; ਇਹ ਤਾਂ ਮੁਕਤੀ ਪ੍ਰਾਪਤ ਕਰਨ ਦੇ ਸਾਧਨ ਹਨ "ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ"(ਮ. ?)। ਇਹਨਾਂ ਸਾਧਨਾਂ ਤੋਂ ਬਿਨਾਂ ਮੁਕਤੀ ਸੰਭਵ ਨਹੀਂ "ਬਿਨੁ ਕਰਤੂਤੀ ਮੁਕਤਿ ਨ ਪਾਈਐ"(ਮ. ?)।

ਬੁਰੇ ਕਰਮ ਤਿਆਗ ਕੇ, ਉਪਰੋਕਤ ਲਿਖੇ ਸਾਰੇ ਸਾਧਨ ਅਪਣਾਉਂਦਿਆਂ ਹੋਇਆਂ ਹੀ ਬਿਰਤੀ ਟਿਕਦੀ ਹੈ "ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ"(ਮ. ?)। ਜਿਸ ਉਪਰੰਤ, ਗੁਰੂ ਦੀ ਕਿਰਪਾ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ "ਗੁਰ ਤੇ ਪਾਏ ਮੁਕਤਿ ਦੁਆਰੁ"(ਮ. ?) ਅਤੇ ਜਨਮ-ਮਰਨ ਦਾ ਚੱਕਰ ਕੱਟਿਆ ਜਾ ਸਕਦਾ ਹੈ "ਜਨਮ ਮਰਨ ਦੁਖੁ ਕਟਿਆ, ਹਰਿ ਭੇਟਿਆ ਪੁਰਖੁ ਸੁਜਾਣੁ"(ਮ. ?)। ਜਿਸ ਦੀ ਪ੍ਰੋੜਤਾ ਗੁਰਬਾਣੀ ਵਿੱਚ ਬਹੁਤ ਥਾਵਾਂ ਉੱਪਰ ਕੀਤੀ ਗਈ ਹੈ। ਜਿਵੇਂ: "ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ"(ਮ. ?), "ਗੁਰ ਕਿਰਪਾ ਤੇ ਪਰਮ ਪਦੁ ਪਾਇਆ"(ਮ. ?), "ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ (ਮ. ?), "ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ"(ਮ. ?)।

# ਜ਼ਿਗਲੀ ਨੇ ਇੰਟਰਨੈਸ਼ਨਲ ਹੈਪੀ ਪੈੱਟਸ ਡੇ ਤੇ ਪੈੱਟ ਕਮਿਊਨਿਟੀ ਨੂੰ ਕੀਤਾ ਇੱਕਜੁਟ




**ਲੁਧਿਆਣਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਪਹਿਲੇ ਟੈੱਕ - ਐਨੇਬਲਡ ਓਮਨੀਚੈਨਲ ਪੈੱਟ ਕੇਅਰ ਬ੍ਰਾਂਡ ਜ਼ਿਗਲੀ, (ਕਾਸਮੋਫਸਟ ਲਿਮਟਿਡ) ਨੇ ਦੇਸ਼ ਭਰ ਵਿੱਚ ਇੰਟਰਨੈਸ਼ਨਲ ਹੈਪੀ ਪੈੱਟਸ ਡੇ (IHPD } ਦੇ ਦੂਜੇ ਐਡੀਸ਼ਨ ਦਾ ਸਫਲਤਾਪੂਰਵਕ ਸਮਾਪਨ ਕੀਤਾ, ਇਸ ਇੱਕ ਦਿਨ ਦੇ ਪ੍ਰੋਗਰਾਮ ਵਿੱਚ 2200 ਤੋਂ ਵੱਧ ਪੈੱਟਸ ਅਤੇ ਪੈੱਟ ਪੇਰੈਂਟਸ ਨੇ ਹਿੱਸਾ ਲਿਆ । ਪਿਛਲੇ ਸਾਲ ਪਹਿਲੇ ਐਡੀਸ਼ਨ ਦੀ ਸ਼ਾਨਦਾਰ ਸਫਲਤਾ ਤੋਂ ਬਾਅਦ , ਫਰੈਂਡਸ਼ਿਪ ਡੇ ਦੇ ਦਿਨ ਆਯੋਜਿਤ ਇਸ ਪ੍ਰੋਗਰਾਮ ਦੇ ਰਾਹੀਂ , ਪੈੱਟਸ , ਓਹਨਾ ਦੇ ਪੇਰੈਂਟਸ ਵਿਚਕਾਰ ਵਿਸ਼ੇਸ਼ ਰਿਸ਼ਤੇ ਦਾ ਜਸ਼ਨ ਮਨਾਇਆ ਗਿਆ , ਜੋਸ਼ ਅਤੇ ਉਤਸ਼ਾਹ ਦੇ ਨਾਲ ਆਯੋਜਿਤ ਇਸ ਪ੍ਰੋਗਰਾਮ ਵਿਚ ਜ਼ਿੰਮੇਵਾਰ ਪੈੱਟ ਪੇਰੈਂਟਿੰਗ ਨੂੰ ਵਧਾਵਾ ਦਿੱਤਾ ਗਿਆ । ਆਈਐਚਪੀਡੀ ਦੇ ਦੂਜੇ ਐਡੀਸ਼ਨ ਦੀ ਸਫਲਤਾ ਬਾਰੇ ਗੱਲਬਾਤ ਕਰਦੇ ਹੋਏ, ਸ਼੍ਰੀ ਪੰਕਜ ਪੋਦਾਰ, ਗਰੁੱਪ ਸੀਈਓ ਕੋਸਮੋ ਫਸਟ ਨੇ ਕਿਹਾ, ਦੂਜੇ ਅੰਤਰਰਾਸ਼ਟਰੀ ਹੈਪੀ ਪੈੱਟ ਡੇ ਪ੍ਰਤੀ ਇਹ ਸ਼ਾਨਦਾਰ ਪ੍ਰਤੀਕਿਰਿਆ ਭਾਰਤ ਦੀ ਪੈੱਟ ਕਮਿਊਨਟੀ ਦੇ ਲਈ ਅਰਥਪੂਰਨ ਅਨੁਭਵ ਪ੍ਰਦਾਨ ਕਰਨ ਦੇ ਸਾਡੇ ਦ੍ਰਿਸ਼ਟੀਕੋਣ ਨੂੰ ਪ੍ਰਮਾਣਿਤ ਕਰਦੀ ਹੈ। ਸਾਡੇ ਸਾਰੇ ਸੈਂਟਰਜ਼ ਵਿੱਚ ਅਸੀਂ ਪੈੱਟਸ ਅਤੇ ਪੈੱਟ ਪੇਰੈਂਟਸ ਦਾ ਜੋ ਉਤਸ਼ਾਹ ਅਤੇ ਭਾਗੀਦਾਰੀ ਦੇਖੀ ਹੈ, ਉਹ ਸਾਡੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਪੈੱਟ ਪੇਰੈਂਟਸ ਅਹਿਜੇ ਪਲੇਟਫਾਰਮ ਦੀ ਉਮੀਦ ਕਰ ਰਹੇ ਹਨ ਜੋ ਪੈੱਟਸ ਦੇ ਨਾਲ ਓਹਨਾ ਦੇ ਰਿਸ਼ਤਿਆਂ ਨੂੰ ਹੋਰ ਮਜਬੂਤ ਬਣਾਵੇ , ਅਤੇ ਪੈੱਟਸ ਦੇ ਲਈ ਕੀਮਤੀ ਸੇਵਾਵਾਂ, ਭਾਈਚਾਰਕ ਸੰਪਰਕ ਅਤੇ ਨਵੇਂ ਪੈੱਟ ਪੇਰੈਂਟਸ ਨੂੰ ਸਿੱਖਿਅਤ ਕਰਨ ਲਈ ਜਰੂਰੀ ਜਾਣਕਾਰੀ ਪ੍ਰਦਾਨ ਕਰੇ । ਇਹ ਸਫਲਤਾ ਸਾਨੂੰ ਭਾਰਤ ਵਿੱਚ ਪੈੱਟ ਕੇਅਰ ਕਮਿਊਨਿਟੀ ਦੇ ਲਈ ਸਾਡੀਆਂ ਆਫ਼ਰਜ਼ ਵਿਚ ਨਵਾਚਰ ਲਿਆਉਣ ਅਤੇ ਵਿਸਤਾਰ ਕਰਦੇ ਰਹਿਣ ਲਈ ਪ੍ਰੇਰਿਤ ਕਰਦੀ ਹੈ।

ਇਸ ਸਾਲ, ਦੇਸ਼ ਭਰ ਵਿਚ ਜ਼ਿਗਲੀ ਦੇ ਐਕਸਪੀਰੀਐਂਸ ਸੈਂਟਰਜ਼ ਵਿਚ ਦਿਨ ਭਰ ਵਿਸ਼ੇਸ਼ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਮਿਲੀ ਸ਼ਾਨਦਾਰ ਸਫਲਤਾ ਦੇਸ਼ ਵਿੱਚ ਵਧ ਰਹੀ ਪੈੱਟ ਕੇਅਰ ਕਮਿਊਨਿਟੀ , ਅਤੇ ਪੈਟਸ ਦੇ ਲਈ ਸਮਰਪਿਤ ਪ੍ਰੋਗਰਾਮਾਂ ਦੇ ਪ੍ਰਤੀ ਉਨ੍ਹਾਂ ਦੇ ਉਤਸ਼ਾਹ ਨੂੰ ਦਰਸ਼ਾਉਂਦੀ ਹੈ ਅਤੇ ਇਸ ਪ੍ਰੋਗਰਾਮ ਦੇ ਜ਼ਰੀਏ ਨਵੇਂ ਪੈੱਟ ਪੇਰੈਂਟਸ ਨੂੰ ਆਪਣੇ ਪੈੱਟ ਦੇ ਪਾਲਣ-ਪੋਸ਼ਣ ਦੀ ਯਾਤਰਾ ਨੂੰ ਸਾਂਝਾ ਕਰਨ ਦਾ ਮੌਕਾ ਮਿਲਿਆ । ਜ਼ਿਗਲੀ ਦੇ ਇੰਟਰਨੈਸ਼ਨਲ ਹੈਪੀ ਪੈੱਟਸ ਡੇ (98♦4) ਸਮਾਰੋਹ ਵਿੱਚ ਪੈੱਟਸ ਅਤੇ ਪੈੱਟ ਪੇਰੈਂਟਸ ਦੋਵਾਂ ਨੂੰ ਖੁਸ਼ ਕਰਨ ਲਈ ਕਈ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ ਸਨ, ਜਿਥੇ ਓਹਨਾ ਨੂੰ ਇੱਕ ਦੂਜੇ ਨਾਲ ਯਾਦਗਾਰੀ ਪਲ ਬਿਤਾਉਣ ਦਾ ਮੌਕਾ ਮਿਲਿਆ ।

ਉਦਯੋਗ ਵਿੱਚ ਆਪਣੀ ਕਸਮ ਦੇ ਪਹਿਲੇ ਇਸ ਓਮਨੀਚੈਨਲ ਪ੍ਰੋਗਰਾਮ ਵਿੱਚ, ਜ਼ਿਗਲੀ ਨੇ ਜ਼ਿਗਲੀ ਕੋਆਇੰਸ ਲਾਂਚ ਕੀਤੇ - ਜਿੱਥੇ ਗਾਹਕ 100 ਰੁਪਏ ਦੇ ਹਰ ਖਰੀਦ ਤੇ ਇੱਕ ਕੋਆਇਨ ਪ੍ਰਾਪਤ ਕਰ ਸਕਦੇ ਹਨ, ਹਰੇਕ ਕੋਆਇਨ ਦੀ ਕੀਮਤ 1 ਰੁਪਏ ਹੈ, ਜਿਸ ਦੀ ਵਰਤੋਂ ਗਾਹਕ ਆਪਣੇ ਪਿਆਰੇ ਪੈੱਟ ਲਈ ਖਰੀਦਦਾਰੀ ਵੇਲੇ ਕਰ ਸਕਦੇ ਹਨ । ਇਸ ਪ੍ਰੋਗਰਾਮ ਵਿੱਚ ਪੈੱਟ ਪ੍ਰੋਡਕਟਸ ਦੀ ਇੱਕ ਐਕਸਕਲਿਊਸਿਵ ਰੇਂਜ ਵੀ ਲਾਂਚ ਕੀਤੀ ਗਈ ਜਿਵੇਂ ਕਿ ਇਨ-ਹਾਊਸ ਐਪਲਾਡ ਬ੍ਰਾਂਡ ਦੁਆਰਾ ਵੈੱਟ ਫੂਡ ਐਂਡ ਫਰੈਸ਼ ਫੂਡ ਅਤੇ ਡੈਂਟਲ ਹਾਈਜੀਨ ਲਈ ਯਾਕ ਚਿਉਜ਼ ; ਜ਼ਿਗਲੀ ਲਾਈਫਸਟਾਈਲ ਵਿੱਚ ਟ ?ਰੈਵਲ ਮੈਟ, ਡਾਗਸ ਅਤੇ ਕੈਟਸ ਲਈ ਫਰ ਪ੍ਰੋ ਰੇਂਜ ਵਿੱਚ ਗਰੂਮਿੰਗ ਟੂਲਸ; ਕੈਟ ਲਿੱਟਰ ਲਈ ਇੱਕ ਨਵੇਂ ਬ੍ਰਾਂਡ ਕੈਟਮਾਸ ਦੀ ਸ਼ੁਰੂਆਤ ਵੀ ਕੀਤੀ ਗਈ, ਜੋ ਕਿ ਪ੍ਰੋਗਰਾਮ ਵਿਚ ਆਕਰਸ਼ਣ ਦਾ ਕੇਂਦਰ ਰਹੇ ।

# ਸ੍ਰੀ ਦੁਰਗਾ ਸ਼ਕਤੀ ਮੰਦਿਰ ਵਿੱਚ ਸਾਵਣ ਅਸ਼ਟਮੀ ਦੇ ਤਿਉਹਾਰ ਤੇ ਸਲਾਨਾ ਜਾਗਰਣ ਕਰਵਾਇਆ



**ਮਾਛੀਵਾੜਾ ਸਾਹਿਬ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ ?ਰੀ ਦੁਰਗਾ ਸਕਤੀ ਮੰਦਰ ਵਿਖੇ ਅੱਜ ਨਵਰਾਤਿਆ ਦੇ ਅਠਵੇ ਦਿਨ ਸਾਵਣ ਅਸ਼ਟਮੀ ਦੇ ਪਵਿੱਤਰ ਦਿਹਾੜੇ ਤੇ ਮੰਦਰ ਕਮੇਟੀ ਨੇ ਮਾਤਾ ਦਾ ਜਾਗਰਣ ਕਰਵਾਇਆ। ਮੰਦਰ ਕਮੇਟੀ ਦੇ ਪ੍ਰਧਾਨ ਨੰਦਕਿਸੋਰ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋ ਵੀ ਵੱਧ ਸਮੇ ਤੋ ਲਗਾਤਾਰ ਮਾਤਾ ਦੇ ਨਵਰਾਤਿਆ ਉਪਰੰਤ ਹਰ ਸਾਲ ਸ਼ਹਿਰ ਵਾਸੀਆ ਦੇ ਸਹਿਯੋਗ ਨਾਲ ਮਾਤਾ ਦਾ ਜਾਗਰਣ ਕਰਵਾਇਆ ਜਾਂਦਾਂ ਹੈ। ਮੰਦਰ ਵਿੱਚ ਜਾਗਰਣ ਦੀ ਸੁਰੂਆਤ ਖੰਨੇ ਤੋ ਆਏ ਸਵਾਮੀ ਸੱਚਦਾਨੰਦ ਜੀ ਨੇ ਜੋਤੀ ਪ੍ਰੰਚਡ ਕਰਕੇ ਕੀਤੀ। ਪੂਜਾ ਉਪਰੰਤ ਇਸ ਵਾਰ ਅਮ੍ਰਿਤਸਰ ਤੋ ਆਏ ਲਵਿਸ ਲੱਵ ਨੇ ਆਏ ਸਰਧਾਲੂਆਂ ਨੂੰ ਮਾਤਾ ਦੀ ਭੇਟਾਂ ਗਾ ਕੇ ਨਚੱਣ ਲਾ ਦਿੱਤਾ। ਭੇਟਾਂ ਗਾਉਣ ਵਾਲੇ ਲਵਿਸ ਲੱਵ ਨੇ ਮਾਇਆ ਤੇਰੀ ਚੁੰਨੀ ਨੂੰ ਸਿਤਾਰੇ ਲੱਗੇ ਹੋਏ ਨੇ,ਰਸਤੇ ਵਿੱਚ ਮਾ ਮਿਲ ਗੀ ਵਰਗਿਆ ਭੇਟਾਂ ਗਾ ਕੇ ਤੇ ਆਪਣੀਆ ਲਿਖੀਆ ਕਈ ਹੋਰ ਭੇਟਾਂ ਤੇ ਭਜਨ ਗਾ ਕੇ ਆਏ ਸਰਧਾਲੂਆ ਨੂੰ ਕੀਲੀ ਰੱਖਿਆ। ਕਰੀਬ ਦੇਰ ਰਾਤ 2 ਵਜੇ ਤੱਕ ਸਰਧਾਲੂਆਂ ਨੇ ਨੱਚ ਨੱਚ ਖੂਬ ਰੌਣਕਾ ਲਗਾਈਆਂ ਤੇ ਸਰਧਾਲੂਆਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਲਵਿਸ ਲੱਵ ਨੇ ਜਿੱਥੇ ਮਾਤਾ ਦੀ ਚੁੰਨਰੀ ਲਾਲ ਵਰਗੀ ਧਾਰਮਿਕ ਭੇਟ ਗਾਈ ਉੱਥੇ ਸ਼ਹੀਦਾਂ ਦੀ ਯਾਦ ਵਿੱਚ ਦਿੱਤੀ ਸਰਧਾਜ਼ਲੀ ਨਾਲ ਦੇਸ ਭਗਤੀ ਹਮ ਜੀਏਂਗੇ ਔਰ ਮਰੇਂਗੇ ਏ ਵਤਨ ਤੇਰੇ ਲਈ ਗਾ ਕੇ ਪੰਡਾਲ ਵਿੱਚ ਬੈਠੀਆ ਔਰਤਾਂ ਦੀਆਂ ਅੱਖਾ ਨੰਮ ਕਰ ਦਿੱਤੀਆ। ਜਾਗਰਣ ਵਿੱਚ ਵਿਸੇਸ ਰੂਪ ਵਿੱਚ ਸਿਰਕਤ ਕਰਨ ਆਏ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ,ਸੋਮ ?ਰਣੀ ਅਕਾਲੀ ਦਲ ਦੇ ਪਰਮਜੀਤ ਸਿੰਘ ਢਿੱਲੋ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ,ਨੇ ਵਿਸੇਸ ਰੂਪ ਵਿੱਚ ਜਾਗਰਣ ਵਿੱਚ ਸਿਰਕਤ ਕੀਤੀ । ਗਾਇਕ ਕਲਾਕਾਰਾਂ ਨੂੰ ਮਾਤਾ ਦੀ ਚੁੰਨਰੀ ਪਾ ਕੇ ਲੰਗਰਾਂ ਵਿੱਚ ਸੇਵਾ ਕਰਨ ਵਾਲੇ ਭਗਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੇਮ ਚੰਦ ਅਗਰਵਾਲ,ਅਸੋਕ ਲੀਹਲ,ਭਾਜਪਾ ਆਗੂ ਰਾਜੇਸ ਲੀਹਲ,ਸਾਬਕਾ ਰਾਮ ਲੀਲਾ ਕਮੇਟੀ ਪ੍ਰਧਾਨ ਦਵਿੰਦਰ ਬਵੇਜਾ,ਸਹਿਰੀ ਪ੍ਰਧਾਨ ਜਸਪਾਲ ਸਿੰਘ ਝੱਜ,ਅਰਵਿੰਦਰਪਾਲ ਸਿੰਘ ਵਿੱਕੀ, ਸਾਬਕਾ ਕੌਸ਼ਲਰ ਕਪਿਲ ਆਨੰਦ ਤੇ ਪਰਮਜੀਤ ਪੰਮਾ,ਸਾਬਕਾ ਕੌਸ਼ਲਰ ਮਨਜੀਤ ਕੁਮਾਰੀ ਤੇ ਰਾਜਿੰਦਰ ਵਰਮਾ, ਜੱਗੀ ਮਿੱਤਲ,ਡਾ; ਸੰਜੀਵ ਕੁਮਾਰ,ਸੁਰੇਸ ਅਗਰਵਾਲ,ਸਿਵਚਰਨ ਸ਼ਰਮਾ,ਰਾਜਿੰਦਰ ਵਰਮਾ, ਉਮੈਸ ਸੂਈ, ਮਦਲ ਲਾਲ ਬਿੱਟੂ,ਚੇਤਨ ਚਰਾਇਆ,ਸੁਭਾਸ ਬਿਟਨ, ਮੰਗਤ ਰਾਏ ਬੱਤਰਾ, ਵਿਜੇ ਮਿੱਤਲ,ਹਰਬੰਸ ਲਾਲ ਚਾਨਣਾ,ਸੰਜੀਵ ਲੀਹਲ,ਸੋਨੂੰ ਸੇਠੀ,ਸੰਨੀ ਉਹਰੀ,ਅੰਕਿਤ ਸੇਠੀ, ਸਿਵਾਲਾ ਮੰਦਰ ਕਮੇਟੀ ਦੇ ਵਿਸਾਲ ਜੈਨ, ਵਿਜੈ ਜੈਨ, ਪਵਨ ਸਿੰਗਲਾ, ਅਸਵਨੀ ਕੁਮਾਰ,ਵਿੱਕੀ ਕਪੂਰ,ਰਿੰਟੂ ਜੁਨੇਜਾ, ਖੁਸਕਰਨ ਕੌਸ਼ਲ,ਸੁਰਿੰਦਰ ਜੁਨੇਜਾ,ਜੁਗਨੂ ਭੂੰਗੜਾ ਤੇ ਮੰਦਰ ਦੇ ਮੈਬਰਾਨ ਵੀ ਮੌਜੂਦ ਸਨ।

# ਪੰਜਾਬ ਦੀ ਹੋਂਦ ਬਚਾਉਣ ਲਈ ਪੰਜਾਬੀ ਇੱਕਜੁੱਟ ਹੋਣ: ਬਾਜਵਾ

## ਸਾਊਥ ਆਸਟਰੇਲੀਆ 'ਚ ਸੂਬੇ ਦੇ ਮੌਜੂਦਾ ਹਾਲਾਤ ਤੋਂ ਜਾਣੂ ਕਰਵਾਇਆ



**ਐਡੀਲੇਡ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਊਥ ਆਸਟਰੇਲੀਆ ਵਿੱਚ ਵੱਖ-ਵੱਖ ਸਮਾਗਮਾਂ 'ਚ ਪੰਜਾਬੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਸੂਬੇ ਦੀ ਹੋਂਦ ਬਚਾਉਣ ਲਈ ਵਿਸ਼ਵ ਦੇ ਸਮੁੱਚੇ ਪੰਜਾਬੀਆਂ ਨੂੰ ਇਕਜੁੱਟ ਹੋਣ ਦੀ ਲੋੜ ਹੈ। ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਜਾਣੂ ਕਰਵਾਉਂਦਿਆਂ ਸ੍ਰੀ ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਦਿੱਲੀ ਤੋਂ ਅਰਵਿੰਦ ਕੇਜਰੀਵਾਲ ਚਲਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੂੰ 'ਬੰਧੂਆ ਮੁੱਖ ਮੰਤਰੀ' ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਅਸਫ਼ਲ ਰਹੀ ਹੈ ਅਤੇ ਪੰਜਾਬ ਨੂੰ 4 ਲੱਖ ਕਰੋੜ ਰੁਪਏ ਦਾ ਕਰਜ਼ਈ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਕਿਸਾਨ ਮਾਰੂ ਨੀਤੀਆਂ ਤੋਂ ਹਰ ਵਰਗ ਦੇ ਲੋਕ ਤੰਗ ਹਨ। ਉਨ੍ਹਾਂ ਕਿਹਾ ਕਿ ਲੋਕ ਬਦਲਾਅ ਦੇ ਰੂਪ ਵਿੱਚ ਕਾਂਗਰਸ ਨੂੰ ਦੇਖ ਰਹੇ ਹਨ। ਉਨ੍ਹਾਂ ਕਾਂਗਰਸ ਸਰਕਾਰਾਂ ਵੇਲੇ ਪੰਜਾਬ ਦੀ ਤਰੱਕੀ ਲਈ ਲਏ ਗਏ ਅਹਿਮ ਫ਼ੈਸਲਿਆਂ ਅਤੇ ਕਾਰਜਾਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਹੁਣ ਪੰਜਾਬ 'ਚ ਕਾਨੂੰਨ ਵਿਵਸਥਾ ਦਾ ਮਾੜਾ ਹਾਲ ਹੈ। ਉਨ੍ਹਾਂ ਪੰਜਾਬ ਵਿੱਚੋਂ ਵੱਡੇ ਪੱਧਰ 'ਤੇ ਪਰਵਾਸ ਹੋਣ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਸੂਬੇ ਵਿੱਚ ਪੰਜਾਬੀਆਂ ਦੀ ਗਿਣਤੀ ਘੱਟ ਅਤੇ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਵਧ ਰਹੀ ਹੈ।

ਉਨ੍ਹਾਂ ਪੰਜਾਬ ਦੀ ਹੋਂਦ ਬਚਾਉਣ ਅਤੇ ਮੁੜ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ ਲਈ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਇਕਜੁੱਟ ਹੋ ਕੇ ਕਾਂਗਰਸ ਦਾ ਸਹਿਯੋਗ ਦੇਣ ਦਾ ਸੱਦਾ ਦਿੱਤਾ। ਇਸ ਮੌਕੇ ਫਿਲੌਰ ਹਲਕੇ ਦੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਆਸਟਰੇਲੀਆ ਕਾਂਗਰਸ ਪਾਰਟੀ ਦੇ ਅਹੁਦੇਦਾਰ ਤੇ ਸਹਿਯੋਗੀ ਆਗੂਆਂ ਲਖਵੀਰ ਸਿੰਘ ਤੂਰ, ਰਾਣਾ ਜੈ ਸਿੰਘ, ਸੁਨੀਲ ਭਾਟੀਆ, ਗਿੱਪੀ ਬਰਾੜ, ਜਗਤਾਰ ਸਿੰਘ ਨਾਗਰੀ, ਮਨੋਜ ਸ਼ੋਰੋਂ, ਸੁਖਬੀਰ ਸਿੰਘ ਸੰਧੂ ਵੱਲੋਂ ਬਾਜਵਾ ਤੇ ਵਿਧਾਇਕ ਚੌਧਰੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਗਾਜ਼ਾ: ਇਜ਼ਰਾਇਲੀ ਹਮਲੇ 'ਚ 20 ਤੋਂ ਵੱਧ ਫ਼ਲਸਤੀਨੀ ਹਲਾਕ



**ਦੀਰ ਅਲ-ਬਲਾਹ , 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇਜ਼ਰਾਇਲੀ ਫ਼ੌਜ ਨੇ ਅੱਜ ਗਾਜ਼ਾ ਪੱਟੀ ਵਿੱਚ ਭੋਜਨ ਦੀ ਤਲਾਸ਼ ਵਿੱਚ ਨਿਕਲੇ ਘੱਟ ਤੋਂ ਘੱਟ 23 ਫਲਸਤੀਨੀਆਂ ਦੀ ਹੱਤਿਆ ਕਰ ਦਿੱਤੀ। ਹਸਪਤਾਲ ਦੇ ਅਧਿਕਾਰੀਆਂ ਤੇ ਚਸ਼ਮਦੀਦਾਂ ਅਨੁਸਾਰ ਕੁਪੋਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਧਣ ਦੌਰਾਨ ਸਹਾਇਤਾ ਵੰਡ ਕੇਂਦਰਾਂ ਨੇੜੇ ਇਕੱਠੀ ਹੋਈ ਭੁੱਖੀ ਭੀੜ 'ਤੇ ਇਜ਼ਰਾਇਲੀ ਫੌਜ ਨੇ ਗੋਲੀਆਂ ਚਲਾ ਦਿੱਤੀਆਂ।

20 ਲੱਖ ਤੋਂ ਵੱਧ ਦੀ ਆਬਾਦੀ ਵਾਲੇ ਫਲਸਤੀਨੀ ਖੇਤਰ ਵਿੱਚ ਨਿਰਾਸ਼ਾ ਦਾ ਮਾਹੌਲ ਹੈ। ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਜ਼ਰਾਈਲ ਵੱਲੋਂ ਕੀਤੀ ਨਾਕਾਬੰਦੀ ਅਤੇ ਲਗਪਗ ਦੋ ਸਾਲ ਤੋਂ ਜਾਰੀ ਜੰਗ ਕਾਰਨ ਇਸ ਖੇਤਰ ਵਿੱਚ ਅਕਾਲ ਪੈਣ ਦਾ ਖ਼ਤਰਾ ਹੈ।

ਖ਼ੁਰਾਕੀ ਵੰਡ ਕੇਂਦਰ ਵੱਲ ਜਾ ਰਹੀ ਭੀੜ ਵਿੱਚ ਸ਼ਾਮਲ ਯੂਸਫ਼ ਆਬੇਦ ਨੇ ਦੱਸਿਆ ਕਿ ਉਹ ਅੰਨ੍ਹੇਵਾਹ ਗੋਲੀਬਾਰੀ ਦੀ ਲਪੇਟ ਵਿੱਚ ਆ ਗਿਆ। ਉਸਨੇ ਆਲੇ-ਦੁਆਲੇ ਦੇਖਿਆ ਤਾਂ ਜ਼ਮੀਨ 'ਤੇ ਘੱਟੋ-ਘੱਟ ਤਿੰਨ ਜਣੇ ਖ਼ੂਨ ਨਾਲ ਲਥਪਥ ਪਏ ਸਨ। ਉਸ ਨੇ ਕਿਹਾ, "ਗੋਲੀਆਂ ਚੱਲਣ ਕਾਰਨ ਮੈਂ ਉਨ੍ਹਾਂ ਦੀ ਮਦਦ ਨਹੀਂ ਕਰ ਸਕਿਆ।" ਦੱਖਣੀ ਗਾਜ਼ਾ ਦੇ ਨਾਸੇਰ ਹਸਪਤਾਲ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਸਹਾਇਤਾ ਵੰਡ ਕੇਂਦਰਾਂ ਨੇੜਿਓਂ ਲਾਸ਼ਾਂ ਬਰਾਮਦ ਕੀਤੀਆਂ ਹਨ। ਅੱਠ ਲਾਸ਼ਾਂ ਤੇਨਾ ਨੇੜਿਓਂ ਮਿਲੀਆਂ ਹਨ ਜੋ ਖਾਨ ਯੂਨਿਸ ਸਥਿਤ ਇੱਕ ਸਹਾਇਤਾ ਵੰਡ ਕੇਂਦਰ ਤੋਂ ਲਗਪਗ ਤਿੰਨ ਕਿਲੋਮੀਟਰ ਦੂਰ ਹੈ। ਇਹ ਕੇਂਦਰ ਗਾਜ਼ਾ ਮਾਨਵਤਾਵਾਦੀ ਫਾਊਂਡੇਸ਼ਨ ਵੱਲੋਂ ਚਲਾਇਆ ਜਾਂਦਾ ਹੈ, ਜੋ ਅਮਰੀਕੀ ਤੇ ਇਜ਼ਰਾਇਲੀ ਸਮਰੱਥਾ ਪ੍ਰਾਪਤ ਸੰਸਥਾ ਹੈ । ਹਸਪਤਾਲ ਨੂੰ ਰਾਫਾਹ ਵਿੱਚ ਇੱਕ ਵੱਖਰੀ ਗਾਜ਼ਾ ਮਾਨਵਤਾਵਾਦੀ ਫਾਊਂਡੇਸ਼ਨ ਦੇ ਕੇਂਦਰ ਤੋਂ ਸੈਂਕੜੇ ਮੀਟਰ ਉੱਤਰ ਵਿੱਚ ਸਥਿਤ ਸ਼ਾਕੋਸ਼ ਖੇਤਰ ਵਿੱਚੋਂ ਵੀ ਇੱਕ ਲਾਸ਼ ਮਿਲੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੋਰਾਗ ਕੌਰੀਡੋਰ ਦੇ ਨੇੜੇ ਫੌਜ ਵੱਲੋਂ ਨੌਂ ਹੋਰ ਵਿਅਕਤੀਆਂ ਦੀ ਵੀ ਹੱਤਿਆ ਕਰ ਦਿੱਤੀ ਗਈ। ਉਹ ਇਜ਼ਰਾਇਲੀ ਸਰਹੱਦ ਪਾਰ ਕਰ ਕੇ ਗਾਜ਼ਾ ਵਿੱਚ ਦਾਖ਼ਲ ਹੋਣ ਵਾਲੇ ਟਰੱਕਾਂ ਦੀ ਉਡੀਕ ਕਰ ਰਹੇ ਸਨ।

# ਮੁੱਖ ਮੰਤਰੀ ਨੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ

## ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਕੀਤੀ ਅਰਦਾਸ

**ਚਮਕੌਰ ਸਾਹਿਬ (ਰੋਪੜ), 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸੂਬੇ ਵਿੱਚ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।



ਮੁੱਖ ਮੰਤਰੀ ਨੇ ਇਹ ਵੀ ਅਰਦਾਸ ਕੀਤੀ ਕਿ ਸੂਬੇ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਹਰ ਬੀਤਦੇ ਦਿਨ ਨਾਲ ਮਜ਼ਬੂਤ ਹੋਵੇ ਅਤੇ ਪੰਜਾਬ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕਰੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਅਤੇ ਬੇਮਿਸਾਲ ਵਿਕਾਸ ਤੇ ਤਰੱਕੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਦਾ ਮੌਕਾ ਮਿਲਣ ਲਈ ਆਪਣੇ-ਆਪ ਨੂੰ ਖੁਸ਼ਨਸੀਬ ਸਮਝਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੀ ਸੇਵਾ ਲਈ ਮਹਾਨ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ’ਤੇ ਚੱਲ ਰਹੀ ਹੈ ਅਤੇ ਸੂਬੇ ਦੇ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕਰਨ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੂੰ ਮਹਾਨ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਜ਼ਿੰਮੇਵਾਰੀ ਅਤੇ ਸੇਵਾ ਦੀ ਭਾਵਨਾ ਮਿਲਦੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਵਾਹਿਗੁਰੂ ਦੇ ਆਸ਼ੀਰਵਾਦ ਨਾਲ ਪੰਜਾਬ ਹਰ ਖੇਤਰ ਵਿੱਚ ਦੇਸ਼ ਵਿੱਚ ਮੋਹਰੀ ਸੂਬਾ ਬਣ ਕੇ ਉਭਰੇਗਾ। ਭਗਵੰਤ ਸਿੰਘ ਮਾਨ ਨੇ ਆਪਣੀ ਫੇਰੀ ਨੂੰ ਵਿਸ਼ੇਸ਼ ਦੱਸਦਿਆਂ ਕਿਹਾ ਕਿ ਇਹ ਉਹ ਪਵਿੱਤਰ ਸਥਾਨ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਸ਼ਹਾਦਤ ਦਿੱਤੀ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਇਸ ਪਵਿੱਤਰ ਧਰਤੀ ਦੇ ਸੰਪੂਰਨ ਵਿਕਾਸ ਨੂੰ ਯਕੀਨੀ ਬਣਾਏਗੀ ਅਤੇ ਇਸ ਲਈ ਸਾਰੇ ਲੋੜੀਂਦੇ ਯਤਨ ਜਾਰੀ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਕਿਉਂਕਿ ਸਰਕਾਰ ਇਸ ਇਤਿਹਾਸਕ ਅਤੇ ਅਧਿਆਤਮਿਕ ਮਹੱਤਤਾ ਵਾਲੇ ਸਥਾਨ ਨੂੰ ਵਿਕਸਤ ਕਰਨ ਲਈ ਵਚਨਬੱਧ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸਬੰਧੀ ਸੁਚੱਜੀ ਯੋਜਨਾਬੰਦੀ ਪਹਿਲਾਂ ਹੀ ਮੁਕੰਮਲ ਹੋ ਚੁੱਕੀ ਹੈ ਅਤੇ ਇਸ ਨੂੰ ਜਲਦ ਹੀ ਲਾਗੂ ਕੀਤਾ ਜਾਵੇਗਾ।

ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਯੋਜਨਾਬੱਧ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸੂਬੇ ਵਿੱਚ ਪਹਿਲਾਂ ਹੀ ਇੱਕ ਨਵੀਂ ਅਤੇ ਪ੍ਰਗਤੀਸ਼ੀਲ ਲੈਂਡ ਪੂਲਿੰਗ ਨੀਤੀ ਪੇਸ਼ ਕੀਤੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਿਸਾਨਾਂ ਸਮੇਤ ਸਾਰੇ ਭਾਈਵਾਲਾਂ ਦੀ ਫੀਡਬੈਕ ਲਈ ਜਾਵੇਗੀ ਅਤੇ ਇਸ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਇਹ ਲੋਕਾਂ ਦੀ ਸਰਕਾਰ ਹੈ ਅਤੇ ਸਰਕਾਰ ਵੱਲੋਂ ਹਰੇਕ ਫ਼ੈਸਲਾ ਜਨਤਾ ਨਾਲ ਸਲਾਹ-ਮਸ਼ਵਰਾ ਕਰਕੇ ਹੀ ਲਿਆ ਜਾਂਦਾ ਹੈ।

ਇਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਦੋਸ਼ ਲਗਾਇਆ ਕਿ ਬੀਤੇ ਸਮੇਂ ਵਿੱਚ ਕਾਂਗਰਸੀ ਆਗੂ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰਦੇ ਰਹੇ ਹਨ, ਜਿਸ ਨਾਲ ਗੈਰ ਸਮਾਜੀ ਤੱਤਾਂ ਨੂੰ ਉਤਸ਼ਾਹ ਮਿਲਦਾ ਰਿਹਾ।

ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਕਾਂਗਰਸੀ ਆਗੂਆਂ ਦੇ ਪਰਿਵਾਰਾਂ ਨੂੰ ਇਨ੍ਹਾਂ ਗੁੰਡਾ ਅਨਸਰਾਂ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਅਤੀਤ ਵਿੱਚ ਕੀਤੇ ਕੰਮਾਂ ਦੇ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਸ਼ਿਵ ਸੈਨਾ ਹਿੰਦੁਸਤਾਨ ਨੇ ਜ਼ਿਲ੍ਹਾ ਪਟਿਆਲਾ ਦੇ ਘਨੌਰ ਕਸਬੇ ਵਿੱਚ ਸੰਗਠਨ ਬਣਾਇਆ




**ਪਟਿਆਲਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਨੇ ਪੇਂਡੂ ਖੇਤਰਾਂ ਵੱਲ ਆਪਣੇ ਸੰਗਠਨ ਦਾ ਵਿਸਥਾਰ ਕਰਦੇ ਹੋਏ, ਅੱਜ ਜ਼ਿਲ੍ਹਾ ਪਟਿਆਲਾ ਦੇ ਘਨੌਰ ਕਸਬੇ ਵਿੱਚ ਇੱਕ ਸੰਗਠਨ ਬਣਾਇਆ।

ਜ਼ਿਲ੍ਹਾ ਸ਼ਿਵ ਸੈਨਾ ਹਿੰਦੁਸਤਾਨ ਦਿਹਾਤੀ ਪਟਿਆਲਾ ਦੇ ਘਨੌਰ ਕਸਬੇ ਵਿੱਚ, ਸ਼ਿਵ ਸੈਨਾ ਹਿੰਦੁਸਤਾਨ ਇਕਾਈ ਵੱਲੋਂ ਸ਼੍ਰੀ ਪ੍ਰਵੀਨ ਸ਼ਰਮਾ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਉਨ੍ਹਾਂ ਤੋਂ ਇਲਾਵਾ, ਇਹ ਐਲਾਨ ਕੀਤਾ ਗਿਆ ਕਿ ਸ਼੍ਰੀ ਸੁਰੇਂਦਰ ਪਾਲ ਸ਼ਰਮਾ ਨੂੰ ਉਪ ਪ੍ਰਧਾਨ, ਕੁਲਦੀਪ ਕੁਮਾਰ ਨੂੰ ਜਨਰਲ ਸਕੱਤਰ, ਨਿੰਪਲ ਸ਼ਰਮਾ ਨੂੰ ਸਕੱਤਰ, ਸ਼ੁਭਮ ਸ਼ਰਮਾ ਨੂੰ ਖਜ਼ਾਨਚੀ, ਵਿਸ਼ਾਲ ਸ਼ਰਮਾ ਨੂੰ ਸਲਾਹਕਾਰ, ਧਰਮਵੀਰ ਨੂੰ ਕਾਰਜਕਾਰੀ ਮੈਂਬਰ, ਵਰਿੰਦਰ ਸਿੰਘ ਨੂੰ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦੇ ਹੋਏ, ਸ਼ਿਵ ਸੈਨਾ ਹਿੰਦੁਸਤਾਨ ਜ਼ਿਲ੍ਹਾ ਦਿਹਾਤੀ ਪਟਿਆਲਾ ਦੇ ਪ੍ਰਧਾਨ ਸ਼੍ਰੀ ਪੁਰਸ਼ੋਤਮ ਗੋਸਵਾਮੀ ਨੇ ਕਿਹਾ ਕਿ ਅੱਜ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਨੇ ਆਪਣੇ ਨਿਵਾਸ ਦਫ਼ਤਰ ਵਿਖੇ ਉਨ੍ਹਾਂ ਸਾਰਿਆਂ ਨੂੰ ਨਿਯੁਕਤੀ ਪੱਤਰ ਅਤੇ ਪਾਰਟੀ ਪਟਕਾ ਪਵਾ ਕੇ ਅਸ਼ੀਰਵਾਦ ਦਿੱਤਾ ਅਤੇ ਅਹੁਦਿਆਂ ’ਤੇ ਉਨ੍ਹਾਂ ਦੀ ਨਿਯੁਕਤੀ ਦਾ ਐਲਾਨ ਕੀਤਾ।

# ਫਿਰੋਜ਼ਪੁਰ ਦੀ ਗੱਡੀ ਕਠੂਆ ਨੇੜੇ ਖੱਡ ’ਚ ਡਿੱਗੀ; ਦੋ ਦੀ ਮੌਤ, ਤਿੰਨ ਜ਼ਖਮੀ

**ਫਿਰੋਜ਼ਪੁਰ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਫਿਰੋਜ਼ਪੁਰ ਨਾਲ ਸਬੰਧਤ ਇੱਕ ਗੱਡੀ ਨਾਲ ਅੱਜ ਦੁਪਹਿਰ ਜੰਮੂ-ਕਸ਼ਮੀਰ ਵਿੱਚ ਕਠੂਆ-ਬਸੋਹਲੀ ਸੜਕ ’ਤੇ ਕੈਂਟਾ ਮੋੜ (ਡਖਨਾਕਾ) ਨੇੜੇ ਥਾਣਾ ਬਸੰਤਪੁਰ ਵਿੱਚ ਹਾਦਸਾ ਵਾਪਰ ਗਿਆ। ਗੱਡੀ ਨੰਬਰ ਪੀਬੀ-10 ਕੇਬੀ 5888 ਬੇਕਾਬੂ ਹੋ ਕੇ ਖੱਡ ਵਿੱਚ ਡਿੱਗ ਪਈ ਅਤੇ ਕਾਰ ਵਿੱਚ ਸਵਾਰ ਪੰਜ ਵਿਅਕਤੀ ਗੰਭੀਰ ਜ਼ਖਮੀ ਹੋ ਗਏ।

ਬਸੰਤਪੁਰ ਪੁਲੀਸ ਪਾਰਟੀ ਨੇ ਮੌਕੇ ’ਤੇ ਪਹੁੰਚ ਕੇ ਜ਼ਖ਼ਮੀਆਂ ਨੂੰ ਜੀਐੱਮਸੀ ਕਠੂਆ ਹਸਪਤਾਲ ਪਹੁੰਚਾਇਆ, ਜਿਥੇ ਡਾਕਟਰਾਂ ਨੇ ਮਹਿੰਦਰਪਾਲ ਅਤੇ ਪਵਨ ਮਦਾਨ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਦਿੱਤਾ। ਬਾਕੀ ਤਿੰਨ ਜ਼ਖਮੀਆਂ ਸਨੀ ਅਰੋੜਾ, ਸੁਧੀਰ ਅਤੇ ਅਨਿਲ ਮੋਂਗਾ (ਸਾਰੇ ਫਿਰੋਜ਼ਪੁਰ ਦੇ ਵਸਨੀਕ) ਦਾ ਇਲਾਜ ਚੱਲ ਰਿਹਾ ਹੈ।

# ਖ਼ੁਦਕੁਸ਼ੀ ਮਾਮਲਾ: ਟਰਾਲੀ ’ਤੇ ਲਾਸ਼ਾਂ ਰੱਖ ਕੇ ਰੋਸ ਮਾਰਚ; ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ; ਬਾਜ਼ਾਰ ਬੰਦ ਰਹੇ

**ਪਾਤੜਾਂ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਸੇ ਚੋਰੀ ਦੇ ਦੋਸ਼ ਲਾਉਣ ਵਾਲੇ ਟਰੱਕ ਮਾਲਕ (ਪੁਲੀਸ ਮੁਲਾਜ਼ਮ) ਵੱਲੋਂ ਡਰਾਈਵਰ ਅਤੇ ਕੰਡਕਟਰ ਦੀ ਕੁੱਟਮਾਰ ਕੀਤੀ ਗਈ ਸੀ। ਇਸ ਮਗਰੋਂ ਡਰਾਈਵਰ ਤੇ ਕੰਡਕਟਰ ਨੇ ਨਮੋਸ਼ੀ ਨਾ ਸਹਾਰਦਿਆਂ ਖ਼ੁਦਕੁਸ਼ੀ ਕਰ ਲਈ। ਪਿੰਡ ਨਿਆਲ ਦੇ ਦੋਵੇਂ ਨੌਜਵਾਨਾਂ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਅਤੇ ਮੁੱਖ ਮੁਲਜ਼ਮ ਦੀ ਗ੍ਰਿਫ਼ਤਾਰੀ ਤੱਕ ਦੇਹਾਂ ਸਸਕਾਰ ਨਾ ਕਰਨ ਨੂੰ ਲੈ ਕੇ ਚੱਲ ਰਿਹਾ ਸੰਘਰਸ਼ ਜਾਰੀ ਹੈ। ਪਾਤੜਾਂ-ਪਟਿਆਲਾ ਸੜਕ ’ਤੇ ਬਾਈਪਾਸ ਚੌਕ ਨਿਆਲ ’ਤੇ ਲਾਸ਼ਾਂ ਰੱਖ ਕੇ ਦਿੱਤਾ ਜਾ ਰਿਹਾ ਧਰਨਾ ਛੇਵੇਂ ਦਿਨ ਵੀ ਜਾਰੀ ਰਿਹਾ। ਪੀੜਤ ਪਰਿਵਾਰਾਂ ਤੇ ਪਿੰਡ ਵਾਸੀਆਂ ਵੱਲੋਂ ਬਣਾਈ ਐਕਸ਼ਨ ਕਮੇਟੀ ਦੇ ਸੱਦੇ ਉੱਤੇ ਚਾਰ ਘੰਟਿਆਂ ਦੇ ਦਿੱਤੇ ਬੰਦ ਦੇ ਸੱਦੇ ਨੂੰ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਸਵੇਰੇ ਜਦੋਂ ਮ੍ਰਿਤਕਾਂ ਦੀਆਂ ਲਾਸ਼ਾਂ ਲੈ ਕੇ ਸ਼ਹਿਰ ਵਿੱਚ ਰੋਸ ਮਾਰਚ ਕੱਢਣ ਦੀਆਂ ਤਿਆਰੀਆਂ ਕੀਤੀਆਂ ਤਾਂ ਪੁਲੀਸ ਫੋਰਸ ਤਾਇਨਾਤ ਕਰ ਦਿੱਤੀ ਗਈ। ਪੁਲੀਸ ਨੇ ਟਰੱਕ ਲਗਾ ਕੇ ਸੜਕ ਨੂੰ ਰੋਕਣ ਦਾ ਯਤਨ ਕੀਤਾ। ਕਿਸਾਨ ਜਥੇਬੰਦੀਆਂ ਨੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ’ਚ ਮੀਟਿੰਗ ਕੀਤੀ। ਇਸ ਤੋਂ ਬਾਅਦ ਜਦੋਂ ਵੱਡੀ ਗਿਣਤੀ ਵਿੱਚ ਕਿਸਾਨ ਜਥੇਬੰਦੀਆਂ ਵਰਕਰਾਂ ਸਮੇਤ ਧਰਨੇ ਵਾਲੀ ਥਾਂ ਉੱਤੇ ਪੁਜੀਆਂ ਤਾਂ ਪੁਲੀਸ ਨੇ ਰੋਕਾਂ ਹਟਾ ਦਿੱਤੀਆਂ। ਪ੍ਰਦਰਸ਼ਨਕਾਰੀਆਂ ਵੱਲੋਂ ਦੋਵੇਂ ਮ੍ਰਿਤਕ ਨੌਜਵਾਨਾਂ ਦੀਆਂ ਲਾਸ਼ਾਂ ਟਰਾਲੀ ਵਿੱਚ ਰੱਖ ਕੇ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ। ਰੋਸ ਮਾਰਚ ਪਟਿਆਲਾ ਰੋਡ, ਨਰਵਾਣਾ ਰੋਡ, ਅਨਾਜ ਮੰਡੀ ਹੁੰਦਾ ਹੋਇਆ ਜਾਖਲ ਰੋਡ ਰਾਹੀਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਪੁੱਜਿਆ ਤੇ ਸ਼ਹੀਦ ਭਗਤ ਸਿੰਘ ਚੌਂਕ ਵਿਖੇ ਰੋਸ ਰੈਲੀ ਕੀਤੀ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਡਿਪਟੀ ਜਨਰਲ ਸਕੱਤਰ ਕੁਲਵੰਤ ਸਿੰਘ ਮੌਲਵੀਵਾਲਾ ਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਨੇ ਕਿਹਾ ਕਿ ਭਾਰਤੀ ਸੰਵਿਧਾਨ ਮੁਤਾਬਕ ਕਿਸੇ ਨੂੰ ਮਰਨ ਲਈ ਮਜਬੂਰ ਕਰਨਾ ਗੁਨਾਹ ਹੈ ਇਸ ਲਈ ਕਤਲ ਲਈ ਸਜ਼ਿੰਮੇਵਾਰ ਵਿਅਕਤੀਆਂ ਉੱਤੇ ਕਤਲ ਦੀਆਂ ਧਾਰਾਵਾਂ ਲਾਈਆਂ ਜਾਣ।



ਪ੍ਰਸ਼ਾਸਨ ਵੱਲੋਂ ਐਸਐਸਪੀ ਵਰੁਣ ਸ਼ਰਮਾ, ਏਡੀਸੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ, ਐਸਪੀ ਹੈੱਡ ਕੁਆਰਟਰ ਵੈਭਵ ਚੌਧਰੀ ਤੇ ਹੋਰ ਅਧਿਕਾਰੀਆਂ ਵੱਲੋਂ ਐਕਸ਼ਨ ਕਮੇਟੀ ਦੇ ਆਗੂਆਂ ਨਾਲ ਮੀਟਿੰਗ ਕੀਤੀ। ਐਕਸ਼ਨ ਕਮੇਟੀ ਦੇ ਆਗੂਆਂ ਵੱਲੋਂ ਮੁੱਖ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਦੇ ਨਾਲ ਨਾਲ ਪਰਿਵਾਰ ਲਈ ਵਿੱਤੀ ਸਹਾਇਤਾ ਤੇ ਇੱਕ ਇੱਕ ਮੈਂਬਰ ਨੂੰ ਯੋਗਤਾ ਅਨੁਸਾਰ ਨੌਕਰੀ ਦੇਣ ਦੀ ਮੰਗ ਰੱਖੀ ਗਈ। ਐਸਪੀ ਵੈਭਵ ਚੌਧਰੀ ਨੇ ਮੰਗਾਂ ਨੂੰ ਹੱਲ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਭਰੋਸਾ ਦਿੱਤਾ।

# ਆਮ ਆਦਮੀ ਕਲੀਨਿਕਾਂ ’ਚ ਵਟਸਐਪ ਚੈਟਬੋਟ ਦੀ ਸ਼ੁਰੂਆਤ ਸਿਹਤ ਸੇਵਾਵਾਂ ਨੂੰ ਹੋਰ ਆਸਾਨ, ਤੇਜ਼ ਤੇ ਪ੍ਰਭਾਵਸ਼ਾਲੀ ਬਣਾਏਗੀ : ਮੋਹਿੰਦਰ ਭਗਤ

**ਚੰਡੀਗੜ੍ਹ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਅੱਜ ਸੂਬੇ ਦੇ ਸਾਰੇ ਆਮ ਆਦਮੀ ਕਲੀਨਿਕਾਂ ਵਿੱਚ ਵਟਸਐਪ ਚੈਟਬੋਟ ਸੇਵਾ ਦੀ ਸ਼ੁਰੂਆਤ ਕਰਨ ‘ਤੇ ਉਨ੍ਹਾਂ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਹ ਤਕਨੀਕੀ ਪਹਿਲ ਸਿਹਤ ਸੇਵਾਵਾਂ ਨੂੰ ਹੋਰ ਆਸਾਨ, ਤੇਜ਼ ਤੇ ਪ੍ਰਭਾਵਸ਼ਾਲੀ ਬਣਾਏਗੀ।



ਕੈਬਿਨਟ ਮੰਤਰੀ ਨੇ ਕਿਹਾ ਕਿ ਹੁਣ ਮਰੀਜ਼ਾਂ ਨੂੰ ਆਪਣੀਆਂ ਦਵਾਈਆਂ, ਟੈਸਟ ਰਿਪੋਰਟਾਂ, ਅਪਾਇੰਟਮੈਂਟ ਰਿਮਾਈਂਡਰ ਅਤੇ ਸਿਹਤ ਸਬੰਧੀ ਹੋਰ ਜਾਣਕਾਰੀਆਂ ਸਿੱਧਾ ਆਪਣੇ ਵਟਸਐਪ ’ਤੇ ਮਿਲ ਸਕਣਗੀਆਂ। ਉਨ੍ਹਾਂ ਕਿਹਾ ਕਿ ਇਸ ਸੇਵਾ ਸਦਕਾ ਲੋਕਾਂ ਨੂੰ ਕਲੀਨਿਕਾਂ ਦੀਆਂ ਲਾਈਨਾਂ ’ਚ ਖੜ੍ਹੇ ਹੋਣ ਦੀ ਲੋੜ ਨਹੀਂ ਰਹੇਗੀ।

ਉਨ੍ਹਾਂ ਦੱਸਿਆ ਕਿ ਇਹ ਆਟੋਮੈਟਿਕ ਚੈਟਬੋਟ ਸਿਸਟਮ ਮਰੀਜ਼ਾਂ ਦੀ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਸੰਭਾਲੇਗਾ ਅਤੇ ਕਾਗਜ਼ੀ ਰਿਕਾਰਡ ਤੋਂ ਵੀ ਮੁਕਤੀ ਮਿਲੇਗੀ, ਜਿਸ ਨਾਲ ਜਿਥੇ ਸਮਾਂ ਬਚੇਗਾ ਉਥੇ ਕਾਰਗੁਜ਼ਾਰੀ ਵਿੱਚ ਵੀ ਤੇਜ਼ੀ ਆਵੇਗੀ।

ਸ਼ ?ਰੀ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿਹਤ ਦੇ ਖੇਤਰ ਵਿੱਚ ਕ੍ਰਾਂਤੀ ਲਿਆਂਦੀ ਹੈ ਅਤੇ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ ’ਤੇ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਇਨ੍ਹਾਂ ਕਲੀਨਿਕਾਂ ਵਿੱਚ ਵਟਸਐਪ ਸੇਵਾ ਦੀ ਸ਼ੁਰੂਆਤ ਨਾਲ ਪੰਜਾਬ ਦਾ ਸਿਹਤ ਮਾਡਲ ਹੋਰ ਮਜ਼ਬੂਤ ਹੋਇਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਦਵਾਈਆਂ ਦੀ ਲਿਸਟ ਤੇ ਜਾਣਕਾਰੀ, ਲੈਬ ਟੈਸਟ ਰਿਪੋਰਟਾਂ, ਅਪਾਇੰਟਮੈਂਟ ਦੀ ਸੂਚਨਾ ਅਤੇ ਆਮ ਸਿਹਤ ਸਬੰਧੀ ਪ੍ਰਸ਼ਨਾਂ ਦੇ ਜਵਾਬ ਮਰੀਜ਼ ਇਸ ਵਟਸਐਪ ਸੇਵਾ ਰਾਹੀਂ ਪ੍ਰਾਪਤ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਹ ਨਵੀਂ ਸੇਵਾ ਸੂਬੇ ਦੀ ਆਮ ਜਨਤਾ ਲਈ ਇੱਕ ਵੱਡੀ ਸੁਵਿਧਾ ਸਾਬਤ ਹੋਵੇਗੀ ਅਤੇ ਸਰਕਾਰੀ ਸਿਹਤ ਸੇਵਾਵਾਂ ਦੀ ਪਹੁੰਚ ਨਵੀਂ ਉਚਾਈਆਂ ਤੱਕ ਲੈ ਜਾਵੇਗੀ।

# ਲੈਂਡ ਪੂਲਿੰਗ ਨੀਤੀ ਤੇ ਜਨਤਕ ਕਨਵੈਨਸ਼ਨ




**ਸਮਾਣਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਡੇਰਾ ਸ੍ਰੀ ਗੁਰੂ ਰਵਿਦਾਸ ਭਵਨ ਵਿਖੇ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਪੰਜਾਬ ਅਤੇ ਕੁਦਰਤ ਮਾਨਵ ਕੇਂਦਰ ਲੋਕ ਲਹਿਰ ਵੱਲੋ ਲੈਂਡ ਪੂਲਿੰਗ ਨੀਤੀ 2025 ਅਤੇ ਸੰਭਾਵੀ ਭਾਰਤ-ਅਮਰੀਕਾ ਵਪਾਰ ਸੰਧੀ ਦੇ ਖੇਤੀਬਾੜੀ,ਡੇਅਰੀ ਅਤੇ ਪੋਲਟਰੀ ਧੰਦਿਆ ਉਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਇੱਕ ਜਨਤਕ ਕਨਵੈਨਸ਼ਨ ਕਰਵਾਈ ਗਈ ਜਿਸ ਵਿੱਚ ਵੱਖ ਵੱਖ ਕਿਸਾਨ ਜਥੇਬੰਦੀਆ ਦੇ ਆਗੂਆਂ ਅਤੇ ਵਰਕਰਾਂ ਨੇ ਭਰਵੀ ਸਿਰਕਤ ਕੀਤੀ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਦੇ ਆਗੂ ਸੁਖਦੇਵ ਸਿੰਘ ਭੁਪਾਲ ਨੇ ਆਖਿਆ ਕਿ ਲੈਂਡ ਪੂਲਿੰਗ ਨੀਤੀ ਨਾ ਕੇਵਲ ਕਿਸਾਨ ਵਿਰੋਧੀ ਹੈ ਸਗੋ ਇਹ ਵਾਤਾਵਰਣ ਅਤੇ ਸਮੁੱਚੇ ਪੰਜਾਬੀ ਸਮਾਜ ਦੇ ਵੀ ਵਿਰੁੱਧ ਹੈ ਉਨਾਂ ਕਿਹਾ ਕਿ ਇਹ ਨੀਤੀ ਪੰਜਾਬ ਦੇ ਕਿਸਾਨਾਂ ਨੂੰ ਜਰੀਏ ਜ਼ਮੀਨਾਂ ਤੋ ਉਜਾੜਨ ਵਾਲੀ ਹੈ ਅਤੇਸਹਿਰੀਕਰਨ ਅਤੇ ਸਨਅਤੀਕਰਨ ਦੇ ਨਾਂ ਤੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਜਾ ਰਿਹਾ ਹੈ । ਉਕਤ ਸ੍ਰੀ ਭੁਪਾਲ ਨੇ ਆਖਿਆ ਭਾਰਤ ਅਤੇ ਅਮਰੀਕਾ ਤੋਂ ਆਉਣ ਵਾਲੇ ਦੁੱਧ ਅਤੇ ਹੋਰ ਵਸਤਾਂ ਮਨੁੱਖੀ ਤੇ ਪਸੂਆਂ ਦੇ ਖਾਣ ਲਾਇਕ ਨਹੀਂ ਹਨ । ਕਿਰਤੀ ਕਿਸਾਨ ਯੂਨੀਅਨ ਦੇ ਆਗੂ ਦਵਿੰਦਰ ਸਿੰਘ ਪੂਨੀਆ ਨੇ ਪੰਜਾਬ ਦੇ ਲੋਕਾਂ ਨੂੰ ਅਪਣੇ ਅਮੀਰ ਵਿਰਸੇ ਸੇਧ ਲੈ ਕੇ ਅਜਿਹੇ ਖਤਰਿਆਂ ਦਾ ਜਵਾਬ ਦੇਣ ਦਾ ਹੋਕਾ ਦਿੱਤਾ । ਭਾਰਤੀ ਕਿਸਾਨ ਯੂਨੀਅਨ ( ਰਾਜੇਵਾਲ) ਦੇ ਆਗੂ ਹਰਦੀਪ ਸਿੰਘ ਘਨੂੰੜਕੀ ਨੇ ਪਿੰਡਾਂ ਦੀਆਂ ਸੱਥਾਂ ਵਿੱਚ ਲੈਂਡ ਪੂਲਿੰਗ ਨੀਤੀ ਅਤੇ ਵਪਾਰ ਸਮਝੌਤੇ ਬਾਰੇ ਵਿਚਾਰ ਚਰਚਾ ਦੀ ਮੁਹਿੰਮ ਚਲਾਉਣ ਉੱਪਰ ਜੋਰ ਦਿੱਤਾ ।

ਵਿਚਾਰ ਗੋਸ਼ਟੀ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਗੁਰਮੀਤ ਸਿੰਘ ਦਿੱਤੂਪੁਰ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਨਿਰਮਲ ਸਿੰਘ ਨਰਮਾਣਾ , ਕੱਲ ਹਿੰਦ ਕਿਸਾਨ ਸਭਾ ਦੇ ਗੁਰਮੀਤ ਸਿੰਘ ਛੱਜੂਭੱਟ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਬਲਰਾਜ ਜੋਸੀ ਤੋਂ ਇਲਾਵਾ ਕਿਸਾਨ ਵਿਕਾਸ ਫਰੰਟ ਦੇ ਆਗੂ ਕੁਲਦੀਪ ਸਿੰਘ ਪਾਲੀਆ, ਗੁਰਚਰਨ ਸਿੰਘ ਖੱਟੜਾ,ਗੁਰਬਖਸ਼ੀਸ ਸਿੰਘ ਕੋਲ ਅਤੇ ਗੁਰਪ੍ਰੀਤ ਸਿੰਘ ਕਮੇਲੀ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ ਕਨਵੈਨਸ਼ਨ ਦਾ ਮੰਚ ਸੰਚਾਲਨ ਜਗਪਾਲ ਸਿੰਘ ਊਧਾ ਅਤੇ ਪਰਮਾਤ ਸਿੰਘ ਨਾਭਾ ਵੱਲੋਂ ਕੀਤਾ ਗਿਆ ਅਤੇ ਤਰਸੇਮ ਸਿੰਘ ਨੰਡਿਆਲੀ ਗਮਦੂਰ ਸਿੰਘ ਕੱਲਾਮਾਜਰਾ ਦਵਿੰਦਰ ਸਿੰਘ ਨੋਹਰਾ ਰਣਜੀਤ ਸਿੰਘ ਬਿਰੜਵਾਲ ਵੀ ਹਾਜ਼ਰ ਹੋਏ।

# ਸੰਗਰੂਰ ਦੇ ਪਿੰਡ ਨਮੋਲ ’ਚ ਘਰ ਵਿਚੋਂ 1 ਕਰੋੜ ਦੇ ਗਹਿਣੇ ਤੇ 2.35 ਲੱਖ ਦੀ ਨ.ਗਦੀ ਚੋਰੀ



**ਸੰਗਰੂਰ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ: ਪਿੰਡ ਨਮੋਲ ਵਿਚ ਬੀਤੀ ਰਾਤ ਘਰ ’ਚ ਦਾਖਲ ਹੋਏ ਚੋਰ 92 ਤੋਲੇ ਸੋਨੇ ਦੇ ਗਹਿਣੇ ਅਤੇ 2.35 ਲੱਖ ਰੁਪਏ ਚੋਰੀ ਕਰਕੇ ਲੈ ਗਏ। ਪੁਲੀਸ ਨੇ ਚੋਰਾਂ ਦੀ ਪੈੜ ਨੱਪਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਚੋਰ ਰਾਤ ਨੂੰ ਘਰ ਦੇ ਪਿੱਛੋਂ ਦੀ ਕੰਧ ਟੱਪ ਕੇ ਅੰਦਰ ਵੜੇ। ਘਰ ਦੇ ਅੰਦਰ ਨਵੀਂ ਬਣੀ ਕੋਠੀ ਦੇ ਪਿਛਲੇ ਪਾਸੇ ਪੁਰਾਣੇ ਘਰ ਵਿੱਚ ਪਰਿਵਾਰ ਇੱਕ ਕਮਰੇ ’ਚ ਸੁੱਤਾ ਸੀ। ਚੋਰਾਂ ਨੇ ਸਟੋਰ ਰੂਮ ਦਾ ਜਿੰਦਰਾ ਤੋੜ ਕੇ ਅੰਦਰੋਂ ਦੋ ਪੇਟੀਆਂ ਤੇ ਤਿੰਨ ਅਲਮਾਰੀਆਂ ਅਤੇ ਦੂਸਰੇ ਦੋ ਬੈਡਰੂਮਾਂ ਵਿੱਚੋਂ ਦੋ ਅਲਮਾਰੀਆਂ ਵਿੱਚੋਂ ਸੋਨਾ ਅਤੇ ਨਗਦੀ ਚੋਰੀ ਕੀਤੇ।

ਮਕਾਨ ਮਾਲਕ ਚੂਹੜ ਸਿੰਘ (ਭੋਲਾ ਸਿੰਘ ਨੰਬਰਦਾਰ) ਨੇ ਦੱਸਿਆ ਕਿ ਉਹ, ਉਸ ਦੀ ਪਤਨੀ, ਉਸ ਦੀ ਨੂੰਹ ਅਤੇ ਉਸ ਦੀ ਪੋਤੀ ਇੱਕ ਕਮਰੇ ਵਿੱਚ ਸੁੱਤੇ ਪਏ ਸਨ। 12 ਤੋਂ ਲੈ ਕੇ ਤਿੰਨ ਵਜੇ ਦੇ ਕਰੀਬ ਚੋਰ ਉਨ੍ਹਾਂ ਦੇ ਘਰ ਵਿੱਚ ਰਾਤ ਨੂੰ ਦਾਖਲ ਹੁੰਦੇ ਹਨ। ਸਟੋਰ ਰੂਮ ਦਾ ਦਰਵਾਜ਼ਾ ਤੋੜ ਕੇ ਉਹ ਅੰਦਰ ਪਈਆਂ ਪੇਟੀਆਂ ਅਤੇ ਅਲਮਾਰੀਆਂ ਵਿੱਚ ਪਿਆ ਸੋਨਾ ਅਤੇ ਦੂਸਰੇ ਦੋ ਬੈਡਰੂਮਾਂ ਵਿੱਚ ਅਲਮਾਰੀਆਂ ਦੇ ਅੰਦਰ ਪਿਆ ਗਹਿਣੇ ਚੋਰੀ ਕਰਕੇ ਘਰ ਦੇ ਪਿਛਲੇ ਗੇਟ ਰਾਹੀਂ ਭੱਜੇ ਹਨ। ਉਸ ਦੇ ਭਤੀਜੇ ਰਮਨਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਚਚੇਰੇ ਭਰਾ ਤੇ ਭੈਣ ਵਿਦੇਸ਼ ਰਹਿੰਦੇ ਹਨ ਜਿਨ੍ਹਾਂ ਦੇ ਵਿਆਹ ਦੇ ਗਹਿਣੇ ਸੀ। ਪੁਲੀਸ ਨੂੰ ਫੋਨ ਕਰਕੇ ਘਟਨਾ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਪੁਲੀਸ ਵੱਲੋਂ ਨੇੜਲੇ ਸੀਸੀਟੀਵੀ ਖੰਗਾਲੇ ਜਾ ਰਹੇ ਹਨ ਅਤੇ ਫਿੰਗਰ ਪ੍ਰਿੰਟ ਰਾਹੀਂ ਬਿਊਰੋ ਦੀ ਹੈਲਪ ਲੈ ਕੇ ਜਾਂਚ ਕੀਤੀ ਜਾ ਰਹੀ ਹੈ।

# ਖਾਣ-ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਰੋਕਣ ਲਈ ਛਾਪੇਮਾਰੀ




**ਲੁਧਿਆਣਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੱਖਣੀ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਦੇ ਪਤੀ ਹਰਪ੍ਰੀਤ ਸਿੰਘ, ਐਸਐਫਓ ਹਰਸਿਮਰਨ ਕੌਰ, ਤਹਿਸੀਲਦਾਰ ਪੂਰਬੀ ਸੰਦੀਪ ਕੁਮਾਰ ਅਤੇ ਡਾਬਾ ਪੁਲਿਸ ਸਟੇਸ਼ਨ ਦੀ ਟੀਮ ਨੇ ਖਾਣ-ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਛਾਪੇਮਾਰੀ ਕੀਤੀ, ਜਿੱਥੇ ਡਾਬਾ ਦੇ ਮਹਾਂ ਸਿੰਘ ਨਗਰ ਵਿੱਚ ਹਨੀ ਬੇਕਰੀ ਨੇੜੇ 500 ਕਿਲੋ ਨਕਲੀ ਪਨੀਰ ਜ਼ਬਤ ਕੀਤਾ ਗਿਆ। ਵਿਧਾਇਕ ਰਾਜਿੰਦਰਪਾਲ ਛੀਨਾ ਦੇ ਪਤੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਈ ਦਿਨਾਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਸਨ ਜਿਸ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਛਾਪਿਆਂ ਦਾ ਮਕਸਦ ਮਿਲਾਵਟੀ ਖਾਣ-ਪੀਣ ਦੀਆਂ ਚੀਜ਼ਾਂ ਨੂੰ ਰੋਕਣਾ ਅਤੇ ਲੋਕਾਂ ਦੀ ਸਿਹਤ ਦੀ ਰੱਖਿਆ ਕਰਨਾ ਹੈ।

ਮਿਲਾਵਟੀ ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ ਹਾਨੀਕਾਰਕ ਰਸਾਇਣ ਅਤੇ ਹੋਰ ਅਸ਼ੁੱਧੀਆਂ ਹੋ ਸਕਦੀਆਂ ਹਨ, ਜੋ ਸਿਹਤ ਲਈ ਹਾਨੀਕਾਰਕ ਹਨ।

# ਪਿੰਡ ਵਾਸੀਆਂ ਵੱਲੋਂ ਜੋੜਿਆਂ ਦੇ ਸਮਾਜਿਕ ਬਾਈਕਾਟ ਦਾ ਧਰਮਵੀਰ ਗਾਂਧੀ ਵੱਲੋਂ ਵਿਰੋਧ

**ਨਾਭਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਨੇੜਲੇ ਪਿੰਡ ਗਲਵੱਟੀ ਵੱਲੋਂ ਇੱਕ ਪਰਿਵਾਰ ਦੇ ਸਮਾਜਿਕ ਬਾਈਕਾਟ ਦੇ ਐਲਾਨ ਦਾ ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਵਿਰੋਧ ਕੀਤਾ ਹੈ। ਸੰਸਦ ਮੈਂਬਰ ਵੱਲੋਂ ਸੋਸ਼ਲ ਮੀਡਿਆ ’ਤੇ ਪੋਸਟ ਪਾ ਕੇ ਸਰਕਾਰ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ ਗਈ ਹੈ। ਹਾਲਾਂਕਿ ਕਈ ਵਰਤੋਂਕਾਰਾਂ ਨੇ ਪ੍ਰਤੀਕਿਰਿਆ ਦਿੰਦਿਆਂ ਡਾ. ਗਾਂਧੀ ਦੀ ਪੋਸਟ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਜ਼ਿਕਰਯੋਗ ਹੈ ਕਿ 2016 ਵਿੱਚ ਗਲਵੱਟੀ ਦੇ ਲੜਕਾ-ਲੜਕੀ ਨੇ ਭੱਜ ਕੇ ਵਿਆਹ ਕਰਵਾ ਲਿਆ ਸੀ। ਕਈ ਸਾਲ ਪਿੰਡ ਤੋਂ ਬਾਹਰ ਰਹਿਣ ਮਗਰੋਂ ਹੁਣ ਉਹ ਕੁਝ ਮਹੀਨਿਆਂ ਤੋਂ ਪਿੰਡ ਵਾਪਸ ਆ ਗਏ ਜਿਸ ਕਾਰਨ ਪਿੰਡ ਵਾਸੀਆਂ ਨੇ ਪਹਿਲਾਂ ਤਾਂ ਉਨ੍ਹਾਂ ਨੂੰ ਪਿੰਡ ਤੋਂ ਬਾਹਰ ਕੱਢਣ ਦੇ ਯਤਨ ਕੀਤੇ ਗਏ। ਜਦੋਂ ਇਹ ਯਤਨ ਸਫਲ ਨਾ ਹੋਏ ਤਾਂ ਇਸ ਜੋੜੇ ਦੇ ਸਮਾਜਿਕ ਬਾਈਕਾਟ ਦਾ ਐਲਾਨ ਕੀਤਾ ਗਿਆ।



ਡਾ. ਗਾਂਧੀ ਨੇ ਬਾਈਕਾਟ ਦਾ ਵਿਰੋਧ ਕਰਦਿਆਂ ਲਿਖਿਆ, “ਹਰ ਇੱਕ ਵਿਅਕਤੀ ਨੂੰ ਆਪਣਾ ਜੀਵਨ ਸਾਥੀ ਚੁਣਨ ਦੀ ਆਜ਼ਾਦੀ ਹੈ ਤੇ ਸਰਕਾਰ ਨੂੰ ਇਸ ਆਜ਼ਾਦੀ ਦੀ ਰੱਖਿਆ ਕਰਦਿਆਂ ਇਸ ਮਾਮਲੇ ਵਿੱਚ ਦਖ਼ਲ ਦੇਣਾ ਚਾਹੀਦਾ ਹੈ।” ਸੰਪਰਕ ਕਰਨ ’ਤੇ ਸੰਸਦ ਮੈਂਬਰ ਡਾ. ਗਾਂਧੀ ਨੇ ਕਿਹਾ ਕਿ ਬਾਈਕਾਟ ਦਾ ਐਲਾਨ ਇੱਕ ਸਖਤ ਐਲਾਨ ਹੈ ਤੇ ਇਹ ਉਸ ਜੋੜੇ ’ਤੇ ਮਾਨਸਿਕ ਤਣਾਅ ਬਣਾਉਣ ਵਾਲਾ ਕੰਮ ਹੈ। ਇਹ ਰਵੱਈਆ ਅਜਿਹਾ ਹੈ ਜਿਵੇਂ ਉਸ ਜੋੜੇ ਨੇ ਕੋਈ ਪਾਪ ਕਰ ਦਿੱਤਾ ਹੋਵੇ। ਜਦੋਂਕਿ ਪਿੰਡਾਂ ਵਿੱਚ ਹੀ ਕਿੰਨੇ ਲੋਕਾਂ ਦਾ ਹਰ ਤਰ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੁੰਦਾ ਹੈ ਪਰ ਉੱਥੇ ਲੋਕ ਚੁੱਪ ਰਹਿੰਦੇ ਹਨ। ਬਦਲਦੇ ਆਰਥਿਕ ਦੌਰ ਵਿੱਚ ਸਮਾਜਿਕ ਧਾਰਨਾਵਾਂ ਨੂੰ ਵੀ ਬਦਲਣਾ ਪੈਂਦਾ ਹੈ।

# ਮੇਅਰ ਇੰਦਰਜੀਤ ਕੌਰ ਵੱਲੋਂ ਭਾਜਪਾ ਕੌਂਸਲਰਾਂ ਨਾਲ ਕੀਤੇ ਗਏ ਦੁਰਵਿਵਹਾਰ ਨੂੰ ਬਰਦਾਸ਼ਤ ਨਹੀਂ ਕਰੇਗੀ ਭਾਜਪਾ : ਰਜਨੀਸ਼ ਧੀਮਾਨ

## ਮੇਅਰ ਵੱਲੋਂ ਮੁਆ.ਫ਼ੀ ਮੰਗਣ ਤੱਕ ਭਾਜਪਾ ਵਿਰੋਧ ਪ੍ਰਦਰਸ਼ਨ ਜਾਰੀ ਰੱਖੇਗੀ

**ਲੁਧਿਆਣਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਕੌਂਸਲਰਾਂ ਅਤੇ ਸੀਨੀਅਰ ਆਗੂਆਂ ਨੇ ਜ਼ੋਨ ਡੀ ਵਿੱਚ ਲੁਧਿਆਣਾ ਦੀ ਮੇਅਰ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਭਾਜਪਾ ਕੌਂਸਲਰਾਂ ਨਾਲ ਕੀਤੇ ਗਏ ਦੁਰਵਿਵਹਾਰ ਵਿਰੁੱਧ ਧਰਨਾ ਦਿੱਤਾ ਅਤੇ ਮੇਅਰ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਭਾਜਪਾ ਕੌਂਸਲਰ ਜ਼ੋਨ ਡੀ ਵਿੱਚ ਮੇਅਰ ਨੂੰ ਵਾਰਡ ਵਿੱਚ ਵਿਕਾਸ ਕਾਰਜਾਂ ਅਤੇ ਦਰਪੇਸ਼ ਸਮੱਸਿਆਵਾਂ ਸਬੰਧੀ ਮਿਲੇ।

ਮੀਟਿੰਗ ਦੌਰਾਨ ਮੇਅਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਾਜਪਾ ਕੌਂਸਲਰਾਂ ਨਾਲ ਦੁਰਵਿਵਹਾਰ ਕੀਤਾ ਅਤੇ ਉਨ੍ਹਾਂ ਨੂੰ ਉੱਥੋਂ ਜਾਣ ਲਈ ਕਿਹਾ। ਜਦੋਂ ਕੌਂਸਲਰ ਨਹੀਂ ਗਏ ਤਾਂ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਧੱਕੇ ਮਾਰੇ। ਧੀਮਾਨ ਨੇ ਕਿਹਾ ਕਿ ਮੇਅਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਾਜਪਾ ਕੌਂਸਲਰਾਂ ਨਾਲ ਨਾ ਸਿਰਫ਼ ਦੁਰਵਿਵਹਾਰ ਕੀਤਾ ਹੈ ਸਗੋਂ ਲੋਕਤੰਤਰ ਦਾ ਕਤਲ ਕੀਤਾ ਹੈ। ਮੇਅਰ ਦਾ ਕੰਮ ਸਾਰੇ ਕੌਂਸਲਰਾਂ ਨਾਲ ਬਰਾਬਰ ਵਿਵਹਾਰ ਕਰਨਾ ਹੈ। ਪਰ ’ਆਪ’ ਸਰਕਾਰ ਦੇ ਰਾਜ ਵਿੱਚ, ਜਨਤਾ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਮੇਅਰ ਦੀਆਂ ਨਜ਼ਰਾਂ ਵਿੱਚ ਕੋਈ ਮਹੱਤਤਾ ਨਹੀਂ ਹੈ। ਮੇਅਰ ਨੇ ਅੱਜ ਵਿਧਾਇਕਾਂ ਦੇ ਉਕਸਾਉਣ ’ਤੇ ਭਾਜਪਾ ਕੌਂਸਲਰਾਂ ਨਾਲ ਦੁਰਵਿਵਹਾਰ ਕੀਤਾ ਹੈ। ਜਿਸ ਨੂੰ ਭਾਜਪਾ ਬਿਲਕੁਲ ਵੀ ਬਰਦਾਸ਼ਤ ਨਹੀਂ ਕਰੇਗੀ।



ਧੀਮਾਨ ਨੇ ਕਿਹਾ ਕਿ ਧਰਨਾ ਪ੍ਰਦਰਸ਼ਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਮੇਅਰ ਇੰਦਰਜੀਤ ਕੌਰ ਮੁਆਫ਼ੀ ਨਹੀਂ ਮੰਗਦੀ। ਧੀਮਾਨ ਨੇ ਕਿਹਾ ਕਿ ਮਹਾਂਨਗਰ ਵਿੱਚ ਵਿਕਾਸ ਕਾਰਜ ਠੱਪ ਹੋਣ ਕਾਰਨ ਇੱਥੋਂ ਦੇ ਲੋਕ ਤਰਸਯੋਗ ਹਾਲਤ ਵਿੱਚ ਰਹਿਣ ਲਈ ਮਜਬੂਰ ਹਨ।

ਇਸ ਮੌਕੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ, ਮੀਤ ਪ੍ਰਧਾਨ ਜਤਿੰਦਰ ਮਿੱਤਲ, ਸਕੱਤਰ ਰੇਣੂ ਥਾਪਰ, ਖਜ਼ਾਨਚੀ ਗੁਰਦੇਵ ਸ਼ਰਮਾ ਦੇਵੀ, ਕੋਰ ਗਰੁੱਪ ਮੈਂਬਰ ਜੀਵਨ ਗੁਪਤਾ, ਸਾਬਕਾ ਜ਼ਿਲ੍ਹਾ ਪ੍ਰਧਾਨ ਪਰਵੀਨ ਬਾਂਸਲ, ਪੁਸ਼ਪੇਂਦਰ ਸਿੰਗਲ, ਸੀਨੀਅਰ ਆਗੂ ਵਿਪਨ ਸੂਦ ਕਾਕਾ, ਪਰਮਿੰਦਰ ਮਹਿਤਾ, ਜ਼ਿਲ੍ਹਾ ਮੀਤ ਪ੍ਰਧਾਨ ਕੌਂਸਲਰ ਸੁਮਨ ਸ਼ਰਮਾ ਵਰਮਾ, ਹਰਸ਼ ਸ਼ਰਮਾ,ਨਵਲ ਜੈਨ,ਕੌਂਸਲਰ ਦਲ ਦੀ ਨੇਤਾ ਪੂਨਮ ਰਤੜਾ,ਉਪ ਨੇਤਾ ਰੋਹਿਤ ਸਿੱਕਾ, ਕੌਂਸਲਰ ਸੁਨੀਲ ਮੋਦਗਿਲ, ਅਨਿਲ ਭਾਰਦਵਾਜ, ਰਾਜੇਸ਼ ਮਿਸ਼ਰਾ, ਮੁਕੇਸ਼ ਖੱਤਰੀ, ਪੱਲਵੀ ਵਿਨਾਇਕ, ਹੈਪੀ ਸ਼ੇਰਪੁਰੀਆ, ਗੌਰਵ ਜੀਤ ਸਿੰਘ ਗੋਰਾ, ਜਤਿੰਦਰ ਗੋਰੀਆ, ਪਿੰਕੂ ਸ਼ਰਮਾ, ਮੋਹਿਤ ਸਿੱਕਾ, ਦੀਪੂ ਸ਼ਰਮਾ, ਹਿਮਾਂਸ਼ੂ ਕਾਲੜਾ, ਦੀਪਕ ਜੌਹਰ, ਅਮਰੀਕ ਸਿੰਘ ਭੋਲਾ, ਸਰਦਾਰ ਇਕਬਾਲ ਸਿੰਘ, ਅਮਿਤ ਨਾਗੀ, ਸੰਜੇ ਸ਼ਰਮਾ ਆਦਿ ਹਾਜ਼ਰ ਸਨ।

# ਕੈਂਥ ਵੱਲੋਂ ਗਿਲਕੋ ਡਿਵੈਲਪਰਜ਼ ਦੇ ਮੁਖੀ ਰਣਜੀਤ ਸਿੰਘ ਗਿੱਲ ਦੇ ਘਰ ’ਤੇ ਛਾਪੇਮਾਰੀ ਦੀ ਨਿੰਦਾ

**ਚੰਡੀਗੜ੍ਹ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਆਪਣੇ ਰਾਜਨੀਤਿਕ ਵਿਰੋਧੀਆਂ ’ਤੇ ਦਬਾਅ ਪਾਉਣ ਦੀ ਰਣਨੀਤੀ ਅਪਣਾ ਰਹੀ ਹੈ ਅਤੇ ਪੰਜਾਬ ਵਿਜੀਲੈਂਸ ਬਿਊਰੋ ਦੀ ਵਰਤੋਂ ਕਰਕੇ ਆਗੂਆਂ ਦੀ ਆਵਾਜ਼ ਨੂੰ ਦਬਾਉਣ ਦੀ ਕੋਝੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਰਾਜਨੀਤਿਕ ਆਗੂ ਥਾਣਿਆਂ ਅਤੇ ਅਦਾਲਤੀ ਮਾਮਲਿਆਂ ਵਿੱਚ ਫਸੇ ਰਹਿਣ। ਭਾਜਪਾ ਐਸਸੀ ਮੋਰਚਾ ਪੰਜਾਬ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਗਿਲਕੋ ਡਿਵੈਲਪਰਜ਼ ਦੇ ਮੁਖੀ ਰਣਜੀਤ ਸਿੰਘ ਗਿੱਲ ਦੇ ਘਰ ’ਤੇ ਛਾਪੇਮਾਰੀ ਦੀ ਨਿੰਦਾ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਪੰਜਾਬ ਵਿੱਚ ਵਿਕਾਸ ਕਾਰਜ ਨਾ ਕਰ ਸਕਣ ਕਾਰਨ ਆਪਣੇ ਵਿਰੋਧੀਆਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਆਗੂ ਕੈਂਥ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਬਹੁਤ ਮਾੜੀ ਹੈ, ਸਰਕਾਰ ਨੂੰ ਇਸ ਨੂੰ ਸੁਧਾਰਨ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਆਪਣੇ ਵਿਰੋਧੀਆਂ ਨੂੰ ਦਬਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਲੋਕ ਅਜਿਹੀਆਂ ਕੋਸ਼ਿਸ਼ਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਭਗਵੰਤ ਮਾਨ ਸਰਕਾਰ ਨੂੰ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੀਂਹ ਅਤੇ ਹੜ੍ਹਾਂ ਕਾਰਨ ਪੈਦਾ ਹੋਏ ਮਾੜੇ ਹਾਲਾਤ ਵੱਲ ਧਿਆਨ ਦੇਣਾ ਚਾਹੀਦਾ ਹੈ।



ਕੌਮੀ ਪਤ੍ਰਿਕਾ

# ਅਸੀਂ ਕਿਉਂ ਨਹੀਂ ਸਿੱਖਦੇ ਵਕਤ ਨਾਲ ਚੱਲਣਾ

ਮਲਕੀਤ ਸਿੰਘ

ਬਜ਼ੁਰਗਾਂ ਦੀ ਟਾਹਣੀ 'ਚ ਬੈਠੇ ਅਕਸਰ ਇਹ ਗੱਲ ਸੁਣਨ ਨੂੰ ਮਿਲ ਜਾਂਦੀ ਹੈ ਕਿ ਲੋਕਾਂ 'ਚ ਪਹਿਲਾਂ ਜਿਹਾ ਪਿਆਰ ਨਹੀਂ ਰਿਹਾ। ਲੋਕ ਮਤਲਬ ਤਕ ਸੀਮਿਤ ਹੋ ਚੁੱਕੇ ਹਨ ਕੋਈ ਕਿਸੇ ਦਾ ਦੁੱਖ ਵਢਾਉਣਾ ਤਾਂ ਦੂਰ ਦੱਸਣ 'ਤੇ ਵੀ ਸੁਣਨਾ ਨਹੀਂ ਚਾਹੁੰਦੇ। ਸਮੇਂ ਦੀ ਭੱਜ ਦੌੜ 'ਚ ਮਨੁੱਖ ਆਪਣਿਆਂ ਤੋਂ ਵੀ ਬਹੁਤ ਦੂਰ ਹੋ ਚੁੱਕਾ ਹੈ। ਸਵੇਰੇ ਦੀ ਸ਼ੁਰੂਆਤ ਸੂਰਜ ਚੜ੍ਹਨ ਤੋਂ ਬਾਅਦ ਹੁੰਦੀ ਹੈ। ਜਾਗ ਲਿਆਉਣ ਲਈ ਸਮਾਂ ਨਿਸਚਿਤ ਕਰ ਕੇ ਅਲਾਰਮ ਲਗਾ ਲਏ ਜਾਂਦੇ ਹਨ। ਸੈਰ ਸਪਾਟਾ ਡਾਕਟਰ ਵੱਲੋਂ ਦਿੱਤੀ ਗਈ ਸਜ਼ਾ ਜਾਂ ਦਵਾਈ ਸਮਝੀ ਜਾ ਰਹੀ ਹੈ। ਦਿਨ ਦਾ ਬਹੁਤਾ ਸਮਾਂ ਮੋਬਾਈਲ ਲੈਪਟਾਪ 'ਤੇ ਗੁਜਰਦਾ ਵਿਖਾਈ ਦਿੰਦਾ। ਵਕਤ 'ਚ ਕੋਈ ਤਬਦੀਲੀ ਨਹੀਂ ਮਤਲਬ ਕੋਈ ਵਾਧ ਘਾਟ ਨਹੀਂ ਸਗੋਂ ਮਨੁੱਖ 'ਚ ਭਾਰੀ ਤਬਦੀਲੀ ਆ ਚੁੱਕੀ ਹੈ ਜਿੱਥੇ ਜਿੱਥੇ ਤਕਨੀਕ ਯੁੱਗ ਦਾ ਸਹਿਯੋਗ ਮਿਲ ਰਿਹਾ ਹਰ ਇਨਸਾਨ ਮੂੰਹੋਂ ਸੁਣਨ ਨੂੰ ਇਹੋ ਮਿਲਦਾ ਹੈ ਕਿ ਵਕਤ ਨਹੀਂ। ਫ਼ਰਕ ਸਿਰਫ਼ ਤੇ ਸਿਰਫ਼ ਇਹੀ ਰਹਿ ਗਿਆ ਹੈ ਕਿ ਅਸੀਂ ਵਕਤ ਨਾਲ ਨਹੀਂ ਚਲਦੇ।



ਸਮੇਂ ਨਾਲ ਨਾ ਕੀਤੇ ਕੰਮ, ਕਦੇ ਪੂਰੇ ਨਹੀਂ ਹੁੰਦੇ ਸਗੋਂ ਸਾਨੂੰ ਜ਼ਿੰਦਗੀ 'ਚ ਪਿੱਛੇ ਜ਼ਰੂਰ ਧਕੇਲ ਦਿੰਦੇ ਹਨ। ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਦਿਨ ਰਾਤ ਕਰ ਦਿੰਦੇ ਹਾਂ।

ਇਨ੍ਹਾਂ ਕੰਮਾਂ ਦੀ ਦੇਰੀ ਕਾਰਨ ਅਸੀਂ ਕਰੀਬੀ ਰਿਸ਼ਤੇਦਾਰ ਜਾਂ ਸਾਥੀਆ ਨੂੰ ਦੂਰ ਕਰ ਬੈਠਦੇ ਹਾਂ। ਮਤਲਬ ਕਿ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕਰ ਪਾਉਂਦੇ। ਆਮ ਸੁਣਨ ਨੂੰ ਮਿਲਦਾ ਹੈ ਕਿ ਉਹ ਕਦੇ ਜ਼ਬਾਨ 'ਤੇ ਖਰਾ ਨਹੀਂ ਉਤਰਦਾ ਜਾ ਉਤਰਦੀ। ਅਸਲ ਅਸੀਂ ਆਪਣੀ ਜ਼ਿੰਦਗੀ ਵਿਚ ਵਕਤ ਨੂੰ ਅਹਿਮੀਅਤ ਨਹੀਂ ਦੇ ਰਹੇ। ਬਹੁਤੇ ਧਰਮੀ ਕਈ ਕਈ ਘੰਟੇ ਲਾਈਨਾਂ 'ਚ ਲੱਗ ਕੇ ਵਕਤ ਖ਼ਰਾਬ ਕਰਨ ਨੂੰ ਸ਼ਰਧਾ ਦਾ ਨਾ ਦਿੰਦੇ ਹਨ।

ਪਿਛਲੇ ਦਿਨੀਂ ਇਕ ਨਵਾਂ ਵਿਆਹਿਆ ਜੋੜਾ ਆਪਣੇ ਪਰਿਵਾਰ ਸਮੇਤ ਦਰਦਨਾਕ ਸੜਕ ਹਾਦਸੇ 'ਚ ਪਰਿਵਾਰ ਸਮੇਤ ਖ਼ਤਮ ਹੋ ਗਿਆ। ਅਜਿਹੀ ਦਰਦਨਾਕ ਖ਼ਬਰਾਂ ਵੀ ਚਾਹ ਦੀਆਂ ਚੁਸਕੀਆ ਸਮੇਤ ਪੜ੍ਹ ਕੇ ਖ਼ਤਮ ਹੋ ਜਾਂਦੀ ਆ ਹਨ। ਸੋਚਿਆ ਜਾਵੇ ਤਾਂ ਇਸ ਪਰਿਵਾਰ ਦੀਆਂ ਖ਼ੁਸ਼ੀਆਂ ਪਲਾਂ ਵਿਚ ਦਰਦਨਾਕ ਹਾਦਸੇ ਨੇ ਗ਼ਮਗੀਨ ਮਾਹੌਲ 'ਚ ਤਬਦੀਲ ਕਰ ਛੱਡੀਆਂ। ਗੱਲ ਤਾਂ ਇੱਥੇ ਆ ਮੁਕਦੀ ਏ ਕਿ ਜਿਸ ਤਨ ਲਾਗੇ ਸੋਈ ਜਾਣੇ, ਕੌਣ ਜਾਣੇ ਪੀੜ ਪਰਾਈ। ਕੋਈ ਕਿਸੇ ਦੇ ਦਰਦ ਨੂੰ ਨਹੀਂ ਜਾਣਦਾ, ਦਰਦ 'ਚ ਸ਼ਾਮਲ ਹੋਣਾ ਮਜਬੂਰੀ ਸਮਝੀ ਜਾਣ ਲੱਗ ਪਈ ਹੈ। •

98762-12222

## ਮਾਂ ਦੀ ਲੋਰੀ

ਮਾਂ ਦਾ ਆਂਚਲ ਬਣ ਛਾਂ
ਦਿੰਦਾ, ਰੁੱਖਾਂ ਦਾ ਪਰਛਾਵਾਂ।
ਗੋਦੀ ਪਾ ਕੇ ਸੁੱਖ ਦਿੰਦੀਆਂ,
ਜਿਉਂ ਬੱਚਿਆਂ ਨੂੰ ਮਾਵਾਂ।

ਥੱਕਿਆ-ਟੁੱਟਿਆ
ਰਾਹੀ ਆਵੇ,
ਠੰਡਾ ਝੌਂਕਾ ਹਵਾ ਦਾ ਪਾਵੇ,
ਵਿਛਾ ਕੇ ਚਾਦਰ
ਰੁੱਖ ਦੇ ਥੱਲੇ,
ਗੂੜੀ ਨੀਂਦਰ ਉਹ ਸੌਂ ਜਾਵੇ,
ਮਾਂ ਲੋਰੀ ਵਾਂਗ
ਨੀਂਦਰ ਦੇਵਣ,
ਚੱਲਦੀਆਂ ਜਦ ਹਵਾਵਾਂ।

ਰੁੱਖਾਂ ਨਾਲ ਹੀ ਜੀਵਨ ਚੱਲੇ,
ਬਿਨ ਇਨ੍ਹਾਂ ਤੋਂ
ਸਾਹ ਨਾ ਪੱਲੇ,
ਇਨ੍ਹਾਂ ਨੂੰ ਕੱਟ ਕੇ
ਮੌਤ ਸਹੇੜਨ,
ਅੱਜ ਦੇ ਲੋਕੀ ਹੋ ਗਏ ਝੱਲੇ,
ਰੁੱਖ ਕੱਟ ਹੋ ਕੇ
ਮੁੱਕਦੇ ਜਾਵਣ,
ਸੁੰਨੀਆਂ ਹੋ ਰਹੀਆਂ ਥਾਵਾਂ।

ਘਰਾਂ ਲਈ ਖਿੜਕੀ
ਤੇ ਦਰਵਾਜੇ,
ਅਲਗੋਜੇ ਤੇ ਬਣ ਦੇ ਬਾਜੇ,
ਬਾਲਣ ਰੂਪ 'ਚ ਵਰਤ ਰੁੱਖਾਂ ਨੂੰ,
ਖਾਣੇ ਬਣਦੇ ਤਾਜ਼ੇ-ਤਾਜ਼ੇ,
ਲੱਕੜ ਤੋਂ ਬਣੇ ਢੋਲ ਤੇ ਤੂੰਬੀ,
ਵਰਗੇ ਸਾਜ ਵਜਾਵਾਂ।

ਡਬਲਬੈਡ ਅਤੇ ਮੰਜਾ ਪੀੜਾ,
ਰੱਖ ਹੋ ਜਾਂਦਾ ਕੱਪੜਾ-ਲੀੜਾ,
ਪੂਰੀ ਜ਼ਿੰਦਗੀ
ਸਾਥ ਨਿਭਾਉਂਦਾ,
ਜਿਹਦਾ ਲੱਕੜ ਹੁੰਦਾ ਚੀੜ੍ਹਾ,
ਕਿਹੜੇ-ਕਿਹੜੇ
ਕੰਮ ਇਹ ਆਉਂਦੇ,
ਕੀ-ਕੀ ਹੋਰ ਸੁਣਾਵਾਂ।

ਅੰਤ ਸਮੇਂ
ਰੁੱਖ ਈ ਕੰਮ ਆਵਣ,
ਮੁਰਦੇ ਤਾਈਂ ਵੀ ਜਲਾਵਣ,
ਰੁੱਖਾਂ ਪਾਸੋਂ ਬਾਲਣ ਲੈ ਕੇ,
ਲੋਕੀ ਮੁਰਦਾ
ਲਾਸ਼ 'ਤੇ ਪਾਵਣ,
ਪਰਸ਼ੋਤਮ ਤਾਂ ਬਸ
ਇੱਕੋ ਰੱਖੇ,
ਰੱਖਦਾ ਨਹੀਂ ਦੋ ਰਾਵਾਂ।

ਪੰਛੀ ਇਨ੍ਹਾਂ 'ਤੇ
ਘਰ ਬਣਾਵਣ,
ਚੋਗਾ ਲੈ ਕੇ ਵਾਪਸ ਆਵਣ,
ਹਰੇ ਭਰੇ ਰੁੱਖ ਲੱਗਣ ਪਿਆਰੇ,
ਸਭਨਾਂ ਦੇ ਇਹ
ਮਨ ਨੂੰ ਭਾਵਣ,
ਸਰੋਏ ਰੁੱਖਾਂ ਦੇ
ਗੁਣਾਂ ਦੀ ਗੁੱਠਲੀ,
ਕੀਕਣ ਖੋਲ੍ਹ ਦਿਖਾਵਾਂ।

ਹੜ੍ਹਾਂ ਦੀ ਮਾਰੋਂ ਬਚਾਉਂਦੇ,
ਕਾਹਤੋਂ ਲੋਕੀ
ਕਦਰ ਨਾ ਪਾਉਂਦੇ,
ਰੁੱਖਾਂ ਦੇ ਸੀਨੇ
ਫੇਰ ਕੇ ਆਰੀ,
ਪੈਸੇ ਵੱਟ ਕੇ ਜ਼ਸ਼ਨ ਮਨਾਉਂਦੇ,
ਰੁੱਖ ਲਗਾਓ ਜੀਵਨ ਬਚਾਓ,
ਸਭ ਨੂੰ ਇਹ ਸਮਝਾਵਾਂ।

• ਪਰਸ਼ੋਤਮ ਲਾਲ ਸਰੋਏ
92175-44348



# ਕਦੇ ਹੁੰਦਾ ਸੀ ਅਧਿਆਪਕ ਦਾ ਉੱਚਾ ਰੁਤਬਾ

ਜਸਵਿੰਦਰ ਸਿੰਘ ਖੁੱਡੀਆਂ



**ਵਿਦਿਆਰਥੀ ਤੇ ਅਧਿਆਪਕ ਦਾ ਰਿਸ਼ਤਾ ਪਰਸਪਰ ਪਿਆਰ ਅਤੇ ਅਪਣੱਤ 'ਤੇ ਨਿਰਭਰ ਕਰਦਾ ਹੈ। ਇਹ ਰਿਸ਼ਤਾ ਬਿਨਾਂ ਕਿਸੇ ਮੁਨਾਫ਼ਾਖ਼ੋਰੀ ਦੇ ਸਿਰਫ਼ ਗਿਆਨ ਦੇ ਅਦਾਨ-ਪ੍ਰਦਾਨ ਦਾ ਹੁੰਦਾ ਹੈ...**

ਗੁਰੂ ਜਾਂ ਮੁਰਸ਼ਦ ਦਾ ਰੁਤਬਾ ਸਾਡੇ ਧਾਰਮਿਕ ਗ੍ਰੰਥਾਂ ਅਨੁਸਾਰ ਅੱਵਲ ਦਰਸਾਇਆ ਗਿਆ ਹੈ। ਗੁਰੂ ਹੀ ਹੈ ਜੋ ਰਾਹ ਦਸੇਰਾ ਹੈ। ਗੁਰੂ ਹੀ ਬੱਚੇ ਦੇ ਮਨ ਦੀ ਕੋਰੀ ਫੱਟੀ 'ਤੇ ਪੂਰਨੇ ਪਾਉਂਦਾ ਹੈ। ਗੁਰੂ ਹੀ ਕੱਚੀ ਮਿੱਟੀ ਨੂੰ ਸਾਂਚੇ ਵਿਚ ਢਾਲ਼ ਕੇ ਸ਼ਖ਼ਸੀਅਤ ਦੀ ਉਸਾਰੀ ਕਰਦਾ ਹੈ। ਸਮਾਜਿਕ ਤਬਦੀਲੀ ਹਰ ਪੱਧਰ 'ਤੇ ਵਾਪਰਦੀ ਹੈ ਤੇ ਇਹ ਹਰ ਸ਼ੈਅ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਸੰਸਾਰ ਪੱਧਰ 'ਤੇ ਵਾਪਰ ਰਹੀਆਂ ਆਰਥਿਕ ਅਤੇ ਸਮਾਜਿਕ ਤਬਦੀਲੀ ਵਿਅਕਤੀਗਤ ਤਬਦੀਲੀਆਂ ਦਾ ਕਾਰਨ ਵੀ ਬਣਦੀਆਂ ਹਨ। ਕੋਈ ਸਮਾਂ ਸੀ ਜਦੋਂ ਅਧਿਆਪਕ ਦਾ ਰੁਤਬਾ ਅਤੇ ਮਾਣ ਸਤਿਕਾਰ ਸਮਾਜਿਕ ਪੱਧਰ 'ਤੇ ਸਭ ਤੋਂ ਉੱਪਰ ਹੁੰਦਾ ਸੀ। ਅਧਿਆਪਕ ਨੂੰ ਹਰ ਬੱਚੇ ਦੁਆਰਾ ਆਪਣੇ ਮਾਪਿਆਂ ਸਮਾਨ ਸਮਝਿਆ ਜਾਂਦਾ ਸੀ। ਬੱਚਿਆਂ ਦੇ ਮਾਪੇ ਵੀ ਅਧਿਆਪਕਾਂ ਦਾ ਦਿਲੋਂ ਸਤਿਕਾਰ ਕਰਦੇ ਸਨ। ਸਮਾਜ ਵਿਚ ਅਧਿਆਪਕ ਦਾ ਇਕ ਖ਼ਾਸ ਰੁਤਬਾ ਮੰਨਿਆ ਜਾਂਦਾ ਸੀ। ਅਧਿਆਪਕ ਨੂੰ ਰਾਜਨੀਤਿਕ, ਅਫ਼ਸਰਸ਼ਾਹੀ ਅਤੇ ਆਮ ਵਰਗ ਦੇ ਲੋਕਾਂ ਵੱਲੋਂ ਸਭ ਤੋਂ ਵੱਧ ਸਤਿਕਾਰਤ ਸਮਝਿਆ ਜਾਂਦਾ ਸੀ।

ਹੌਲੀ-ਹੌਲੀ ਸਮਾਜ ਵਿਚ ਖ਼ਪਤ ਸੱਭਿਆਚਾਰ ਦਾ ਬੋਲਬਾਲਾ ਹੋਣ ਨਾਲ ਸਮਾਜਿਕ ਤਾਣੇ ਬਾਣੇ ਵਿਚ ਵੀ ਇਹ ਸੱਭਿਆਚਾਰ ਉੱਤਰਨਾ ਸ਼ੁਰੂ ਹੋ ਗਿਆ। ਖ਼ਪਤ ਸੱਭਿਆਚਾਰ ਦਾ ਮੁੱਢਲਾ ਤੇ ਮੁੱਖ ਸਿਧਾਂਤ ਮੁਨਾਫ਼ਾ ਖੋਰੀ ਹੈ। ਇੱਥੇ ਸਿਰਫ਼ ਉਸ ਦਾ ਹੀ ਮੁੱਲ ਪੈਂਦਾ ਹੈ ਜਿਸ ਤੋਂ ਕੋਈ ਮੁਨਾਫ਼ਾ ਖੱਟਿਆ ਜਾ ਸਕਦਾ ਹੈ। ਬਦਲਦੇ ਸਮਾਜਿਕ ਸੰਦਰਭਾਂ ਨੇ ਕਿੱਤਿਆਂ ਪ੍ਰਤੀ ਸੋਚ ਨੂੰ ਵੀ ਬਦਲਣਾ ਸ਼ੁਰੂ ਕਰ ਦਿੱਤਾ। ਜਿਹੜੇ ਕਿੱਤੇ ਨਿਰੋਲ ਵਪਾਰਕ ਜਾਂ ਮਤਲਬਪ੍ਰਸਤੀ ਦੇ ਸਨ ਉਨ੍ਹਾਂ ਦੀ ਕਦਰ ਦਿਨੋ ਦਿਨ ਵਧਦੀ ਗਈ। ਰਾਜਨੀਤਕ, ਥਾਣਿਆਂ, ਕਚਹਿਰੀਆਂ, ਮਾਲ ਮਹਿਕਮੇ ਨਾਲ ਸਬੰਧਤ ਕਿੱਤੇ ਅਤੇ ਇਸ ਨਾਲ ਸਬੰਧਤ ਵਿਅਕਤੀਆਂ, ਚਾਹੇ ਉਹ ਹੇਠਲੇ ਦਰਜੇ ਦੇ ਕਰਮਚਾਰੀ ਹੀ ਕਿਉਂ ਨਾ ਹੋਣ, ਆਮ ਵਰਗ ਉਨ੍ਹਾਂ ਨਾਲ ਸੁਖਾਲੇ ਸਮਾਜਿਕ ਸਰੋਕਾਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਵਧ ਰਹੇ ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਕਰਕੇ ਹਰ ਕੋਈ ਚਾਹੁੰਦਾ ਹੈ ਕਿ ਉਸ ਦੀ ਪਹੁੰਚ ਸਰਕਾਰੀ ਤੰਤਰ ਤੱਕ ਹੋਵੇ। ਇਸ ਪਹੁੰਚ ਲਈ ਚੋਰ ਮੋਰੀ ਦਾ ਕੰਮ ਇਨ੍ਹਾਂ ਉਪਰੋਕਤ ਲਿਹਾਜ਼ ਰਾਹੀਂ ਲਿਆ ਜਾਂਦਾ ਹੈ।

ਇਸ ਦੇ ਉਲਟ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਨਿਰੋਲ ਭਾਵਨਾਤਮਕ ਹੈ ਅਤੇ ਮਹਿਜ਼ ਆਪਸੀ ਪਰਸਪਰ ਪਿਆਰ ਅਤੇ ਅਪਣੱਤ ਉੱਤੇ ਹੀ ਨਿਰਭਰ ਕਰਦਾ ਹੈ। ਇਹ ਰਿਸ਼ਤਾ ਬਿਨਾਂ ਕਿਸੇ ਮਤਲਬਪ੍ਰਸਤੀ ਜਾਂ ਮੁਨਾਫ਼ਾਖ਼ੋਰੀ ਦੇ ਸਿਰਫ਼ ਗਿਆਨ ਦੇ ਅਦਾਨ ਪ੍ਰਦਾਨ ਦਾ ਹੀ ਰਿਸ਼ਤਾ ਹੈ। ਖ਼ਪਤ ਸੱਭਿਆਚਾਰ ਨੇ ਸਮਾਜਿਕ ਸਮਝ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਹੈ ਕਿ ਵਿਅਕਤੀਗਤ ਤੌਰ 'ਤੇ ਅਸੀਂ ਸਿਰਫ਼ ਮੁਨਾਫ਼ਾਖ਼ੋਰ ਰਿਸ਼ਤੇ ਹੀ ਨਿਭਾਉਣਾ ਚਾਹੁੰਦੇ ਹਾਂ, ਭਾਵਨਾਤਮਕ ਰਿਸ਼ਤਿਆਂ ਲਈ ਥਾਂ ਦਿਨੋ ਦਿਨ ਸੁੰਗੜ ਰਿਹਾ ਹੈ।

ਅਧਿਆਪਕ ਅਤੇ ਵਿਦਿਆਰਥੀ ਦੀ ਭਾਵਨਾਤਮਕ ਸਾਂਝ ਨੂੰ ਸਭ ਤੋਂ ਵੱਡਾ ਖੋਰਾ ਪ੍ਰਾਈਵੇਟ ਅਦਾਰਿਆਂ ਦੇ ਸ਼ੁਰੂ ਹੋਣ ਤੋਂ ਬਾਅਦ ਹੋਇਆ। ਵਿਦਿਆਰਥੀ ਦਾ ਅਧਿਆਪਕ ਨਾਲ ਅਤੇ ਉਨ੍ਹਾਂ ਦੇ ਮਾਪਿਆ ਦਾ ਅਧਿਆਪਕ ਨਾਲ ਰਿਸ਼ਤਾ ਨਿਵਾਣ ਵੱਲ ਜਾ ਰਿਹਾ ਹੈ। ਜਦੋਂ ਬੱਚਿਆਂ ਦੀ ਸਕੂਲੀ ਪੜ੍ਹਾਈ ਪੂਰੀ ਹੋ ਜਾਂਦੀ ਹੈ ਤਾਂ ਮਾਪੇ ਅਤੇ ਬੱਚੇ ਉਨ੍ਹਾਂ ਦੇ ਅਧਿਆਪਕ ਨਾਲ ਨਿੱਜੀ ਸੰਪਰਕ ਵਿਚ ਬਹੁਤ ਘੱਟ ਰਹਿੰਦੇ ਹਨ ਕਿਉਂ ਜੋ ਰਿਸ਼ਤੇ ਦੀ ਤਾਸੀਰ ਭਾਵਨਾਤਮਕ ਤੋਂ ਸਿਰਫ਼ ਮਤਲਬਪ੍ਰਸਤੀ ਤਕ ਸੀਮਤ ਰਹਿ ਜਾਂਦੀ ਹੈ। ਇਸ ਦੇ ਉਲਟ ਉਹ ਵਿਅਕਤੀ ਜਿਨ੍ਹਾਂ ਦੀ ਸਰਕਾਰੇ, ਦਰਬਾਰੇ, ਥਾਣੇ, ਕਚਹਿਰੀਆਂ, ਮਾਲ ਮਹਿਕਮੇ ਆਦਿ ਤਕ ਕੋਈ ਥੋੜ੍ਹੀ ਬਹੁਤ ਵੀ ਆਉਣੀ ਜਾਣੀ ਹੋਵੇ ਉਨ੍ਹਾਂ ਨਾਲ ਆਮ ਵਰਗ ਦੇ ਲੋਕ ਰੋਜ਼ਮਰਾ ਦੇ ਕੰਮਾਂ ਤੋਂ ਬਿਨਾਂ ਵੀ ਦੁਆ ਸਲਾਮ ਕਰਨਾ ਜਾਰੀ ਰੱਖਦੇ ਹਨ। ਇਸ ਦਾ ਸਿੱਧਾ ਕਾਰਨ ਇਹੀ ਹੈ ਕਿ ਮੌਜੂਦਾ ਭ੍ਰਿਸ਼ਟਾਚਾਰ ਅਤੇ ਸਿਫ਼ਾਰਸ਼ਬਾਜ਼ੀ ਦੇ ਮਾਹੌਲ ਅੰਦਰ ਆਮ ਲੋਕਾਂ ਨੂੰ ਆਸ ਹੁੰਦੀ ਹੈ ਕਿ ਇਹ ਵਿਅਕਤੀ ਕਿਸੇ ਦਿਨ ਸਾਡੇ ਕੰਮ ਆ ਸਕਦਾ ਹੈ। ਇਸ ਤਰ੍ਹਾਂ ਦੀਆਂ ਮੌਕਾਪ੍ਰਸਤ ਸਾਂਝਾਂ ਉਸਾਰਨ ਪਿੱਛੇ ਕੰਮ ਕਰਦੀ ਮਾਨਸਿਕਤਾ ਵੀ ਮੁਨਾਫ਼ਾਖ਼ੋਰੀ ਤੇ ਕੇਂਦਰਿਤ ਹੁੰਦੀ ਹੈ। ਵਿਦਿਆਰਥੀ ਅਤੇ ਅਧਿਆਪਕ ਦੇ ਰਿਸ਼ਤੇ ਵਿਚ ਆ ਰਹੇ ਭਾਵਨਾਤਮਕ ਨਿਘਾਰ ਦਾ ਇਕ ਹੋਰ ਕਾਰਨ ਜਨਤਕ ਅਦਾਰਿਆਂ ਵਿਚ ਚੱਲ ਰਿਹਾ ਨਿੱਜੀਕਰਨ ਦਾ ਦੌਰ ਵੀ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੱਕ ਦੇ ਅਧਿਆਪਕ ਠੇਕੇਦਾਰੀ ਸਿਸਟਮ ਦੀ ਮਾਰ ਹੰਢਾ ਰਹੇ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕਈ ਦਹਾਕਿਆਂ ਤੋਂ ਪੱਕੀ ਭਰਤੀ ਦਾ ਰਸਤਾ ਬੰਦ ਕੀਤਾ ਹੋਇਆ ਹੈ। ਸਕੂਲ ਅਧਿਆਪਕ ਅਤੇ ਇਕ ਦਿਹਾੜੀਦਾਰ ਕਾਮੇ ਦੀਆਂ ਉਜਰਤਾਂ ਵਿਚ ਕੋਈ ਬਹੁਤਾ ਫ਼ਰਕ ਨਹੀਂ ਹੈ। ਇਕ ਅਧਿਆਪਕ ਸਮਝੌਤੇ ਅਧੀਨ ਰੁਜ਼ਗਾਰ ਪ੍ਰਾਪਤ ਕਰਦਾ ਹੈ। ਇਹ ਸਿੱਧੇ ਤੌਰ 'ਤੇ ਕਿਰਤ ਦੀ ਲੁੱਟ ਹੈ। ਉੱਚ ਵਿੱਦਿਆ ਪ੍ਰਾਪਤ ਬੇਰੁਜ਼ਗਾਰਾਂ ਨੂੰ ਮਜ਼ਦੂਰਾਂ ਤੋਂ ਵੀ ਘੱਟ ਮਿਹਨਤਾਨਾ ਦੇ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ।ਇਕ ਅਧਿਆਪਕ ਜਦੋਂ ਤਕ ਆਰਥਿਕ ਮੁਸ਼ਕਿਲਾਂ ਵਿਚ ਹੀ ਘਿਰਿਆ ਰਹੇਗਾ ਉਹ ਆਪਣੀ ਪੂਰੀ ਤਨਦੇਹੀ ਨਾਲ ਆਪਣਾ ਫ਼ਰਜ਼ ਨਹੀਂ ਨਿਭਾ ਸਕੇਗਾ। ਅਜਿਹੀ ਮਾਨਸਿਕ ਸਥਿਤੀ ਦਾ ਸਿੱਧਾ ਅਸਰ ਅਧਿਆਪਕ ਵਿਦਿਆਰਥੀ ਦੇ ਪਰਸਪਰ ਰਿਸ਼ਤੇ ਉੱਪਰ ਵੀ ਪੈਂਦਾ ਹੈ। ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨੇ ਵੀ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਫਾਇਦੇ ਨਾਲੋਂ ਨੁਕਸਾਨ ਜ਼ਿਆਦਾ ਕੀਤਾ ਹੈ। ਇਸ ਨਾਲ ਅੱਠ ਜਮਾਤਾਂ ਪਾਸ ਕਰਨ ਵਾਲੇ ਅਨਪੜ੍ਹ ਹੀ ਪੈਦਾ ਕੀਤੇ ਹਨ। ਬੱਚਿਆਂ ਦੀ ਨਜ਼ਰ ਵਿਚ ਅਧਿਆਪਕ ਅਤੇ ਸਿੱਖਿਆ ਦਾ ਰੁਤਬਾ ਬਹੁਤ ਹੇਠਾਂ ਤਕ ਆ ਗਿਆ ਹੈ।

ਸਿੱਖਿਆ ਹੀ ਕਿਸੇ ਕੌਮ ਜਾਂ ਰਾਜ ਲਈ ਭਵਿੱਖ ਦਾ ਖ਼ਾਕਾ ਤਿਆਰ ਕਰਦੀ ਹੈ। ਪੰਜਾਬ ਅੰਦਰ ਅਧਿਆਪਕ ਆਪਣੀਆਂ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸੰਘਰਸ਼ ਦੇ ਰਸਤੇ 'ਤੇ ਹਨ। ਸੰਵਾਦ ਲਈ ਕੋਈ ਜਗ੍ਹਾ ਨਾ ਰੱਖ ਕੇ ਸਿਰਫ਼ ਤਾਨਾਸ਼ਾਹੀ ਹੁਕਮ ਸੁਣਾਉਣ ਦਾ ਚਲਣ ਲਗਾਤਾਰ ਜਾਰੀ ਹੈ। ਬਹੁਤ ਸਾਰੇ ਅਜਿਹੇ ਵਿਭਾਗ ਜੋ ਭ੍ਰਿਸ਼ਟਾਚਾਰ ਦੀਆਂ ਸਿਖਰਾਂ ਛੂਹੰਦੇ ਹਨ, ਉਨ੍ਹਾਂ ਦੇ ਮੁਕਾਬਲਨ ਅਧਿਆਪਕ ਵਰਗ ਅੱਜ ਵੀ ਆਪਣਾ ਕੰਮ ਇਮਾਨਦਾਰੀ ਨਾਲ ਕਰਦਾ ਹੈ। ਸਿੱਖਿਆ ਦਾ ਮੁੱਖ ਘਾੜਾ ਅਧਿਆਪਕ ਹੀ ਹੈ। ਬਾਕੀ ਸਾਰਾ ਸਕੂਲੀ ਬੁਨਿਆਦੀ ਢਾਂਚਾ ਸਿਰਫ਼ ਅਧਿਆਪਕ ਦਾ ਸਹਾਇਕ ਤਾਂ ਹੋ ਸਕਦਾ ਹੈ, ਉਸ ਦਾ ਬਦਲ ਨਹੀਂ। ਜੇਕਰ ਅਧਿਆਪਕ ਮਾਨਸਿਕ, ਆਰਥਿਕ ਅਤੇ ਸਮਾਜਿਕ ਪੱਧਰ ਤੇ ਸੰਤੁਸ਼ਟ ਹੋਵੇਗਾ ਤਾਂ ਹੀ ਉਹ ਚੰਗੇ ਵਿਦਿਆਰਥੀ ਪੈਦਾ ਕਰ ਸਕਦਾ ਹੈ। ਮੌਜੂਦਾ ਰਾਜਨੀਤਿਕ, ਪ੍ਰਸ਼ਾਸ਼ਨਿਕ ਅਤੇ ਨਾਗਰਿਕ ਪੱਧਰ 'ਤੇ ਸਾਂਝੇ ਯਤਨ ਕਰਦਿਆਂ ਅਧਿਆਪਕ ਦੀ ਮਾਨਸਿਕ ਅਤੇ ਆਰਥਿਕ ਸੰਤੁਸ਼ਟੀ ਨੂੰ ਧਿਆਨ ਵਿਚ ਰੱਖਦਿਆਂ ਉਸ ਦਾ ਸਮਾਜਿਕ ਰੁਤਬਾ ਉੱਚਾ ਚੁੱਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਪ੍ਰਸੰਨ ਅਤੇ ਸੰਤੁਸ਼ਟ ਅਧਿਆਪਕ ਹੀ ਪਿੰਡ , ਸੂਬੇ ਅਤੇ ਦੇਸ਼ ਨੂੰ ਵਿਕਾਸ ਦੇ ਰਸਤੇ ਦਾ ਪਾਂਧੀ ਬਣਾ ਸਕਦਾ ਹੈ। •

95016-91300

## ਕਵਿਤਾਵਾਂ

### ਨਫ਼ਰਤ ਦਾ ਰੰਗ

ਘੋਲਿਆ ਕਿਸ ਨੇ ਨਫ਼ਰਤ ਦਾ ਰੰਗ,
ਵਿਚ ਪੰਜਾਬ ਦੇ ਪਾਣੀਆਂ।
ਰਲ ਮਿਲ ਕੇ ਹੁਣ ਖੇਡਣ ਨਾ ਹੀ,
ਹਾਣੀ ਸੰਗ ਹਾਣੀਆਂ।

ਲਹੂ ਦੇ ਰਿਸ਼ਤੇ ਟੁੱਟਦੇ ਲੱਗਦੇ,
ਜਿਉਂ ਟੁੱਟਦੇ ਪੱਤੇ ਟਾਹਣੀਆਂ।
ਪੁੱਤ ਜਿਨ੍ਹਾਂ ਦੇ ਮੁੜ ਨਾ ਪਰਤੇ,
ਰੋਵਣ ਮਾਵਾਂ ਮਰ ਜਾਣੀਆਂ।

ਚਾਲਾਂ ਚਲਦੇ ਸੱਤਾਧਾਰੀ,
ਪਾੜਨ ਮਿੱਤਰਾਂ ਦੀਆਂ ਢਾਣੀਆਂ।
ਮੁੱਦਿਆ ਵਿੱਚੋਂ ਮੁੱਦੇ ਲੱਭਦੇ,
ਫਿਰ ਪਾਉਂਦੇ ਫਿਰਨ ਕਹਾਣੀਆਂ।

ਅੰਗਿਆਰ ਪਏ ਹਰ ਪਾਸੇ ਵਰਦੇ,
ਧਰਮਾਂ ਦੇ ਨਾਂ 'ਤੇ ਦੰਗੇ ਕਰਦੇ।
ਪਾਉਂਦੇ ਬਲਦੀ 'ਤੇ ਤੇਲ ਜਦ ਉਹ,
ਉਲਝਾਉਂਦੇ ਹੋਰ ਵੀ ਤਾਣੀਆਂ।

• ਮਨਿੰਦਰ ਕੌਰ 'ਬਸੀ'
98784-38722

### ਸੜਕਾਂ ਵਿਚ ਟੋਏ

ਸੜਕਾਂ ਵਿਚ ਟੋਏ ਪੈ ਗਏ ਨੇ।
ਕਈ ਜਾਨਾਂ ਲੈ ਕੇ ਬਹਿ ਗਏ ਨੇ।

ਆਈਆਂ ਸਰਕਾਰਾਂ, ਮੰਗੀਆਂ ਵੋਟਾਂ
ਕਰਾਂਗੇ ਹੀਲਾ, ਵਾਅਦਾ ਕਰਦੇ ਆਂ
ਬਸ, ਇੰਨਾ ਹੀ ਕਹਿ ਗਏ ਨੇ
ਸੜਕਾਂ ਵਿਚ ਟੋਏ ਪੈ ਗਏ ਨੇ।

ਮਿਲ ਗਈਆਂ ਵੋਟਾਂ
ਬਣ ਗਈਆਂ ਸਰਕਾਰਾਂ
ਹੁਣ ਨਾ ਕੋਈ ਲੈਂਦਾ ਸਾਰਾਂ
ਸੜਕਾਂ ਦੀਆਂ ਸਾਰਾਂ
ਜਨਤਾਂ ਦੀਆਂ ਸਾਰਾਂ
ਜਦ ਨਿਕਲਿਆ ਮਤਲਬ
ਦੇਖ ਪਾਸਾ ਵੱਟ
ਕੌਣ ਹੋ ਤੁਸੀਂ ?
ਇਹ ਕਹਿ ਗਏ ਨੇ
ਸੜਕਾਂ ਵਿੱਚ ਟੋਏ ਪੈ ਗਏ ਨੇ।

ਭੋਲੀ ਜਨਤਾ ਨਾ ਹੱਕ ਜਾਣਦੀ
ਪੰਜ ਸਾਲ ਵੋਟਾਂ ਦੀ ਸਜਾ ਮਾਣਦੀ
ਨਾ ਕਰੇ ਸਰਕਾਰਾਂ ਕੰਮ ਤਾਂ ਲਾਹੋ ਥੱਲੇ
ਕੋਈ ਇਹੋ-ਜਿਹਾ ਵੀ ਕਾਨੂੰਨ ਚੱਲੇ
'ਅਮਰ' ਇਹੋ ਜਿਹੇ ਕਾਨੂੰਨ ਵੀ
ਦੇਸ਼ 'ਚ ਹੈਗੇ ਨੇ
ਸੜਕਾਂ ਵਿਚ ਟੋਏ ਪੈ ਗਏ ਨੇ
ਕਈ ਜਾਨਾਂ ਲੈ ਕੇ ਬਹਿ ਗਏ ਨੇ।

• ਅਮਰਜੀਤ ਕੌਰ 'ਲਾਲਪੁਰ'
89680-39646

## ਕਹਾਣੀ

# ਜੋਗੀ ਜੋਗ ਕਮਾ ਗਿਆ

ਪ੍ਰਦੀਪ ਬਿੰਦ

'ਕਿਉਂ ਆਉਂਦੀ ਏ ਹਰ ਰੋਜ਼, ਪਤਾ ਉਹ ਮਕਾਨ ਛੱਡ ਕੇ ਕਦੋਂ ਦਾ ਤੁਰ ਗਿਆ!' ਜੋਤ ਨੂੰ ਇਸ ਸਵਾਲ ਦਾ ਜਵਾਬ ਰੋਜ਼ ਦੇਣਾ ਪੈਂਦਾ। 'ਬਸ ਯਕੀਨ ਜਿਹਾ ਨਹੀਂ ਹੁੰਦਾ, ਉਸ ਦੇ ਯਕੀਨ 'ਤੇ ਹੀ ਇੰਨਾ ਯਕੀਨ ਹੋ ਗਿਆ ਕਿ ਉਹ ਮੈਨੂੰ ਛੱਡ ਕੇ ਜਾ ਹੀ ਨਹੀਂ ਸਕਦਾ। ਉਸ ਦੇ ਵਾਅਦਿਆਂ ਵਿਚ ਉਸ ਦੇ ਦਾਅਵਿਆਂ ਵਿਚ ਸਿਰਫ਼ ਤੇ ਸਿਰਫ਼ ਪਿਆਰ ਸੀ, ਤੜਫ਼ ਸੀ ਧੋਖਾ ਤਾਂ ਦੂਰ-ਦੂਰ ਤਕ ਨਹੀਂ ਸੀ। ਉਹ ਮੇਰੇ ਗਲ਼ ਲੱਗ ਕਿੰਨੀ ਵਾਰ ਬੱਚਿਆਂ ਵਾਂਗੂ ਰੋਇਆ ਸੀ। ਸ਼ਿਕਾਇਤਾਂ ਕਰਦਾ ਕਦੀ ਰੱਬ ਨੂੰ ਕਦੀ ਦੋਸਤਾਂ ਦੀਆਂ ਕਦੀ ਆਪਣੇ ਦੁੱਖਾਂ ਦੀਆਂ। ਉਸ ਦੇ ਰੋਣ ਵਿਚ ਕੋਈ ਮਿਲਾਵਟ ਨਹੀਂ ਸੀ। ਭਟਕ ਗਿਆ ਹੋਵੇਗਾ, ਰਾਹ ਭੁੱਲ ਗਿਆ ਹੋਵੇਗਾ ਕਿਸੇ ਦੋਸਤ ਕੋਲ ਰਹਿਣ ਲੱਗ ਪਿਆ ਹੋਵੇਗਾ। ਸ਼ਬਦਾਂ ਦਾ ਜਾਦੂਗਰ ਏ ਕੋਈ ਮਿਲ ਗਈ ਹੋਵੇਗੀ। ਹੁਸਨ ਦੀ ਜਾਦੂਗਰਨੀ। ਮੈਂ ਇਹ ਸਭ ਕਿੱਥੇ ਜਾਣਦੀ ਹਾਂ, ਮੈਂ ਤੇ ਉਸ ਨੂੰ ਜਾਂ ਖ਼ੁਦ ਨੂੰ ਜਾਣਦੀ ਸੀ ਤੇ ਉਸ ਨੂੰ ਜਾਣਦੀ-ਜਾਣਦੀ ਖ਼ੁਦ ਨੂੰ ਹੀ ਭੁੱਲ ਗਈ। ਆ ਜਾਵੇਗਾ ਯਕੀਨ ਏ ਮੈਨੂੰ। ਲਾਪਰਵਾਹ ਹੈ, ਬੇਪਰਵਾਹ ਨਹੀਂ।'

ਇੰਨਾ ਕਹਿ ਕੇ ਉਹ ਤੁਰ ਜਾਂਦੀ।

ਆਂਡ ਗੁਆਂਢ ਰਿਸ਼ਤੇਦਾਰ ਸਭ ਉਸ ਨੂੰ ਸਮਝਾ-ਸਮਝਾ ਹਾਰ ਗਏ ਪਰ ਉਹ ਤਾਂ ਸਮਝਾਂ ਤੋਂ ਕਿੱਧਰੇ ਦੂਰ ਜਾ ਰਹੀ ਸੀ ਉਸ ਦੀ ਭਾਲ ਵਿਚ, ਸਮਝਾਂ ਤੇ ਉਸ ਨੂੰ ਪੈਰੀਂ ਬੇੜੀਆਂ ਲੱਗ ਰਹੀਆਂ ਸਨ। ਹੁਣ ਤੇ ਹਾਰ ਸ਼ਿੰਗਾਰ ਵੀ ਸਮੇਂ ਦੀ ਬਰਬਾਦੀ ਜਾਪਦਾ ਸੀ, ਓਹੀ ਸਮਾਂ ਉਹ ਉਸ ਦੀ ਭਾਲ ਵਿਚ ਵਰਤਣ ਲੱਗੀ। ਹੁਣ ਦਰਵਾਜ਼ੇ ਤੇ ਦਸਤਕ ਦਿਨ ਵਿਚ ਦੋ ਵਾਰ, ਤਿੰਨ ਵਾਰ ਜਾਂ ਬੇਵਕਤ ਦੇਣ ਲੱਗ ਪਈ। ਐਨਕਾਂ ਵਾਲੇ ਡਾਕਟਰ ਨੇ ਉਸ ਨੂੰ ਪਾਗ਼ਲ ਕਰਾਰ ਦੇ ਦਿੱਤਾ। ਘਰਦਿਆਂ ਦੀ ਜਵਾਨ ਧੀਅ ਜਿਸ ਦੇ ਵਿਆਹ ਦੀ ਖ਼ੁਸ਼ੀ ਹੰਢਾਉਣੀ ਸੀ ਉਸ ਨੂੰ ਦਿਮਾਗ਼ੀ ਹਸਪਤਾਲਾਂ ਵਿਚ ਲੈ ਕੇ ਘੁੰਮਣ ਲੱਗੇ। ਕਿਸੇ ਸਿਆਣੇ ਨੇ ਦੱਸ ਪਾਈ ਕਿ ਉਸ ਕਮਰੇ ਵਿਚ ਆਤਮਾ ਹੈ ਉਸ ਲੜਕੇ ਦੀ ਛੇ ਮਹੀਨੇ ਦੀਪ ਬਾਲੋ ਤੇ ਉਸ ਨੂੰ ਉਸ ਕਮਰੇ ਵਿਚ ਹੀ ਕਿਸੇ ਬਜ਼ੁਰਗ ਔਰਤ ਦੀ ਦੇਖ ਰੇਖ ਵਿਚ ਸੌਂਣ ਦਿਉ। ਮਾਪਿਆਂ ਨੇ ਮਨ ਲਈ ਗੱਲ।



ਛੇ ਮਹੀਨੇ ਸਾਲਾਂ ਵਿਚ ਬਦਲ ਗਏ ਤੇ ਜੋਤ ਬਜ਼ੁਰਗ ਔਰਤ ਬਣ ਗਈ, ਦੀਪ ਹਮੇਸ਼ਾਂ ਬਲ਼ਦਾ ਰਿਹਾ। ਮਾਂ ਬਾਪ ਨੇ ਹਿੰਮਤ ਕਦੋਂ ਦੀ ਹਾਰ 'ਤੀ ਸੀ, ਸਭ ਰੱਬ ਤੇ ਛੱਡ ਕੇ ਤੁਰ ਗਏ, ਉਮਰ ਭੋਗ ਕੇ। ਪਿੱਛੋਂ ਕਿਸੇ ਸਾਰ ਨਾ ਲਈ। ਹਾਂ ਕੋਈ ਰੋਟੀ, ਕੋਈ ਕੱਪੜੇ ਕੋਈ ਹੋਰ ਜਿਊਣ ਲਈ ਜ਼ਰੂਰੀ ਚੀਜ਼ਾਂ ਉਸ ਨੂੰ ਦਿਆਲੂ ਲੋਕ ਦੇ ਜਾਂਦੇ ਸੀ। ਅਜਿਹੇ ਲੋਕ ਵੀ ਹੋ ਸਕਦੇ ਨੇ ਜੋ ਸਿਰਫ਼ ਉਡੀਕ ਵਿਚ ਉਮਰ ਗੁਜ਼ਾਰ ਦੇਣ। ਇਹ ਹਰ ਕਿਸੇ ਨੂੰ ਹੈਰਾਨ ਵੀ ਤੇ ਪਰੇਸ਼ਾਨ ਵੀ ਕਰਦਾ।

ਇਕ ਸਵੇਰ ਕਿਸੇ ਜੋਗੀ ਅਲਖ ਜਗਾਇਆ। ਜੋਤ ਥੋੜ੍ਹਾ ਆਟਾ ਕੌਲੀ ਵਿਚ ਲੈ ਕੇ ਉਸ ਨੂੰ ਦੇਣ ਲੱਗੀ ,'ਜੋਤ ਏ ਤੂੰ!'

'ਹਾਂ।' ਜੋਤ ਨੇ ਇੰਨਾ ਕਿਹਾ ਤੇ ਵਾਪਸ ਮੁੜ ਗਈ। 'ਰੁਕ ਜੋਤ।' ਪਿੱਛੋਂ ਜੋਗੀ ਨੇ ਆਵਾਜ਼ ਦਿੱਤੀ।

'ਦੀਪ ਨਹੀਂ ਆਇਆ ਮੁੜ ਕੇ ਉਸ ਦਾ ਕਸੂਰ ਨਹੀਂ ਸੀ, ਉਹ ਅਕਸਰ ਤੇਰੇ ਨਾਲ ਜਲਦੀ ਤੁਰ ਜਾਣ ਦੀਆਂ ਗੱਲਾਂ ਕਰਦਾ ਹੁੰਦਾ ਸੀ ਤੂੰ ਅੱਗਿਓਂ ਉਸ ਨੂੰ ਖ਼ੁਦ ਉਸ ਤੋਂ ਇਕ ਦਿਨ ਪਹਿਲਾਂ ਜਾਣ ਦੀ ਗੱਲ ਕਹਿ ਚੁੱਪ ਕਰਾ ਦਿੰਦੀ। ਉਹ ਰਿਹਾ ਮੇਰੇ ਨਾਲ ਇਕ ਸਾਲ ਕਾਹਲ ਸੀ ਉਸ ਨੂੰ ਜਾਣ ਦੀ। ਤੁਰ ਗਿਆ ਸਾਹ ਦੀ ਤਕਲੀਫ਼ ਸੀ ਉਸ ਨੂੰ। ਮੈਂ ਉਸ ਨੂੰ ਕਿੰਨੀ ਵਾਰ ਤੜਫ਼ਦੇ ਵੇਖਿਆ, ਮੌਤ ਦੇ ਮੂੰਹ 'ਚੋਂ ਨਿਕਲਦੇ ਵੇਖਿਆ। ਇਕ ਦਿਨ ਨਿਗਲ ਗਈ ਚੰਦਰੀ ਮੌਤ। ਉਹ ਤੈਨੂੰ ਚੇਤੇ ਕਰਦਿਆਂ-ਕਰਦਿਆਂ ਆਪਣੀ ਬੇਬਸੀ 'ਤੇ ਰੋਂਦਾ ਰਹਿੰਦਾ ਸੀ। ਉਸ ਨੇ ਕਿੰਨੀ ਵਾਰ ਕਿਹਾ ਕਿ ਪੰਜਾਬ ਜਾ ਕੇ ਆਉਣਾ ਪਰ ਵਕਤ ਹੀ ਨ੍ਹੀਂ ਮਿਲਿਆ, ਤੇਰੇ ਬਾਰੇ ਖ਼ਬਰ ਪੜ੍ਹੀ ਸੀ ਕਿਸੇ ਅਖ਼ਬਾਰ ਵਿਚ 'ਪਿਆਰ ਦੀ ਜਗਦੀ ਜੋਤ' ਦਿਲ ਤੋਂ ਰਿਹਾ ਨਾ ਗਿਆ। ਆਉਣਾ ਪਿਆ ਸੱਚ ਦੱਸਣ ਲਈ। ਜਿਉਂਦੀ ਰਹਿ।'

ਉਸ ਦੀਆਂ ਗੱਲਾਂ ਸੁਣ ਕੇ ਸਰਦਲ 'ਤੇ ਜੋਤ ਨਹੀਂ ਸੀ, ਸ਼ਾਇਦ ਉਹ ਤੇ ਦੀਪ ਦੇ ਤੁਰ ਜਾਣ ਦੀ ਖ਼ਬਰ ਸੁਣ ਕੇ ਹੀ ਜੋਤੀ ਬਣ ਉਸ ਕੋਲ ਜਾ ਕੇ ਬਲ਼ ਰਹੀ ਸੀ। ਸਰਦਲ 'ਤੇ ਇਕ ਬਜ਼ੁਰਗ ਔਰਤ ਦੀ ਲਾਸ਼ ਸੀ। ਦੀਪ ਜੋਤੀ ਇਕ ਹੋ ਚੁੱਕੇ ਸਨ। •

86991-57303

# ਬੱਚਿਆਂ ਨੂੰ ਦਿਓ ਚੰਗੇ ਸੰਸਕਾਰ

ਬੱਚੇ ਦੇ ਜਨਮ ਲੈਣ ਸਾਰ ਹੀ ਉਸ ਦੀ ਸਿੱਖਣ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਬੱਚੇ ਦਾ ਇਹ ਸੁਭਾਅ ਹੁੰਦਾ ਹੈ ਕਿ ਉਹ ਕੁਝ ਨਾ ਕੁਝ ਨਵਾਂ ਸਿੱਖੇ ਫਿਰ ਭਾਵੇਂ ਉਹ ਚੰਗਾ ਹੋਵੇ ਜਾਂ ਬੁਰਾ। ਪੁਰਾਣੇ ਸਮਿਆਂ ਵਿਚ ਸੰਯੁਕਤ ਪਰਿਵਾਰ ਹੁੰਦੇ ਸਨ ਅਤੇ ਇਸੇ ਕਾਰਨ ਪਰਿਵਾਰ ਦੇ ਮੈਂਬਰ ਬੱਚੇ ਨੂੰ ਚੰਗੇ ਸੰਸਕਾਰ ਦਿੰਦੇ ਰਹਿੰਦੇ ਸਨ ਪਰੰਤੂ ਅੱਜ ਕੱਲ੍ਹ ਬਹੁਗਿਣਤੀ ਪਰਿਵਾਰ ਇਕਹਿਰੇ ਹੋ ਗਏ ਅਤੇ ਇਕਹਿਰੇ ਪਰਿਵਾਰ ਹੋਣ ਕਰਕੇ ਬੱਚੇ ਨੂੰ ਚੰਗੇ ਸੰਸਕਾਰ ਦੇਣ ਦੀ ਜ਼ਿੰਮੇਵਾਰੀ ਮਾਤਾ-ਪਿਤਾ ਸਿਰ ਆ ਗਈ ਹੈ। ਘਰ ਬੱਚੇ ਦਾ ਪਹਿਲਾ ਸਕੂਲ ਹੁੰਦਾ ਹੈ ਅਤੇ ਮਾਂ ਬੱਚੇ ਦੀ ਪਹਿਲੀ ਅਧਿਆਪਕਾ। ਘਰ ਵਿੱਚੋਂ ਆਪਣੇ ਮਾਤਾ ਪਿਤਾ ਤੋਂ ਹੀ ਬੱਚਾ ਚੰਗੇ ਸੰਸਕਾਰ ਸਿੱਖਦਾ ਹੈ। ਬੱਚੇ ਵਿਚ ਚੰਗੇ ਸੰਸਕਾਰਾਂ ਦੇ ਲਈ ਜ਼ਰੂਰੀ ਹੈ ਕਿ ਮਾਤਾ ਪਿਤਾ ਬੱਚੇ ਦੇ ਲਈ ਰੋਲ ਮਾਡਲ ਬਣਨ ਤਾਂ ਜੋ ਬੱਚਾ ਮਾਤਾ ਪਿਤਾ ਨੂੰ ਆਪਣਾ ਆਦਰਸ਼ ਮੰਨ ਕੇ ਚੰਗੇ ਸੰਸਕਾਰ ਗ੍ਰਹਿਣ ਕਰ ਸਕੇ।

ਹਰ ਇਕ ਬੱਚੇ ਨੂੰ ਘਰ ਵਿੱਚੋਂ ਇਹ ਸਿੱਖਿਆ ਮਿਲਣੀ ਚਾਹੀਦੀ ਹੈ ਕਿ ਉਹ ਆਪਣੇ ਮਾਤਾ ਪਿਤਾ ਦਾ ਸਨਮਾਨ ਕਰਨ, ਇਸ ਲਈ ਜ਼ਰੂਰੀ ਹੈ ਕਿ ਬੱਚੇ ਦੇ ਮਾਤਾ-ਪਿਤਾ ਘਰ ਵਿਚ ਰਹਿ ਰਹੇ ਬੱਚੇ ਦੇ ਦਾਦਾ-ਦਾਦੀ, ਨਾਨਾ-ਨਾਨੀ ਦਾ ਸਨਮਾਨ ਕਰਨ ਤਾਂ ਜੋ ਦੇਖਾ ਦੇਖੀ ਬੱਚਾ ਆਪਣੇ ਮਾਤਾ-ਪਿਤਾ ਦਾ ਸਨਮਾਨ ਕਰਨ ਲੱਗ ਜਾਵੇ। ਬੱਚਿਆਂ ਨੂੰ ਕਿਸੇ ਵੀ ਨਵੇਂ ਕੰਮ ਨੂੰ ਸ਼ੁਰੂ ਕਰਨ ਵੇਲੇ ਮਾਤਾ ਪਿਤਾ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ ਕਿਉਂਕਿ ਮਾਤਾ ਪਿਤਾ ਕੋਲ ਜ਼ਿੰਦਗੀ ਦਾ ਵੱਡਾ ਤਜਰਬਾ ਹੁੰਦਾ ਹੈ। ਬੱਚਿਆਂ ਨੂੰ ਚੰਗੇ ਇਨਸਾਨਾਂ ਦੀਆਂ ਜੀਵਨੀਆਂ ਪੜ੍ਹ ਕੇ ਸੁਣਾਉਣੀਆਂ ਚਾਹੀਦੀਆਂ ਹਨ।

ਬੱਚਿਆਂ ਨੂੰ ਇਮਾਨਦਾਰ ਬਣਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਇਸ ਲਈ ਮਾਤਾ-ਪਿਤਾ ਨੂੰ ਬੱਚਿਆ ਅੱਗੇ ਮਿਸਾਲ ਪੇਸ਼ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਇਮਾਨਦਾਰੀ ਦੇ ਰਸਤੇ 'ਤੇ ਚੱਲ ਕੇ ਹਰ ਹਾਲ ਕਾਮਯਾਬੀ ਮਿਲਣੀ ਤੈਅ ਹੈ। ਬਚਪਨ ਵਿਚ ਮਿਲੀ ਇਮਾਨਦਾਰੀ ਦੀ ਸਿੱਖਿਆ ਕਾਰਨ ਭਵਿੱਖ ਵਿਚ ਬੱਚਾ ਭ੍ਰਿਸ਼ਟਾਚਾਰ ਦੇ ਰਸਤੇ ਨਹੀਂ ਚੱਲੇਗਾ। ਇਸ ਲਈ ਬੱਚਿਆਂ ਨੂੰ ਇਮਾਨਦਾਰ ਲੋਕਾਂ ਦੀਆਂ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਉੱਤੇ ਅਮਲ ਕਰਨ ਲਈ ਬੱਚਿਆਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ।ਬੱਚਿਆਂ ਵਿਚ ਸਹਿਯੋਗ ਦੀ ਭਾਵਨਾ ਵਿਕਸਿਤ ਕਰਨੀ ਚਾਹੀਦੀ ਹੈ। ਘਰ ਦੀਆਂ ਛੋਟੀਆਂ ਮੋਟੀਆਂ ਜ਼ਿੰਮੇਵਾਰੀਆਂ ਵਿਚ ਬੱਚਿਆਂ ਤੋਂ ਕੁਝ ਸਹਿਯੋਗ ਲੈਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਇਕ ਦੂਜੇ ਨਾਲ ਸਹਿਯੋਗ ਕਰਨ ਦੀ ਭਾਵਨਾ ਵਿਕਸਿਤ ਹੋ ਸਕੇ। ਹੌਲੀ-ਹੌਲੀ ਇਹ ਆਦਤ ਬੱਚੇ ਦਾ ਸੁਭਾਅ ਬਣ ਜਾਵੇਗੀ ਅਤੇ ਘਰ ਤੋਂ ਮਿਲੀ ਸਹਿਯੋਗ ਕਰਨ ਦੀ ਭਾਵਨਾ ਬਾਹਰ ਵਾਲੇ ਲੋਕਾਂ ਲਈ ਅਤੇ ਬੱਚੇ ਦੇ ਸੁੰਦਰ ਭਵਿੱਖ ਲਈ ਸਹਾਈ ਹੋਵੇਗੀ।



ਬੱਚਿਆਂ ਅੰਦਰ ਪ੍ਰੇਮ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਬਚਪਨ ਵਿਚ ਸਿੱਖੀ ਪ੍ਰੇਮ ਦੀ ਭਾਵਨਾ ਭਵਿੱਖ ਵਿਚ ਦੇਸ਼ ਅਤੇ ਕਿੱਤੇ ਪ੍ਰਤੀ ਲਾਹੇਵੰਦ ਸਾਬਿਤ ਹੋਵੇਗੀ ਜਿਸ ਨਾਲ ਦੇਸ਼ ਅੰਦਰ ਇਕ ਦੂਜੇ ਪ੍ਰਤੀ ਪਿਆਰ ਵੱਧੇਗਾ ਅਤੇ ਦਿਲਾਂ ਵਿੱਚੋਂ ਨਫ਼ਰਤ ਖ਼ਤਮ ਹੋਵੇਗੀ। ਅੱਜ ਦੇ ਬੱਚਿਆਂ ਵਿਚ ਸਹਿਣ-ਸ਼ਕਤੀ ਦੀ ਬਹੁਤ ਕਮੀ ਹੈ ਉਹ ਹਰ ਇਕ ਗੱਲ ਤੇ ਖਿੱਝ ਜਾਂਦੇ ਹਨ ਅਤੇ ਗੁੱਸਾ ਕਰਦੇ ਹਨ ਜਿਸ ਨਾਲ ਜਿੱਥੇ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਉੱਥੇ ਹੀ ਮਾਤਾ ਪਿਤਾ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਸ ਲਈ ਬੱਚਿਆਂ ਅੰਦਰ ਸਹਿਣ-ਸ਼ਕਤੀ ਦੀ ਆਦਤ ਪਾਉਣੀ ਚਾਹੀਦੀ ਹੈ। ਇਹ ਗੁਣ ਬੱਚਿਆਂ ਅੰਦਰ ਸਕਾਰਾਤਮਕ ਸੋਚ ਪੈਦਾ ਕਰੇਗਾ ਉੱਥੇ ਹੀ ਬੱਚਾ ਛੋਟੀਆ-ਛੋਟੀਆਂ ਗੱਲਾਂ ਉੱਤੇ ਗੁੱਸਾ ਨਹੀਂ ਕਰੇਗਾ।

ਸਕੂਲ ਅਤੇ ਮਾਪਿਆਂ ਦਾ ਇਹ ਮੁੱਢਲਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ। ਬੱਚਿਆਂ ਅੰਦਰ ਦੇਸ਼ ਪਿਆਰ, ਦੇਸ਼ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਣਾ ਅਤੀ ਜ਼ਰੂਰੀ ਹੈ ਤਾਂ ਜੋ ਕਿਸੇ ਮੁਸ਼ਕਿਲ ਸਮੇਂ ਬੱਚੇ ਦੇਸ਼ ਲਈ ਕੁਝ ਕਰ ਕੇ ਦਿਖਾ ਸਕਣ। ਇਸ ਲਈ ਬੱਚਿਆਂ ਨੂੰ ਦੇਸ਼ ਭਗਤਾਂ ਅਤੇ ਦੇਸ਼ ਨੂੰ ਪਿਆਰ ਕਰਨ ਵਾਲੇ ਸੂਰਬੀਰਾਂ ਦੀਆਂ ਕਹਾਣੀਆਂ ਸੁਣਾ ਕੇ ਪ੍ਰੇਰਿਤ ਕਰਨਾ ਚਾਹੀਦਾ ਹੈ। ਜ਼ਿੰਦਗੀ ਵਿਚ ਚੰਗੇ ਸੰਸਕਾਰਾਂ ਦਾ ਹੋਣਾ ਅਤੀ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਵਿਅਕਤੀ ਦੀ ਪਹਿਚਾਣ ਉਸ ਦੇ ਚੰਗੇ ਗੁਣਾ ਕਰਕੇ ਕੀਤੀ ਜਾਂਦੀ ਹੈ ਨਾ ਕਿ ਉਸ ਦੀ ਧਨ ਦੌਲਤ ਨਾਲ। ਚੰਗੇ ਸੰਸਕਾਰ ਵਾਲੇ ਵਿਅਕਤੀ ਦਾ ਸਦਾ ਆਦਰ ਹੀ ਕੀਤਾ ਜਾਂਦਾ ਹੈ ਇਸ ਲਈ ਸਾਡੇ ਸੰਸਕਾਰ ਅਜਿਹੇ ਹੋਣੇ ਚਾਹੀਦੇ ਹਨ ਜੋ ਸਮਾਜ ਲਈ ਇਕ ਮਿਸਾਲ ਬਣ ਸਕਣ।

• ਪ੍ਰਿੰਸ ਅਰੋੜਾ
98554-83000

# ਘਰ ਨੂੰ ਘਰ ਬਣਾਈ ਰੱਖੋ

**ਲੜਕੀ ਵਿਆਹੀ ਆਉਂਦੀ ਹੈ ਤਾਂ ਉਸ ਵਾਸਤੇ ਸਾਰਾ ਮਾਹੌਲ ਨਵਾਂ ਹੁੰਦਾ ਹੈ। ਹਰ ਘਰ ਦੇ ਤੌਰ ਤਰੀਕੇ ਅਲੱਗ ਹੁੰਦੇ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਲੜਕੀ ਇਕ ਥਾਂ ਤੋਂ ਦੂਸਰੀ ਥਾਂ ਲਗਾਏ ਪੌਦੇ ਵਾਂਗ ਹੁੰਦੀ ਹੈ ਜਿਸ ਨੂੰ ਪਿਆਰ ਦੇ ਪਾਣੀ ਦੀ ਜ਼ਰੂਰਤ ਹੁੰਦੀ ਹੈ...**

ਪ੍ਰਭਜੋਤ ਕੌਰ ਢਿੱਲੋਂ

ਘਰ ਨੂੰ ਘਰ ਬਣਾਉਣ ਲਈ ਬਹੁਤ ਜ਼ਰੂਰੀ ਹੈ ਕਿ ਘਰ ਸ਼ਾਂਤਮਈ ਵਾਤਾਵਰਣ ਹੋਵੇ। ਅਜਿਹਾ ਵਾਤਾਵਰਣ ਤਾਂ ਹੀ ਹੋ ਸਕਦਾ ਹੈ ਜੇਕਰ ਪਰਿਵਾਰ ਦੇ ਹਰ ਮੈਂਬਰ ਦੀ ਇੱਛਾ ਹੋਵੇ। ਬਹੁਤੇ ਘਰਾਂ ਵਿਚ ਲੜਕੇ ਦੇ ਵਿਆਹ ਤੋਂ ਬਾਅਦ ਬਵਾਲ ਖੜ੍ਹਾ ਹੋ ਜਾਂਦਾ ਹੈ। ਪੁਲਿਸ ਕੇਸ ਅਤੇ ਅਦਾਲਤਾਂ ਤਕ ਗੱਲ ਪਹੁੰਚ ਜਾਂਦੀ ਹੈ। ਇੱਥੇ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ, ਉਨਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਘਰ ਨੂੰ ਬਣਾਉਣ ਵਿਚ ਲੜਕੇ ਦੇ ਮਾਂ ਬਾਪ ਨੇ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਲਗਾਈ ਹੁੰਦੀ ਹੈ, ਉਸ ਘਰ ਨਾਲ ਉਨ੍ਹਾਂ ਦੀਆਂ ਬਹੁਤ ਸਾਰੀਆਂ ਯਾਦਾਂ ਅਤੇ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਉਸ ਘਰ ਦੇ ਉਹ ਮਾਲਕ ਹਨ। ਬੇਟੇ ਉੱਪਰ ਉਨ੍ਹਾਂ ਨੇ ਜ਼ਿੰਦਗੀ ਭਰ ਦੀ ਕਮਾਈ ਖ਼ਰਚੀ ਹੁੰਦੀ ਹੈ। ਉਹ ਪਿਆਰ ਅਤੇ ਇੱਜ਼ਤ ਦੇ ਪੂਰੀ ਤਰ੍ਹਾਂ ਨਾਲ ਹੱਕਦਾਰ ਹਨ। ਲੜਕੀ ਵਿਆਹੀ ਆਉਂਦੀ ਹੈ ਤਾਂ ਉਸ ਵਾਸਤੇ ਸਾਰਾ ਮਾਹੌਲ ਨਵਾਂ ਹੁੰਦਾ ਹੈ। ਹਰ ਘਰ ਦੇ ਤੌਰ ਤਰੀਕੇ ਅਲੱਗ ਹੁੰਦੇ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਲੜਕੀ ਇਕ ਥਾਂ ਤੋਂ ਦੂਸਰੀ ਥਾਂ ਲਗਾਏ ਪੌਦੇ ਵਾਂਗ ਹੁੰਦੀ ਹੈ। ਯਾਦ ਰੱਖੋ ਜੇ ਪੌਦੇ ਦੀਆਂ ਜੜ੍ਹਾਂ ਠੀਕ ਹੋਣਗੀਆਂ, ਕੱਟੀਆਂ ਹੋਈਆਂ ਨਹੀਂ ਹੋਣਗੀਆਂ, ਮਤਲਬ ਕੁਝ ਪਹਿਲੇ ਵਾਲੀ ਧਰਤੀ ਵਿਚ ਰਹਿ ਗਈਆਂ ਤਾਂ ਅਗਲੀ ਧਰਤੀ (ਸਹੁਰਾ ਪਰਿਵਾਰ) ਜਿੰਨੀ ਮਰਜ਼ੀ ਉਪਜਾਊ ਹੋਵੇ, ਪੌਦੇ ਦੀਆਂ ਜੜ੍ਹਾਂ ਨਹੀਂ ਜੰਮਣਗੀਆਂ। ਜਦੋਂ ਲੜਕੀ ਵਿਆਹੀ ਜਾਂਦੀ ਹੈ ਤਾਂ ਉਸ ਨੂੰ ਅਗਲੇ ਘਰ ਦੇ ਤੌਰ ਤਰੀਕੇ ਅਪਣਾਉਣੇ ਚਾਹੀਦੇ ਹਨ ਨਾ ਕਿ ਉਨ੍ਹਾਂ ਨੂੰ ਬਦਲਣ ਲੱਗ ਜਾਵੇ।



ਕੁਝ ਹੋਰ ਗੱਲਾਂ ਜੋ ਧਿਆਨ ਰੱਖਣ ਵਾਲੀਆਂ ਹਨ ਜਿਵੇਂ :

- ਆਮ ਕਰ ਕੇ ਲੜਕੀ ਦੀ ਮਾਂ ਵਾਰ-ਵਾਰ ਫੋਨ ਕਰਕੇ, ਸਹੁਰੇ ਪਰਿਵਾਰ ਬਾਰੇ ਪੁੱਛਦੀ ਹੈ। ਲੜਕੀ ਨੂੰ ਤੁਸੀਂ ਇਸ ਨਾਲ ਉਤਸ਼ਾਹਿਤ ਕਰ ਰਹੇ ਹੁੰਦੇ ਹੋ। ਉਹ ਵਧਾ ਚੜ੍ਹਾ ਕੇ ਗੱਲਾਂ ਦੱਸਣ ਲੱਗ ਜਾਂਦੀ ਹੈ।
- ਲੜਕੀ ਨੂੰ ਵਾਰ-ਵਾਰ ਪੇਕੇ ਘਰ ਫੋਨ ਕਰਨ ਤੋਂ ਮਨ੍ਹਾ ਕਰਨਾ ਚਾਹੀਦਾ ਹੈ।
- ਲੜਕੀ ਦਾ ਵਾਰ-ਵਾਰ ਪੇਕੇ ਘਰ ਆਉਣਾ ਵੀ ਸਮੱਸਿਆ ਖੜੀ ਕਰਦਾ ਹੈ।
- ਲੜਕੀ ਨੂੰ ਘਰ ਦੇ ਕੰਮ ਕਰਨ ਦੀ ਸਲਾਹ ਦਿਉ ਨਾ ਕਿ ਏਹ ਕਹੋ ਕਿ ਤੂੰ ਨੌਕਰ ਨਹੀਂ ਹੈ।
- ਲੜਕੇ ਨੂੰ ਕਦੇ ਵੀ ਉਸ ਦੇ ਮਾਪਿਆਂ ਤੋਂ ਉਸੇ ਸ਼ਹਿਰ ਵਿਚ ਰਹਿੰਦਿਆਂ ਅਲੱਗ ਰਹਿਣ ਲਈ ਮਜ਼ਬੂਰ ਨਾ ਕਰੋ। ਲੜਕੀ ਰੂਪੀ ਪੌਦੇ ਦੀਆਂ ਜੜ੍ਹਾਂ ਵੀ ਨਹੀਂ ਲੱਗਣ ਦਿੱਤੀਆਂ ਅਤੇ ਲੜਕੇ ਦੀਆਂ ਜੜ੍ਹਾਂ ਵੀ ਹਿਲਾ ਦਿੱਤੀਆਂ।
- ਲੜਕੇ ਨੂੰ ਉਸ ਦੇ ਮਾਪਿਆਂ ਖਿਲਾਫ਼ ਖੜ੍ਹਾ ਨਾ ਕਰੋ, ਜਿੰਨੀ ਜ਼ਹਿਰ ਉਸ ਦੇ ਕੰਨਾਂ ਵਿਚ ਘੋਲੋਗੇ, ਉਹ ਉਸ ਜ਼ਹਿਰ ਨੂੰ ਹਰ ਜਗ੍ਹਾ ਉਗਲੇਗਾ।
- ਵਿਆਹ ਤੋਂ ਬਾਅਦ ਲੜਕੀ ਜੇਕਰ ਨੌਕਰੀ ਕਰਦੀ ਹੈ ਤਾਂ ਉਸ ਦੇ ਪੈਸਿਆਂ ਨੂੰ ਆਪਣੇ ਹੱਥਾਂ ਵਿਚ ਰੱਖਣ ਦੀ ਆਦਤ ਛੱਡ ਦਿਉ।
- ਲੜਕੀ ਦੀਆਂ ਵਿਆਹ ਤੋਂ ਬਾਅਦ ਸਹੁਰੇ ਪਰਿਵਾਰ ਪ੍ਰਤੀ ਜ਼ਿਮੇਵਾਰੀਆਂ ਹੁੰਦੀਆਂ ਹਨ।ਜਦੋਂ ਉਹ ਪੇਕਿਆਂ ਦੇ ਘਰ ਹੀ ਵੜ੍ਹੀ ਰਹੇਗੀ ਤਾਂ ਉਹ ਜ਼ਿਮੇਵਾਰੀ ਨਿਭਾਅ ਨਹੀਂ ਸਕਦੀ।
- ਸੁਹਰੇ ਪਰਿਵਾਰ ਨੂੰ ਵੀ ਨਵੀਂ ਆਈ ਲੜਕੀ ਨੂੰ ਘਰ ਵਿਚ ਸਹਿਜ ਮਾਹੌਲ ਦੇਣਾ ਚਾਹੀਦਾ ਹੈ।
- ਰੋਕ ਟੋਕ ਦੀ ਭਾਸ਼ਾ ਨਾ ਵਰਤੋ। ਜੇਕਰ ਸਮਝਾਉਣ ਤੋਂ ਬਾਅਦ ਵੀ ਘਰ ਦਾ ਮਾਹੌਲ ਖ਼ਰਾਬ ਹੁੰਦਾ ਹੈ ਤਾਂ ਇਕ ਚੁੱਪ ਸੌ ਸੁੱਖ ਦਾ ਫਾਰਮੂਲਾ ਅਪਨਾ ਕੇ ਵੇਖੋ।
- ਘਰ ਨੂੰ ਲੜਾਈ ਦਾ ਅਖਾੜਾ ਬਣਾਉਣ ਤੋਂ ਪ੍ਰਹੇਜ਼ ਕਰੋ।
- ਜਿਹੜੀਆਂ ਤਬਦੀਲੀਆਂ ਹੋ ਸਕਦੀਆਂ ਹਨ ਕਰ ਲਵੋ।
- ਸੱਸ ਸਹੁਰਾ ਉਸ ਘਰ ਦੇ ਮਾਲਕ ਹਨ, ਉਨ੍ਹਾਂ ਨੂੰ ਮੂਰਖ ਸਮਝਣਾ ਤੇ ਦੱਸਣਾ, ਤੁਹਾਡੀ ਸੋਚ ਅਤੇ ਅਕਲ ਦਾ ਪੱਧਰ ਦਸਦਾ ਹੈ।
- ਹਰ ਛੋਟੀ-ਛੋਟੀ ਗੱਲ ਮਾਂ ਨੂੰ ਨਾ ਦੱਸੋ। ਲੜਕੀ ਦੀ ਮਾਂ ਨੂੰ ਵੀ ਆਪਣੀ ਸਮਝਦਾਰੀ ਵਿਖਾਉਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਜਿਹੜੀ ਮਾਂ ਧੀ ਦੇ ਸਹੁਰੇ ਪਰਿਵਾਰ ਵਿਚ ਦਖ਼ਲ ਦਿੰਦੀ ਹੈ ਉਹ ਕਿਸੇ ਵੀ ਪਾਸਿਓਂ ਸਮਝਦਾਰ ਨਹੀਂ ਹੁੰਦੀ।

ਹਰ ਘਰ ਦੇ ਆਪਣੇ ਕਾਇਦੇ ਹੁੰਦੇ ਹਨ, ਉਹ ਉਨ੍ਹਾਂ ਦਾ ਘਰ ਹੈ। ਉਸ ਘਰ ਨੂੰ ਚਲਾਉਣ ਦਾ ਉਨ੍ਹਾਂ ਦਾ ਹੱਕ ਹੈ। ਆਪਣੀ ਬੇਟੀ ਦੇ ਸਹੁਰੇ ਘਰ ਨੂੰ ਘਰ ਰਹਿਣ ਦਿਉ। ਕਿਸੇ ਵੀ ਘਰ ਵਿਚ ਬਾਹਰੀ ਦਖ਼ਲ ਅੰਦਾਜ਼ੀ ਤਬਾਹੀ ਮਚਾਉਣ ਦਾ ਹੀ ਕੰਮ ਕਰਦੀ ਹੈ। ਲੜਕੇ ਨੂੰ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨਾਂ ਨੇ ਆਪਣੇ ਫ਼ਰਜ਼ ਨਿਭਾਏ ਹਨ ਹੁਣ ਤੁਹਾਡੀ ਵਾਰੀ ਹੈ ਆਪਣੇ ਫ਼ਰਜ਼ ਪੂਰੇ ਕਰਨ ਦੀ। •

# ਜ਼ਿੰਦਗੀ ਨੂੰ ਜਿਊਣਾ ਚਾਹੀਦਾ ਹੈ, ਢੋਣਾ ਨਹੀਂ

ਅਕਸਰ ਮਨ ਵਿਚ ਖ਼ਿਆਲ ਆਉਂਦਾ ਹੈ ਕਿ ਜ਼ਿੰਦਗੀ ਕੀ ਹੈ? ਮਨ ਜ਼ਿੰਦਗੀ ਬਾਰੇ ਜਾਣਨਾ ਚਾਹੁੰਦਾ ਹੈ, ਇਸ ਨੂੰ ਸਮਝਣਾ। ਜ਼ਿੰਦਗੀ ਪ੍ਰਤੀ ਹਰ ਇਕ ਮਨੁੱਖ ਦਾ ਆਪੋ ਆਪਣਾ (ਸਮੇਂ, ਸਥਿਤੀ, ਸਥਾਨ, ਸਮਝ, ਤਜਰਬੇ, ਅਨੁਭਵ, ਗਿਆਨ ਅਨੁਸਾਰ) ਨਜ਼ਰੀਆ, ਸਮਝ ਤੇ ਕਲਪਨਾ ਹੈ।

ਰੁੱਤਬੇ , ਗਿਆਨ, ਤਜਰਬੇ, ਅਮੀਰੀ, ਗ਼ਰੀਬੀ, ਸੋਚ ਅਨੁਸਾਰ ਹਰ ਕਿਸੇ ਲਈ ਜ਼ਿੰਦਗੀ ਦੀ ਪਰਿਭਾਸ਼ਾ, ਜ਼ਿੰਦਗੀ ਪ੍ਰਤੀ ਸਮਝ ਅਤੇ ਜ਼ਿੰਦਗੀ ਅਲੱਗ-ਅਲੱਗ ਹੈ ਪਰ ਇਹ ਇਕ ਸਹੀ ਗੱਲ ਹੈ ਕਿ ਜ਼ਿੰਦਗੀ ਇਕ ਰੰਗਮੰਚ ਦੀ ਤਰ੍ਹਾਂ ਹੈ। ਜਿੱਥੇ ਅਸੀਂ ਸਾਰੇ ਸਮੇਂ, ਸਥਿਤੀ ਤੇ ਹਾਲਾਤ ਅਨੁਸਾਰ ਵੱਖ-ਵੱਖ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਾਂ ਅਤੇ ਦੁਨੀਆ ਵਿਚ ਇਸ ਰੰਗਮੰਚ 'ਤੇ ਨਿਭਾਈ ਹੋਈ ਆਪਣੀ ਭੂਮਿਕਾ ਅਨੁਸਾਰ ਉਹੋ ਜਿਹੀਆਂ ਪੈੜਾਂ ਯਾਦਾਂ, ਨਿਸ਼ਾਨ, ਚੇਤੇ, ਛੱਡ ਜਾਂਦੇ ਹਾਂ।

ਚੇਤਿਆਂ ਵਿਚ ਆਸਵੰਦ , ਸਕਾਰਾਤਮਕ, ਯਥਾਰਥਵਾਦੀ ਭੂਮਿਕਾ ਵਜੋਂ ਵਸਣ ਲਈ ਸਾਨੂੰ ਇਸ ਰੰਗਮੰਚ 'ਤੇ ਆਪਣੀ ਭੂਮਿਕਾ ਉਸਾਰੂ, ਸੁਚਾਰੂ ਤੇ ਇਮਾਨਦਾਰੀ ਭਰੀ ਨਿਭਾ ਕੇ , ਦੂਸਰਿਆਂ ਦਾ ਭਲਾ ਕਰ ਕੇ, ਮਾਨਵਤਾ, ਜੀਵ ਜੰਤ ਦੀ ਭਲਾਈ ਦੇ ਉਪਰਾਲੇ ਕਰਕੇ , ਲੋੜਵੰਦਾਂ ਦੀ ਸਹਾਇਤਾ ਕਰਕੇ ਅਤੇ ਨਿਮਰਤਾ ਭਰਪੂਰ ਵਿਵਹਾਰ ਅਪਣਾ ਕੇ ਜ਼ਿੰਦਗੀ ਦੇ ਰੰਗਮੰਚ 'ਤੇ ਆਪਣਾ ਕਿਰਦਾਰ ਉਸਾਰੂ, ਸੁਚਾਰੂ ਤੇ ਉੱਤਮ ਬਣਾਉਣਾ ਚਾਹੀਦਾ ਹੈ। ਜ਼ਿੰਦਗੀ ਦੇ ਸਕੂਲ ਵਿਚ ਅਸੀਂ ਅਨੇਕਾਂ ਜੀਵਨ ਤਜਰਬੇ , ਸਿੱਖਿਆਵਾਂ, ਗਿਆਨ ਤੇ ਅਨੁਭਵ ਹਾਸਲ ਕਰਦੇ ਹਾਂ ਜਿਸ ਨੂੰ ਸਾਨੂੰ ਮੌਖਿਕ ਜਾਂ ਲਿਖਤੀ ਰੂਪ ਵਿਚ ਦੂਸਰਿਆਂ ਤਕ ਵੰਡਣਾ ਤੇ ਪਹੁੰਚਾਉਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜੀਆਂ ਲਈ ਸੰਜੋ ਕੇ ਰੱਖਣਾ ਚਾਹੀਦਾ ਹੈ।

ਜ਼ਿੰਦਗੀ ਦੇ ਰੰਗਮੰਚ ਵਿਚ ਜੇਕਰ ਅਸੀਂ ਸਹੀ ਅਤੇ ਉਸਾਰੂ ਤੇ ਵਧੀਆ ਭੂਮਿਕਾ ਨਿਭਾਵਾਂਗੇ, ਤਦ ਹੀ ਸਹੀ ਹੋ ਸਕਦਾ ਹੈ। ਪਿਛੋਕੜ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੇ ਵੀ ਜ਼ਿੰਦਗੀ ਦੇ ਰੰਗਮੰਚ ਵਿਚ ਨਕਾਰਾਤਮਕ ਭੂਮਿਕਾ ਅਦਾ ਕੀਤੀ, ਉਹ ਦੁਨੀਆ ਵਿਚ ਅੱਜ ਵੀ ਬੁਰਾਈ ਦੇ ਪ੍ਰਤੀਕਾਂ ਵਜੋਂ ਜਾਣੇ ਜਾਂਦੇ ਰਹੇ। ।ਜ਼ਿੰਦਗੀ ਦੇ ਰੰਗਮੰਚ ਵਿਚ ਉਸਾਰੂ ਅਤੇ ਉੱਤਮ ਭੂਮਿਕਾ ਨਿਭਾਉਣ ਵਾਲਿਆਂ ਨੂੰ ਦੁਨੀਆਂ ਅੱਜ ਵੀ ਯਾਦ ਕਰਦੀ ਹੈ, ਪ੍ਰਣਾਮ ਕਰਦੀ ਹੈ ਅਤੇ ਸਤਿਕਾਰ ਵਜੋਂ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਜ਼ਿੰਦਗੀ ਵਿਚ ਪਿਆਰ, ਭਾਈਚਾਰਕ ਸਾਂਝ, ਮਿਲਵਰਤਨ, ਨਿਮਰਤਾ ਪਰ ਉਪਕਾਰ ਮਾਨਵਤਾ ਅਤੇ ਜੀਵ ਜੰਤ ਦੀ ਭਲਾਈ ਦੀ ਧਾਰਨਾ ਬਣਾਈ ਰੱਖਣਾ ਤੇ ਉਸ 'ਤੇ ਅਮਲ ਕਰਨਾ ਜ਼ਰੂਰੀ ਹੋ ਜਾਂਦਾ ਹੈ। ਜ਼ਿੰਦਗੀ ਦੇ ਇਸ ਰੰਗਮੰਚ ਵਿਚ ਜ਼ਿੰਦਗੀ ਤੋਂ ਵੱਡੇ ਵਡੇਰਿਆਂ ਤੇ ਮਹਾਂਪੁਰਸ਼ਾਂ ਦੇ ਤਜਰਬਿਆਂ ਤੋਂ ਅਤੇ ਚੰਗੀਆਂ ਪੁਸਤਕਾਂ ਤੋਂ ਸਿੱਖਦੇ ਰਹਿਣਾ ਚਾਹੀਦਾ ਹੈ। ਜ਼ਿੰਦਗੀ ਨੂੰ ਜਿਊਣਾ ਚਾਹੀਦਾ ਹੈ, ਢੋਣਾ ਨਹੀਂ ਚਾਹੀਦਾ ।

ਜ਼ਿੰਦਗੀ ਦੇ ਰੰਗਮੰਚ ਦਾ ਅਨੰਦ ਕੇਵਲ ਤੇ ਕੇਵਲ ਸਾਦਗੀ ਦਾ ਗੁਣ ਧਾਰਨ ਕਰਕੇ ਹੀ ਮਾਣਿਆ ਜਾ ਸਕਦਾ ਹੈ ਕਿਉਂਕਿ ਸਾਦਗੀ ਸਕੂਨ ਦਾ ਆਧਾਰ ਬਣਦੀ ਹੈ। ਪਰਾਏ ਧਨ, ਪਰਾਈ ਵਾਸਤੂ , ਪਰਾਏ ਤਨ ਦੀ ਲਾਲਸਾ ਤੇ ਪ੍ਰਾਪਤੀ ਦੀ ਇੱਛਾ ਜ਼ਿੰਦਗੀ ਨੂੰ ਨਰਕ / ਦੁਸ਼ਵਾਰ ਬਣਾ ਦਿੰਦੀ ਹੈ। ਅਜਿਹੀ ਚਾਹਤ ਜ਼ਿੰਦਗੀ ਵਿੱਚੋਂ ਖ਼ੁਸ਼ੀਆਂ ਖੇੜੇ ਅਨੰਦ ਖੋਹ ਲੈਂਦੀ ਹੈ ਤੇ ਜ਼ਿੰਦਗੀ ਦਾ ਰੰਗਮੰਚ ਬੇਰੰਗ ਹੋ ਜਾਂਦਾ ਹੈ। ਈਰਖਾ, ਲੋਭ, ਦਿਖਾਵਾ, ਬਿਨਾਂ ਮਿਹਨਤ ਧਨ ਪ੍ਰਾਪਤੀ ਦੀ ਲਾਲਸਾ ਅਤੇ ਨਾ ਖ਼ਤਮ ਹੋਣ ਵਾਲੀਆਂ ਇੱਛਾਵਾਂ ਮਨੁੱਖ ਦੀ ਜ਼ਿੰਦਗੀ ਨੂੰ ਅਤੇ ਜ਼ਿੰਦਗੀ ਦੇ ਇਸ ਰੰਗਮੰਚ ਨੂੰ ਬਦਰੰਗ, ਖੋਖਲਾ ਤੇ ਅਸ਼ਾਂਤ ਕਰ ਦਿੰਦੇ ਹਨ। ਇਸ ਲਈ ਜ਼ਿੰਦਗੀ ਦੇ ਇਸ ਰੰਗਮੰਚ ਦਾ ਭਰਪੂਰ ਅਨੰਦ ਲੈਣ ਲਈ ਸਾਦਗੀ, ਇਮਾਨਦਾਰੀ, ਪਰਉਪਕਾਰ ਦੀ ਭਾਵਨਾ ਅਤੇ ਕਰਮਸ਼ੀਲਤਾ ਵਰਗੇ ਮਹਾਨ ਗੁਣਾਂ ਦੇ ਧਾਰਨੀ ਬਣਨਾ ਸਹੀ ਹੋ ਸਕਦਾ ਹੈ ਤਾਂ ਜੋ ਜ਼ਿੰਦਗੀ ਅਤੇ ਜ਼ਿੰਦਗੀ ਦਾ ਰੰਗਮੰਚ ਸੱਚਮੁੱਚ ਰੰਗਾਂ, ਖ਼ੁਸ਼ੀਆਂ, ਖੇੜਿਆਂ, ਸਕੂਨ ਤੇ ਅਨੰਦ ਦਾ ਮੰਚ ਬਣ ਜਾਵੇ। ਜਦੋਂ ਅਸੀਂ ਜ਼ਿੰਦਗੀ ਨੂੰ ਜਿਉਣਾ ਸਿੱਖ ਲਾਗੇ ਤਾਂ ਸਾਡਾ ਜੀਵਨ ਹੀ ਨਹੀਂ ਆਲਾ-ਦੁਆਲਾ ਵੀ ਖ਼ੁਸ਼ਗਵਾਰ ਹੋ ਜਾਵੇਗਾ। ਤੁਸੀਂ ਅਜਿਹਾ ਕਰਕੇ ਤਾਂ ਦੇਖੋ।

• ਮਾਸਟਰ ਸੰਜੀਵ ਧਰਮਾਣੀ
94785-61356

# ਰਾਗ ਨਾਦ ਸਬਦਿ ਸੋਹਣੇ 27

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 27ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਮਲਾਰ' ਬਾਰੇ...



## ਰਾਗ ਮਲਾਰ

ਰਾਗ ਮਲਾਰ, ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਸਤਾਈਵੇਂ ਸਥਾਨ 'ਤੇ ਮਹੱਤਵਪੂਰਨ ਰਾਗ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1254 ਤੋਂ ਲੈ ਕੇ 1293 ਤਕ ਦਰਜ ਹੈ। ਇਹ ਰਾਗ ਮਨੁੱਖੀ ਮਨ ਦੇ ਚਾਵਾਂ, ਉਮੰਗਾਂ, ਮਨੁੱਖੀ ਜਜ਼ਬਿਆਂ ਅਤੇ ਮਨ ਦੇ ਵਲਵਲਿਆਂ ਦੀ ਤਰਜ਼ਮਾਨੀ ਕਰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਅਮਰਦਾਸ ਜੀ ਇਸ ਰਾਗ ਬਾਰੇ ਫੁਰਮਾਉਂਦੇ ਹਨ, **'ਮਲਾਰੁ ਸੀਤਲ ਰਾਗੁ ਹੈ ਹਰਿ ਧਿਆਈਐ ਸਾਂਤਿ ਹੋਇ॥ ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ॥'** ਭਾਵ, 'ਮਲਾਰ ਰਾਗ' ਇਕ ਸੀਤਲ ਜਾਂ ਮਨ ਨੂੰ ਠੰਡਕ ਪਹੁੰਚਾਉਣ ਵਾਲਾ ਰਾਗ ਹੈ ਪਰ ਅਸਲ ਸ਼ਾਂਤੀ ਤਦ ਹੀ ਮਿਲਦੀ ਹੈ ਜੇਕਰ ਇਸ ਰਾਗ ਦੇ ਰਾਹੀਂ ਪ੍ਰਭੂ ਪਰਮਾਤਮਾ ਦੀ ਸਿਫ਼ਤ ਸਲਾਹ ਦਾ ਗਾਇਨ ਕੀਤੀ ਜਾਵੇ ਅਤੇ ਜੇ ਪ੍ਰਭੂ ਦਇਆ ਕਰ ਦੇਵੇ ਤਾਂ ਇਹ ਸੁੱਖ ਸ਼ਾਂਤੀ ਸਾਰੇ ਜਗਤ ਵਿਚ ਵਰਤ ਸਕਦੀ ਹੈ।' ਇਸ ਰਾਗ ਅੰਦਰ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਭਗਤ ਬਾਣੀ ਵਿੱਚੋਂ ਨਾਮਦੇਵ ਜੀ ਅਤੇ ਰਵਿਦਾਸ ਜੀ ਦੀ ਬਾਣੀ ਸ਼ਾਮਲ ਹੈ। ਰਾਗ ਮਲਾਰ ਅੰਦਰ 'ਮਲਾਰ ਮਹਲਾ 4 ਪੜਤਾਲ ਘਰੁ 3', 'ਰਾਗ ਮਲਾਰ ਮਹਲਾ 5 ਪੜਤਾਲ ਘਰੁ 3', 'ਵਾਰ ਮਲਾਰ ਕੀ ਮਹਲਾ 1 ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ' ਸਿਰਲੇਖ ਹੇਠ ਬਾਣੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਘੋਖੀਏ ਤਾਂ ਰਾਗ ਮਲਾਰ ਜਾਂ ਮਲ੍ਹਾਰ ਭਾਰਤੀ ਸੰਗੀਤ ਅਤੇ ਭਾਰਤੀ ਸੰਸਕ੍ਰਿਤੀ ਵਿਚ ਪ੍ਰਾਚੀਨ, ਪ੍ਰਸਿੱਧ ਤੇ ਹਰਮਨ ਪਿਆਰਾ ਰਾਗ ਹੈ। ਸੰਗੀਤ ਨਾਲ ਸਬੰਧਤ ਤਕਰੀਬਨ ਹਰ ਗ੍ਰੰਥ ਵਿਚ ਇਸ ਰਾਗ ਦਾ ਜ਼ਿਕਰ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਮਲ੍ਹਾਰ ਨੂੰ ਮੌਸਮੀ ਰਾਗ ਵੱਜੋਂ ਵੀ ਮਾਨਤਾ ਮਿਲਦੀ ਹੈ ਅਤੇ ਸਾਵਣ ਦੀ ਮਹੀਨੇ ਭਾਵ ਵਰਖਾ ਰੁੱਤ ਵਿਚ ਇਸ ਦਾ ਵਿਸ਼ੇਸ਼ ਤੌਰ 'ਤੇ ਗਾਇਨ ਕੀਤਾ ਜਾਂਦਾ ਹੈ। ਗਾਉਣ ਲਈ ਕਿਸੇ ਤਰ੍ਹਾਂ ਦੀ ਸਮੇਂ ਦੀ ਪਾਬੰਦੀ ਨਹੀਂ ਮੰਨੀ ਗਈ ਹੈ। ਵਿਦਵਾਨਾਂ ਦੀ ਰਾਇ ਹੈ ਕਿ ਇਸ ਰਾਗ ਦੀ ਰਚਨਾ ਸੰਗੀਤ ਸਮਰਾਟ ਮੀਆਂ ਤਾਨਸੇਨ ਨੇ ਕੀਤੀ ਸੀ ਅਤੇ ਇਸ ਕਰ ਕੇ ਇਸ ਰਾਗ ਦਾ ਨਾਂ 'ਮੀਆਂ ਮਲ੍ਹਾਰ' ਵੀ ਪ੍ਰਚਲਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ 'ਮਹਾਨ ਕੋਸ਼' ਦੇ ਪੰਨਾ ਨੰਬਰ 956 ਅਨੁਸਾਰ, 'ਇਸ ਰਾਗ ਦੇ ਕਈ ਭੇਦ ਸੰਪੂਰਣ ਜਾਤੀ ਦੇ ਹਨ। ਇਹ ਕਮਾਚ ਥਾਟ ਦਾ ਔੜਵ ਰਾਗ ਹੈ। ਗਾਂਧਾਰ ਤੇ ਨਿਸ਼ਾਦ ਵਰਜਿਤ ਹਨ। ਸੜਜ਼ ਰਿਸ਼ਭ ਮੱਧਮ ਪੰਚਮ ਤੇ ਧੈਵਤ ਸ਼ੁੱਧ ਹੈ। ਗ੍ਰਹ ਅਤੇ ਵਾਦੀ ਸੁਰ ਮੱਧਮ ਅਤੇ ਸੰਵਾਦੀ ਸੜਜ ਹੈ। ਗਾਉਣ ਦਾ ਵੇਲਾ ਵਰਖਾ ਰੁੱਤ ਅਤੇ ਰਾਤ ਦਾ ਹੈ।' ਅੱਜ ਕੱਲ੍ਹ ਵੀ ਮਲ੍ਹਾਰ ਕਈ ਹੋਰ ਕਿਸਮਾਂ ਨਾਲ ਪ੍ਰਚਲਿਤ ਹੈ। •

98150-24920

## ਬੋਧ ਕਥਾ

# ਸ਼ੇਖ਼ ਸਾਅਦੀ



ਸ਼ੇਖ਼ ਸਾਅਦੀ 90 ਵਰ੍ਹਿਆਂ ਦੇ ਹੋਏ ਤਾਂ ਅਰਬ ਦੇ ਇਕ ਸੁਲਤਾਨ ਨੇ ਉਨ੍ਹਾਂ ਨੂੰ ਬੇਸ਼ਕੀਮਤੀ ਹੀਰਾ ਭੇਜਿਆ ਤੇ ਲਿਖਿਆ, "ਸਾਰੀ ਉਮਰ ਤੁਸੀਂ ਕਵਿਤਾਵਾਂ ਲਿਖਦਿਆਂ ਗੁਆ ਦਿੱਤੀ। ਅਗਰ ਇਸ ਹੀਰੇ ਦੇ ਜੋੜ ਦੀ ਕੋਈ ਕਵਿਤਾ ਤੁਹਾਡੇ ਕੋਲ ਹੇ ਤਾਂ ਕ੍ਰਿਪਾ ਕਰ ਕੇ ਭੇਜ ਦਿਓ।"

ਸ਼ੇਖ਼ ਸਾਹਿਬ ਨੇ ਪੱਤਰ ਪੜ੍ਹਿਆ ਤੇ ਹੀਰੇ ਨੂੰ ਵੇਖਿਆ। ਉਹ ਸੁਲਤਾਨ ਦੀ ਇਸ ਹਰਕਤ 'ਤੇ ਹੈਰਾਨ ਸਨ, ਫਿਰ ਜਵਾਬ ਲਿਖਿਆ, "ਤੁਸੀਂ ਕਵਿਤਾ ਦੀ ਗੱਲ ਕਰਦੇ ਹੋ, ਮੇਰੀ ਸ਼ਾਇਰੀ ਦਾ ਇਕ-ਇਕ ਅੱਖ਼ਰ ਇਸ ਹੀਰੇ ਨਾਲੋਂ ਜ਼ਿਆਦਾ ਕੀਮਤੀ ਹੈ। ਮੇਰੇ ਸ਼ਬਦ ਦੋ ਦਿਲਾਂ ਦਰਮਿਆਨ ਪੁਲ ਦਾ ਨਿਰਮਾਣ ਕਰਨ ਦੇ ਸਮਰੱਥ ਹਨ, ਜਦਕਿ ਤੁਹਾਡਾ ਹੀਰਾ ਦੋ ਇਨਸਾਨਾਂ 'ਚ ਖ਼ੂਨ-ਖ਼ਰਾਬੇ ਦਾ ਜ਼ਰੀਆ ਬਣ ਸਕਦਾ ਹੈ। ਮੇਰੇ ਸ਼ਬਦ ਈਸ਼ਵਰ ਦੇ ਸਿੰਘਾਸਣ ਨੂੰ ਪਿੰਘਲਾਉਣ ਦੇ ਸਮਰੱਥ ਹਨ, ਜਦਕਿ ਤੁਹਾਡਾ ਹੀਰਾ ਭੁੱਖੇ ਇਨਸਾਨ ਦੀ ਭੁੱਖ ਮਿਟਾਉਣ ਵਿਚ ਚਣੇ ਦੀ ਵੀ ਬਰਾਬਰੀ ਨਹੀਂ ਕਰ ਸਕਦਾ, ਉਲਟਾ ਕਾਲ ਤਾਂ ਜ਼ਰੂਰ ਬਣ ਸਕਦਾ ਹੈ। ਤੁਹਾਡਾ ਹੀਰਾ ਤੁਹਾਨੂੰ ਮੁਬਾਰਕ ਹੋਵੇ। ਮੈਨੂੰ ਇਸ ਦੀ ਕੋਈ ਜ਼ਰੂਰਤ ਨਹੀਂ।

• ਫੀਚਰ ਡੈਸਕ



# ਗੁਰਬਾਣੀ ਵਿਚ ਸੱਚੀ ਪ੍ਰੀਤ ਦਾ ਸੰਕਲਪ

**ਪ੍ਰੇਮ ਦਾ ਮਾਰਗ ਪੰਖੀ ਜਾਂ ਪੰਛੀ ਦੀ ਉਡਾਰੀ ਦੀ ਤਰ੍ਹਾਂ ਹੈ ਜੋ ਸੇਵਾ ਤੇ ਸਿਮਰਨ ਦੇ ਖੰਭ ਲਾ ਕੇ ਵਾਹਿਗੁਰੂ ਦੇ ਦੇਸ਼ ਨੂੰ ਉਡਾਰੀ ਮਾਰ ਸਕਦਾ ਹੈ। ਇਸੇ ਲਈ ਇਸ ਨੂੰ 'ਪੰਖੀ ਮਾਰਗ' ਵੀ ਕਹਿੰਦੇ ਹਨ। ਕਲਗੀਧਰ ਪਿਤਾ ਦਾ ਬਚਨ ਹੈ : ਸਾਚ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ਸ੍ਰਿਸ਼ਟੀ ਦਾ ਕਰਤਾ ਵਾਹਿਗੁਰੂ ਆਪ ਪ੍ਰੇਮ ਰੂਪ ਹੋ ਕੇ ਸੰਸਾਰ 'ਚ ਵਿਚਰ ਰਿਹਾ ਹੈ ਤੇ ਪ੍ਰੇਮ ਰੂਪ ਹੋ ਕੇ ਉਸ ਨੇ ਸ੍ਰਿਸ਼ਟੀ ਸਾਜੀ ਹੈ। ਪ੍ਰੇਮ-ਮਾਰਗ 'ਤੇ ਚੱਲ ਕੇ ਹੀ ਉਸ ਦੇ ਦੇਸ਼ ਪਹੁੰਚਿਆ ਜਾ ਸਕਦਾ ਹੈ...**

ਇੰਜੀ. ਜਸਵੰਤ ਸਿੰਘ

ਵਾਹਿਗੁਰੂ ਨੂੰ ਮਿਲਣ ਦੇ ਮੁੱਖ ਤੌਰ 'ਤੇ ਦੋ ਮਾਰਗ ਹਨ, ਇਕ 'ਹਠ ਮਾਰਗ' ਤੇ ਦੂਜਾ 'ਪ੍ਰੇਮ ਮਾਰਗ'। ਦੋਹਾਂ 'ਤੇ ਤੁਰਿਆ ਮਨੁੱਖ ਭਾਵੇਂ ਅਪਣੀ ਮੰਜ਼ਿਲ ਤਕ ਪਹੁੰਚ ਤਾਂ ਜਾਂਦਾ ਹੈ ਪਰ ਦੋਹਾਂ 'ਚ ਜ਼ਮੀਨ-ਆਸਮਾਨ ਦਾ ਅੰਤਰ ਹੈ। 'ਹਠ ਮਾਰਗ' ਅਤਿ ਔਖਾ ਤੇ ਰਸ-ਰਹਿਤ ਹੈ। ਕਲਯੁੱਗ ਵਿਚ ਮਨੁੱਖਾਂ ਦੀਆਂ ਉਮਰਾਂ ਛੋਟੀਆਂ, ਸਰੀਰ ਕਮਜ਼ੋਰ ਤੇ ਦ੍ਰਿੜਤਾ ਦੀ ਕਮੀ ਕਾਰਨ ਹਰ ਕੋਈ ਇਸ ਮਾਰਗ ਨੂੰ ਨਹੀਂ ਅਪਣਾ ਸਕਦਾ ਪਰ 'ਪ੍ਰੇਮ ਮਾਰਗ' ਸੌਖਾ ਤੇ ਰਸ ਦਾਇਕ ਹੈ ਅਤੇ ਹਰ ਕੋਈ ਇਸ ਰਾਹ 'ਤੇ ਤੁਰ ਸਕਦਾ ਹੈ।

'ਹਠ ਮਾਰਗ' ਨੂੰ 'ਕੀੜੀ ਮਾਰਗ' ਵੀ ਕਹਿੰਦੇ ਹਨ, ਜਿਵੇਂ ਇਕ ਕੀੜੀ ਦਰੱਖ਼ਤ 'ਤੇ ਲੱਗੇ ਫਲ ਨੂੰ ਪ੍ਰਾਪਤ ਕਰਨ ਦੀ ਲੋਚਾ ਨਾਲ ਹੌਲੀ-ਹੌਲੀ ਚੱਲਦੀ ਹੈ, ਕਦੀ ਡਿੱਗਦੀ ਹੈ ਤੇ ਕਦੀ ਚੜ੍ਹਦੀ ਹੈ। ਹਨੇਰੀ-ਤੂਫ਼ਾਨ ਆ ਜਾਵੇ ਤਾਂ ਡਿੱਗ ਕੇ ਮਰ ਵੀ ਸਕਦੀ ਹੈ, ਇਉਂ ਹਠ ਮਾਰਗ 'ਤੇ ਤੁਰਿਆਂ ਮਨੁੱਖ ਆਪਣੀ ਮੰਜ਼ਿਲ ਤਕ ਪਹੁੰਚ ਸਕਦਾ ਹੈ ਜਾਂ ਨਹੀਂ, ਇਸ ਦਾ ਕੋਈ ਭਰੋਸਾ ਨਹੀਂ। ਦੂਜੇ ਪਾਸੇ ਪ੍ਰੇਮ ਦਾ ਮਾਰਗ ਇਕ ਪੰਖੀ ਦੀ ਉਡਾਰੀ ਦੀ ਤਰ੍ਹਾਂ ਹੈ ਜੋ ਸੇਵਾ ਤੇ ਸਿਮਰਨ ਦੇ ਖੰਭ ਲਾ ਕੇ ਵਾਹਿਗੁਰੂ ਦੇ ਦੇਸ਼ ਨੂੰ ਬਹੁਤ ਜਲਦੀ ਉਡਾਰੀ ਮਾਰ ਸਕਦਾ ਹੈ। ਇਸੇ ਲਈ ਇਸ ਨੂੰ 'ਪੰਖੀ ਮਾਰਗ' ਵੀ ਕਹਿੰਦੇ ਹਨ। ਕਲਗੀਧਰ ਪਿਤਾ ਜੀ ਦਾ ਬਚਨ ਹੈ :

**ਸਾਚ ਕਹੋ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**

ਸ੍ਰਿਸ਼ਟੀ ਦਾ ਕਰਤਾ ਵਾਹਿਗੁਰੂ ਆਪ ਪ੍ਰੇਮ ਰੂਪ ਹੋ ਕੇ ਸੰਸਾਰ 'ਚ ਵਿਚਰ ਰਿਹਾ ਹੈ ਤੇ ਪ੍ਰੇਮ ਰੂਪ ਹੋ ਕੇ ਉਸ ਨੇ ਸ੍ਰਿਸ਼ਟੀ ਸਾਜੀ ਹੈ ਅਤੇ ਪ੍ਰੇਮ-ਮਾਰਗ 'ਤੇ ਚੱਲ ਕੇ ਹੀ ਉਸ ਦੇ ਦੇਸ਼ ਪਹੁੰਚਿਆ ਜਾ ਸਕਦਾ ਹੈ। ਬਚਨ ਹੈ :

**ਜੱਤ੍ਰ ਤੱਤ੍ਰ ਦਿਸਾ ਵਿਸਾ**
**ਹੁਇ ਫੈਲਿਓ ਅਨੁਰਾਗ॥**

ਸੱਚੀ ਪ੍ਰੀਤ ਦੇ ਬੰਧਨ 'ਚ ਬੱਝਾ 'ਪ੍ਰੇਮੀ' ਅਪਣੇ ਪ੍ਰੀਤਮ ਤੋਂ ਕੋਈ ਵਿਸ਼ੇਸ਼ ਰਿਆਇਤ ਜਾਂ ਸਹੂਲਤ ਦੀ ਮੰਗ ਨਹੀਂ ਕਰਦਾ ਬਲਕਿ ਸਭ ਕੁਝ ਅਪਣੇ ਪਿਆਰੇ ਤੋਂ ਵਾਰ ਕੇ ਖ਼ੁਸ਼ ਹੁੰਦਾ ਹੈ। 'ਸੱਚੀ ਪ੍ਰੀਤ' ਕੋਈ ਲੈਣ-ਦੇਣ ਦਾ ਵਪਾਰ ਨਹੀਂ ਬਲਕਿ ਸੱਚੀ ਪ੍ਰੀਤ ਪਾਉਣ ਵਾਲਾ ਅਪਣੇ ਪ੍ਰੀਤਮ ਵਿਚ ਸਮਾ ਜਾਣ ਦੀ ਲੋਚਾ ਰੱਖਦਾ ਹੈ ਤੇ ਫਿਰ ਉਸ ਦਾ ਹੀ ਰੂਪ ਬਣ ਜਾਂਦਾ ਹੈ। ਉਸ ਦੇ ਮਨ ਵਿਚ ਅਪਣੇ ਪ੍ਰੀਤਮ ਦੇ ਚਰਨਾਂ ਲਈ ਸਦਾ ਇਹ ਜੋਦੜੀ ਬਣੀ ਰਹਿੰਦੀ ਹੈ ਕਿ 'ਹੇ ਪਿਆਰੇ! ਮੈਂ ਤੇਰੇ ਕੋਲੋਂ ਰਾਜ ਨਹੀਂ ਮੰਗਦਾ, ਮੁਕਤੀ ਨਹੀਂ ਮੰਗਦਾ, ਮੈਂ ਤਾਂ ਸਦਾ ਤੇਰੇ ਚਰਨ ਕੰਵਲਾਂ ਦੀ ਪ੍ਰੀਤ ਮੰਗਦਾ ਹਾਂ।'

ਭਾਵੇਂ ਸੰਸਾਰ ਦੇ ਲੋਕ ਦੇਵੀ-ਦੇਵਤਿਆਂ ਦੇ ਦਰਸ਼ਨ ਮੰਗਦੇ ਹੋਣ, ਉਹ ਤਾਂ ਕੇਵਲ ਬ੍ਰਹਿਮੰਡਾਂ ਦੇ ਮੂਲ ਵਾਹਿਗੁਰੂ ਜੀ ਦੇ ਦਰਸ਼ਨ ਹੀ ਲੋਚਦਾ ਹੈ। ਪੰਚਮ ਪਾਤਸਾਹ ਦਾ ਫ਼ੁਰਮਾਨ ਹੈ :

**ਰਾਜੁ ਨ ਚਾਹਉ ਮੁਕਤਿ ਨ ਚਾਹਉ॥**
**ਮਨਿ ਪ੍ਰੀਤਿ ਚਰਨ ਕਮਲਾਰੇ॥**
**ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ॥**
**ਮੋਹਿ ਠਾਕੁਰ ਹੀ ਦਰਸਾਰੇ॥**

ਰਵਿਦਾਸ ਜੀ ਮਹਾਰਾਜ 'ਸੱਚੀ-ਪ੍ਰੀਤ' ਦਾ ਵਰਨਣ ਕਰਦੇ ਹੋਏ ਫ਼ੁਰਮਾਨ ਕਰਦੇ ਹਨ ਕਿ 'ਹੇ ਪ੍ਰਭੂ! ਮੈਂ ਸਭ ਪਾਸਿਆਂ ਤੋਂ ਪ੍ਰੀਤਾਂ ਤੋੜ ਕੇ ਕੇਵਲ ਤੇਰੇ ਸੰਗ ਪ੍ਰੀਤ ਜੋੜੀ ਹੈ ਕਿਉਂਕਿ ਤੇਰੇ ਦਰ 'ਤੇ ਉਨ੍ਹਾਂ ਦੀ ਪ੍ਰੀਤ ਪਰਵਾਨ ਚੜ੍ਹਦੀ ਹੈ ਜੋ ਸੰਸਾਰ ਨਾਲੋਂ ਤੋੜ ਕੇ ਕੇਵਲ ਤੇਰੇ ਨਾਲ ਜੋੜਦੇ ਹਨ।'

**ਲੋਗ ਕੁਟੰਬ ਸਬਹੁ ਤੇ ਤੋਰੈ॥**



**ਤਉ ਆਪਨ ਬੇਢੀ ਆਵੈ ਹੋ॥**

ਹੇ ਪ੍ਰਭੂ ਜੀ! ਮੈ ਜਿੱਥੇ ਵੀ ਜਾਵਾਂ ਮੈਨੂੰ ਹਰ ਥਾਂ ਤੂੰ ਹੀ ਨਜ਼ਰ ਆਉਂਦਾ ਹੈਂ :

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ**
**ਏਕੁ ਏਕੁ ਵਖਾਣੀਐ॥**
**ਆਤਮ ਪਸਾਰਾ ਕਰਣਹਾਰਾ**
**ਪ੍ਰਭ ਬਿਨਾ ਨਹੀ ਜਾਣੀਐ॥**

ਹੇ ਪ੍ਰਭੂ ਜੀ! ਮੈਂ ਸਦਾ ਤੇਰੀ ਸੇਵਾ 'ਚ ਰਹਿਦਾ ਹਾਂ ਕਿਉਂਕਿ ਤੇਰੇ ਵਰਗਾ ਮੈਨੂੰ ਹੋਰ ਕੋਈ ਕਿਧਰੇ ਨਜ਼ਰ ਨਹੀਂ ਆਉਂਦਾ। ਤੂੰ ਆਪਣੇ ਆਪ 'ਚ ਆਪਣੀ ਮਿਸਾਲ ਆਪ ਹੀ ਹੈਂ। ਵਚਨ ਹੈ :

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥**
**ਜਹ ਜਹ ਜਾਉ ਤਹਾ ਤੇਰੀ ਸੇਵਾ॥**
**ਤੁਮ ਸੋ ਠਾਕੁਰੁ ਅਉਰੁ ਨ ਦੇਵਾ॥**

ਰਵਿਦਾਸ ਜੀ ਆਪਣੇ ਪ੍ਰੀਤਮ ਨਾਲ ਪ੍ਰੀਤ ਡੋਰੀਆਂ ਪਾਉਂਦੇ ਹੋਏ ਸੱਚੀ ਪ੍ਰੀਤ ਦੇ ਸਿਖ਼ਰ ਦਾ ਵਰਣਨ ਕਰਦੇ ਹੋਏ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਜੇ ਤੂੰ ਪਹਾੜ ਬਣ ਜਾਵੇਂ ਤਾਂ ਮੈ ਮੋਰ ਬਣ ਜਾਵਾਂ, ਜੋ ਪਹਾੜ ਨੂੰ ਤਕ ਕੇ ਪੈਲਾਂ ਪਾਉਂਦਾ ਹੈ। ਜੇ ਤੂੰ ਚੰਦਰਮਾ ਬਣ ਜਾਵੇਂ ਤਾਂ ਮੈਂ ਚਕੋਰ ਬਣ ਜਾਵਾਂ, ਜੋ ਆਪਣੇ ਪਿਆਰੇ ਚੰਦਰਮਾ ਨੂੰ ਟਿਕਟਿਕੀ ਲਗਾ ਕੇ ਤੱਕਦਾ ਹੈ। ਹੇ ਪ੍ਰਭੂ! ਜੇ ਤੂੰ ਮੇਰੇ ਨਾਲ ਪ੍ਰੀਤ ਡੋਰੀ ਨਾ ਤੋੜੇਂ ਤਾਂ ਹੀ ਮੇਰੀ ਪ੍ਰੀਤ ਨਿਭ ਸਕਦੀ ਹੈ, ਭਲਾ ਤੇਰੇ ਨਾਲੋਂ ਪ੍ਰੀਤਾਂ ਤੋੜ ਕੇ ਮੈਂ ਕਿਸ ਨਾਲ ਜੋੜ ਸਕਦਾ ਹਾਂ?'

**ਜਉ ਤੁਮ ਗਿਰਿਵਰ ਤਉ ਹਮ ਮੋਰਾ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥**
**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ॥**
**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥**

ਇਸੇ ਤਰ੍ਹਾਂ ਹੇ ਮਾਧੋ, ਜੇ ਤੂੰ ਦੀਵਾ ਬਣ ਜਾਵੇਂ ਤਾਂ ਮੈਂ ਤੇਰੀ ਬੱਤੀ ਬਣ ਜਾਵਾਂ, ਭਾਵ ਮੈਂ ਸਭ ਕੁਝ ਤੇਰੇ 'ਤੇ ਨਿਛਾਵਰ ਕਰ ਦੇਵਾਂ। ਜੇ ਤੂੰ ਤੀਰਥ ਬਣ ਜਾਵੇਂ ਤਾਂ ਮੈਂ ਤੇਰੇ 'ਤੇ ਸ਼ਰਧਾ ਰੱਖਣ ਵਾਲਾ ਯਾਤਰੂ ਬਣ ਜਾਵਾਂ ਤਾਂ ਕਿ ਜੋ ਸਦਾ ਤੇਰੇ ਦਰਸ਼ਨਾਂ ਲਈ ਤੁਰਿਆ ਰਹਾਂ। ਤੇਰੀ ਬੰਦਗੀ ਨਾਲ ਤਾਂ ਗਲ਼ ਵਿਚ ਪਈ ਜਮਾਂ ਦੀ ਫਾਸੀ ਵੀ ਕੱਟੀ ਜਾਂਦੀ ਹੈ, ਸੋ ਮੈਂ ਬੜੇ ਚਾਅ ਨਾਲ ਤੇਰੇ ਗੁਣ ਗਾਉਂਦਾ ਹਾਂ :

**ਤੁਮਰੇ ਭਜਨ ਕਟਹਿ ਜਮ ਫਾਂਸਾ॥**
**ਭਗਤਿ ਹੇਤ ਗਾਵੈ ਰਵਿਦਾਸਾ॥**

ਸੱਚੀ ਪ੍ਰੀਤ ਦਾ ਬੀਜ ਪਰਮਾਤਮਾ ਨੇ ਹਰ ਪ੍ਰਾਣੀ ਅੰਦਰ ਬੀਜਿਆ ਹੈ ਪਰ ਇਹ ਫੁੱਟਦਾ ਭਾਗਾਂ ਵਾਲਿਆਂ ਦੇ ਹਿਰਦੇ ਵਿਚ ਹੀ ਹੈ। ਜਿਸ ਅੰਦਰ ਸੱਚੀ ਪ੍ਰੀਤ ਦਾ ਅੰਕੁਰ ਫੁੱਟ ਜਾਵੇ ਉਹ ਅਤਿ ਨਿਰਮਲ, ਸਾਂਤ ਤੇ ਧੀਰਜਵਾਨ ਹੋ ਜਾਂਦਾ ਹੈ, ਜਿਸ ਨਾਲ ਉਹ ਦੁਈ-ਦਵੈਤ ਤੋਂ ਮੁਕਤ ਹੋ ਕੇ ਜੀਵਨ ਦੇ ਹਰ ਪਲ ਨੂੰ ਸਫਲ ਬਣਾਉਣ ਦੇ ਯੋਗ ਹੋ ਜਾਂਦਾ ਹੈ।

ਸੱਚੀ ਪ੍ਰੀਤ ਦੀਆਂ ਕਈ ਮਿਸਾਲਾਂ ਦਾ ਭਾਈ ਗੁਰਦਾਸ ਜੀ ਵਰਨਣ ਕਰਦੇ ਹਨ ਕਿ ਗੁਰੂ ਅਤੇ ਸਿੱਖ ਦੀ ਸੱਚੀ ਪ੍ਰੀਤ ਇਉਂ ਹੈ ਜਿਵੇਂ ਚਕੋਰ ਦੀ ਚੰਦਰਮਾ ਨਾਲ, ਚਕਵੀ ਦੀ ਸੂਰਜ ਨਾਲ, ਕੰਵਲ ਫੁੱਲ ਦੀ ਪਾਣੀ ਨਾਲ, ਮੋਰ ਤੇ ਪਪੀਹਿਆਂ ਦੀ ਕਾਲੇ ਬੱਦਲਾਂ ਨਾਲ, ਇਸਤਰੀ ਦੀ ਪਤੀ ਨਾਲ ਤੇ ਮਾਂ ਦੀ ਪੁੱਤਰ ਨਾਲ ਹੁੰਦੀ ਹੈ। ਇਹ ਪ੍ਰੀਤਾਂ ਤਾਂ ਭਾਵੇਂ ਨਾਸਵਾਨ ਹੁੰਦੀਆਂ ਹਨ ਪਰ ਗੁਰੂ ਅਤੇ ਸਿੱਖ ਦੀ ਪ੍ਰੀਤ ਸਦਾ ਸਦਾ ਨਿਭਣ ਵਾਲੀ ਹੁੰਦੀ ਹੈ। ਵਚਨ ਹੈ :

**ਚੰਦ ਚਕੋਰ ਪ੍ਰੀਤ ਹੈ ਲਾਇ ਤਾਰ ਨਿਹਾਲੇ॥**
**ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥**
**ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥**
**ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥**
**ਨਾਰਿ ਭਤਾਰ ਪਿਆਰ ਹੈ ਮਾਂ ਪੁਤ ਸਮਾਲੇ॥**
**ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥**

ਵਾਹਿਗੁਰੂ ਨਾਲ ਸੱਚੀ ਪ੍ਰੀਤ ਤੋਂ ਬਿਨਾਂ ਮਨੁੱਖ ਦਾ ਜੀਵਨ ਬੇਕਾਰ ਹੈ। ਪੰਚਮ ਪਾਤਸ਼ਾਹ ਦਾ ਫੁਰਮਾਨ ਹੈ ਕਿ ਕੋਈ ਬੰਦਾ ਅਤਿ ਸੁੰਦਰ ਹੋਵੇ, ਉੱਚੀ ਕੁਲ 'ਚ ਪੈਦਾ ਹੋਇਆ ਹੋਵੇ, ਮੁੱਖ ਦਾ ਚਤਰ ਤੇ ਗਿਆਨੀ ਹੋਵੇ, ਅਤਿ ਧਨਵਾਨ ਹੋਵੇ ਪਰ ਜੇ ਉਸ ਅੰਦਰ ਪ੍ਰਭੂ ਦੀ ਸੱਚੀ ਪ੍ਰੀਤ ਨਹੀਂ ਤਾਂ ਉਹ ਵਿਕਾਰਾਂ ਵਿਚ ਮਰੀ ਹੋਈ ਆਤਮਾ ਵਾਲਾ ਹੈ।

**ਅਤਿ ਸੁੰਦਰ ਕੁਲੀਨ ਚਤਰ ਮੁਖਿ ਗਿਆਨੀ ਧਨਵੰਤ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤ ਨਹੀਂ ਭਗਵੰਤ॥**

ਪ੍ਰਭੂ ਪਰਮੇਸਰ ਨਾਲ ਸੱਚੀ ਪ੍ਰੀਤ ਦੀ ਗਾਥਾ ਬੜੀ ਨਿਰਮੋਲਕ ਹੈ ਤੇ ਹਰ ਕੋਈ ਇਸ ਦੀ ਲੋਚਾ ਰੱਖਦਾ ਹੈ। ਇਹ ਪ੍ਰੇਮ ਪਿਆਲਾ ਲਾਇਆਂ ਨਹੀਂ ਲਗਦਾ, ਇਹ ਅਦੁੱਤੀ ਬਖਸ਼ਿਸ਼ ਕੇਵਲ ਉਨ੍ਹਾਂ ਦੀ ਹੀ ਝੋਲੀ ਪੈਂਦੀ ਹੈ, ਜਿਨ੍ਹਾਂ 'ਤੇ ਅਕਾਲ ਪੁਰਖ ਵਾਹਿਗੁਰੂ ਆਪ ਤਰੁੱਠ ਜਾਵੇ।

**ਆਪਨਾ ਲਾਇਆ ਪਿਰਮ ਨ ਲਗਈ ਜੇ ਲੋਚੈ ਸਭੁ ਕੋਇ॥**
**ਏਹ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥** •

# ਸੇਵਾ ਦਾ ਮੁਜੱਸਮਾ ਮਾਤਾ ਖੀਵੀ ਜੀ

ਹਰਜੀਤ ਸਿੰਘ ਕਲਕੱਤਾ

ਇਸਤਰੀ ਦਾ ਸਮੁੱਚਾ ਜੀਵਨ ਪਰਉਪਕਾਰ ਦਾ ਮੁਜੱਸਮਾ ਹੈ, ਜੋ ਆਪਣੇ ਜੀਵਨ ਕਾਲ ਦੌਰਾਨ ਕੇਵਲ ਖਿਦਮਤ ਕਰਦੀ ਹੈ। ਕਿਸੇ ਵੀ ਸਮਾਜ ਦੀ ਸਹੀ ਉਚਾਈ ਮਾਪਣ ਲਈ ਔਰਤ ਸੇਧ ਰੂਪ ਹੈ। ਪੁਰਾਤਨ ਸਮੇਂ ਔਰਤ ਦੀ ਪਦਵੀ ਇਸ ਲਈ ਨੀਵੀਂ ਗਿਣੀ ਜਾਂਦੀ ਸੀ ਕਿਉਂਕਿ ਇਹ ਸਰੀਰਕ ਤੌਰ ਤੇ ਆਦਮੀ ਨਾਲੋਂ ਕਮਜ਼ੋਰ ਹੁੰਦੀ ਹੈ। ਜਿਸ ਸਮਾਜ 'ਚ ਔਰਤ ਨੂੰ ਢੋਰ, ਪਸ਼ੂ ਤੇ ਗਵਾਰ ਆਦਿ ਆਖ ਕੇ ਤੁਲਨਾ ਕੀਤੀ ਜਾਂਦੀ ਹੋਵੇ ਉਹ ਸਮਾਜ ਉੱਚਾ ਨਹੀਂ ਕਿਹਾ ਜਾ ਸਕਦਾ। ਗੁਰੂ ਨਾਨਕ ਦੇਵ ਜੀ ਅਜਿਹੇ ਆਦਰਸ਼ਕ ਸਮਾਜ ਦੀ ਉਸਾਰੀ ਕਰਦੇ ਹਨ ਜਿਸ 'ਚ ਇਸਤਰੀ ਨੂੰ ਰਾਜਿਆਂ ਦੀ ਜਨਨੀ ਕਹਿ ਕੇ ਸਤਿਕਾਰ ਦਿੰਦੇ ਹਨ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

ਮਾਤਾ ਖੀਵੀ ਜੀ ਦਾ ਸਮੁੱਚਾ ਜੀਵਨ ਹੀ ਆਦਰਸ਼ਕ ਹੈ। ਲੰਗਰ ਦੀ ਸੇਵਾ ਇਤਨੀ ਮਹਾਨਤਾ ਨਾਲ ਕੀਤੀ ਕਿ ਉਨ੍ਹਾਂ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਹੋ ਗਿਆ। ਇਕ ਪਾਸੇ ਗੁਰੂ ਅੰਗਦ ਦੇਵ ਜੀ ਸ਼ਬਦ ਦੀ ਦੌਲਤ ਖੁੱਲ੍ਹੇ ਹੱਥਾਂ ਨਾਲ ਵੰਡੀ ਜਾ ਰਹੇ ਸਨ ਤੇ ਦੂਜੇ ਪਾਸੇ ਉਨ੍ਹਾਂ ਦੀ ਸੁਪਤਨੀ ਮਾਤਾ ਖੀਵੀ ਜੀ ਸੇਵਾ ਸਦਕਾ ਲੰਗਰ 'ਚ ਸਭ ਨੂੰ ਖੀਰ ਵੰਡ ਰਹੇ ਸਨ, ਕੈਸੀ ਸਮਦ੍ਰਿਸ਼ਟੀ ਹੈ, ਕਿਤਨਾ ਉਦਾਰਚਿਤ ਹੈ ਉਨ੍ਹਾਂ ਦਾ ਸੁਭਾਅ। ਇਸ ਕਰੜੀ ਘਾਲਣਾ ਦੁਆਰਾ ਮਾਤਾ ਖੀਵੀ ਜੀ ਉਸ ਮਾਲਕ ਦੇ ਦਰ 'ਤੇ ਕਬੂਲ ਹੋ ਗਏ।

**ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥**
**ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥**

ਮਾਤਾ ਖੀਵੀ ਜੀ ਦਾ ਜਨਮ ਖਡੂਰ ਸਾਹਿਬ ਨੇੜਲੇ ਪਿੰਡ ਸੰਗਰ ਕੋਟ ਵਿਖੇ ਭਾਈ ਦੇਵੀ ਚੰਦ ਦੇ ਘਰ ਹੋਇਆ, ਜੋ ਵੱਡੇ ਸ਼ਾਹੂਕਾਰ ਸਨ। ਮਾਤਾ ਖੀਵੀ ਜੀ ਜਦੋਂ ਵਰ ਦੇ ਯੋਗ ਹੋਏ ਤਾਂ ਉਨ੍ਹਾਂ ਦਾ ਰਿਸ਼ਤਾ ਮੱਤੇ ਦੀ ਸਰਾਂ ਜ਼ਿਲ੍ਹਾ ਸ੍ਰੀ ਮੁਕਤਸਰ ਵਿਖੇ ਬਾਬਾ



ਫੇਰੂਮਲ ਜੀ ਦੇ ਸਪੁੱਤਰ ਭਾਈ ਲਹਿਣਾ ਜੀ ਨਾਲ ਪੱਕਾ ਕਰ ਦਿੱਤਾ ਗਿਆ। ਆਪ ਦਾ ਵਿਆਹ ਮਾਤਾ ਭਿਰਾਈ ਜੀ ਦੇ ਸਹਿਯੋਗ ਨਾਲ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਅਨੁਸਾਰ ਆਪ ਦਾ ਵਿਆਹ 1519 ਈਸਵੀ ਵਿਚ ਹੋਇਆ। ਮਾਤਾ ਖੀਵੀ ਜੀ ਦੀ ਪਵਿੱਤਰ ਕੁੱਖ ਤੋਂ ਦੋ ਸਪੁੱਤਰ ਬਾਬਾ ਦਾਸੂ ਜੀ ਤੇ ਬਾਬਾ ਦਾਤੂ ਜੀ ਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਪੈਦਾ ਹੋਈਆਂ।

ਮਾਤਾ ਖੀਵੀ ਜੀ ਦਾ ਲੋਕਾਂ ਵਿਚ ਚੰਗਾ ਮਾਣ-ਸਤਿਕਾਰ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਆਪ ਦੀ ਬਿਰਤੀ ਧਰਮ ਦੀ ਕਿਰਤ ਵੱਲ ਲੱਗੀ ਰਹਿੰਦੀ। ਭਾਈ ਬਲਵੰਡ ਜੀ ਆਪਣੇ ਸ਼ਬਦਾਂ 'ਚ ਬਿਆਨ ਕਰਦੇ ਹਨ ਕਿ ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਭਲੇ ਹਨ, ਮਾਤਾ ਖੀਵੀ ਜੀ ਦੀ ਛਾਂ ਸੰਘਣੀ ਹੈ, ਜਿਵੇਂ ਮਾਂ ਦੀ ਠੰਡੀ ਛਾਂ ਹੈ। ਇਸੇ ਤਰ੍ਹਾਂ ਉਨ੍ਹਾਂ ਪਾਸ ਬੈਠਿਆਂ ਹਿਰਦੇ ਵਿਚ ਸ਼ਾਂਤੀ ਤੇ ਠੰਢ ਪੈ ਜਾਂਦੀ ਹੈ, ਜਿਸ ਪ੍ਰਕਾਰ ਗੁਰੂ ਅੰਗਦ ਦੇਵ ਜੀ ਸਤਿਸੰਗ ਰੂਪੀ ਲੰਗਰ ਵਿਚ ਨਾਮ ਦੀ ਦੌਲਤ ਵੰਡੀ ਜਾ ਰਹੇ ਸਨ, ਆਤਮਿਕ ਜੀਵਨ ਦੀ ਖ਼ੁਰਾਕ ਪ੍ਰਦਾਨ ਕਰ ਰਹੇ ਸਨ, ਉਵੇਂ ਹੀ ਮਾਤਾ ਖੀਵੀ ਜੀ ਸੇਵਾ ਸਦਕਾ ਸਭ ਨੂੰ ਨਿਹਾਲ ਕਰ ਰਹੇ ਸਨ। ਜੋ ਪ੍ਰਾਣੀ ਮਾਤਾ ਜੀ ਦੇ ਨੇੜੇ ਆਉਂਦਾ ਉਹ ਅਗੰਮੀ ਉਤਸ਼ਾਹ ਤੇ ਖੇੜੇ ਵਿਚ ਆ ਜਾਂਦਾ।

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥**

ਸੇਵਾ ਤੇ ਵੰਡ ਛਕਣ ਦੇ ਸਿਧਾਂਤ ਦੀ ਵੱਡੀ ਉਦਾਹਰਣ ਹਨ ਮਾਤਾ ਖੀਵੀ ਜੀ। ਮਾਤਾ ਜੀ ਦੇ ਜੀਵਨ 'ਤੇ ਸਿੱਖ ਇਤਿਹਾਸ ਸਦਾ ਮਾਣ ਕਰੇਗਾ। ਜਿੰਨਾ ਅਦਬ-ਸਤਿਕਾਰ ਸਿੱਖ ਧਰਮ ਨੇ ਇਸਤਰੀ ਨੂੰ ਦਿੱਤਾ ਹੈ ਪਰ ਅੱਜ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਸੀਂ ਸਿੱਖ ਇਤਿਹਾਸ ਤੋਂ ਦੂਰ ਹੋ ਰਹੇ ਹਾਂ। ਸਤਿਗੁਰੂ ਜੀ ਨੇ ਬਰਾਬਰੀ ਦਾ ਹੱਕ ਦਿੰਦਿਆਂ ਕਹਿ ਦਿੱਤਾ ਸੀ ਕਿ ਪਤੀ-ਪਤਨੀ ਮੂਰਤਾਂ ਹੀ ਦੋ ਹਨ ਪਰ ਜੋਤ ਇਕ ਹੀ ਹੈ। ਗੁਰਮਤਿ ਅਨੁਸਾਰ ਹਰ ਇਸਤਰੀ ਨੂੰ ਧਾਰਮਿਕ ਆਜ਼ਾਦੀ ਹੈ। ਔਰਤ ਦੇ ਸੁਭਾਅ 'ਚ ਕੁਦਰਤੀ ਸਿਫ਼ਤ ਇਹ ਹੈ ਕਿ ਉਹ ਮੁਸ਼ਕਿਲ ਸਮੇਂ ਵਿਚ ਵੀ ਚੰਗੀ ਸੋਚ ਦੀ ਧਾਰਨੀ ਰਹਿ ਸਕਦੀ ਹੈ।

ਮਾਤਾ ਖੀਵੀ ਜੀ ਸ਼ਾਂਤ ਸੁਭਾਅ ਦੇ ਮਾਲਕ, ਸੇਵਾ ਦੇ ਮੁਜੱਸਮੇ, ਨੇਕਜਨ, ਧਰਮ ਦੀ ਮੂਰਤ, ਸਦਾ ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਤੇ ਖੇੜੇ 'ਚ ਰਹਿਣ ਵਾਲੇ ਸਨ ਜਿਨ੍ਹਾਂ ਦੀ ਸੰਘਣੀ ਛਾਂ ਸਦਾ ਤਪਦੇ ਹਿਰਦਿਆਂ ਨੂੰ ਠੰਢਕ ਪਹੁੰਚਾਉਂਦੀ ਰਹੇਗੀ। •

70872-59173

ਪ੍ਰਿੰ. ਗੁਰਚਰਨ ਸਿੰਘ ਤਲਵਾੜਾ

ਜ਼ਕਾਤ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਸਫ਼ਾਈ। ਜ਼ਕਾਤ ਦੇ ਕੇ ਮਨੁੱਖ ਆਪਣੀ ਦੌਲਤ ਨੂੰ ਅੱਲਾਹ ਦੀ ਨਿਗਾਹ 'ਚ ਸਾਫ਼ ਕਰਦਾ ਹੈ। ਜਦੋਂ ਕੋਈ ਆਪਣੇ ਧਨ-ਮਾਲ ਵਿੱਚੋਂ ਜ਼ਕਾਤ ਅਦਾ ਕਰਦਾ ਹੈ ਤਾਂ ਇਸ ਨਾਲ ਗ਼ਰੀਬਾਂ, ਮਸਕੀਨਾਂ ਤੇ ਲੋੜਵੰਦਾਂ ਦੀ ਮਦਦ ਹੁੰਦੀ ਹੈ। ਇਸਲਾਮ ਦੇ ਪੰਜ ਬੁਨਿਆਦੀ ਅਰਕਾਨ ਵਿੱਚੋਂ

# ਜ਼ਕਾਤ



ਜ਼ਕਾਤ ਅਹਿਮ ਰੁਕਨ ਹੈ। ਇਸ ਦਾ ਮਕਸਦ ਗ਼ਰੀਬ, ਮਸਕੀਨ, ਫ਼ਕੀਰ, ਲੋੜਵੰਦਾਂ, ਨਿਆਸਰਿਆਂ ਦੀਆਂ ਬੁਨਿਆਦੀ ਲੋੜਾਂ ਵਿੱਚੋਂ ਭੋਜਨ ਤੇ ਵਸਤਰ ਦੀ ਪੂਰਤੀ ਕਰਨਾ ਹੈ। ਜ਼ਕਾਤ ਭਾਵੇਂ ਫ਼ਰਜ਼ ਇਬਾਦਤ ਹੈ ਪਰ ਇਹ ਮਾਲਦਾਰ ਵਿਅਕਤੀ ਉੱਤੇ ਫ਼ਰਜ਼ ਹੈ, ਧਨਵਾਨ ਵਿਅਕਤੀ ਨੂੰ ਆਪਣੇ ਮਾਲ ਉੱਤੇ ਸ਼ਰੀਅਤ ਅਨੁਸਾਰ ਨਿਸ਼ਚਿਤ ਮਾਤਰਾ 'ਚ ਜ਼ਕਾਤ ਦੇਣੀ ਫ਼ਰਜ਼ ਹੈ। ਜ਼ਕਾਤ ਮਾਲ-ਓ-ਦੌਲਤ, ਜਾਨਵਰਾਂ, ਖੇਤੀ ਤੇ ਬਾਗ਼ਾਂ ਉੱਤੇ ਵੱਖ-ਵੱਖ ਮਾਤਰਾ 'ਚ ਨਿਸ਼ਚਿਤ ਹੈ। ਜ਼ਕਾਤ ਅਦਾ ਕਰਨ ਬਾਰੇ ਹਦਾਇਤ ਕੁਰਆਨ ਮਦੀਦ ਦੀ ਸੂਰਹਾ ਅਲ-ਬਕਰ, ਸੂਰਹਾ ਅਤ-ਤੌਬਾ, ਸੂਰਹਾ ਅਲ-ਮਾਇਦਾ, ਸੂਰਹਾ ਅਲ-ਹੱਜ ਵਗੈਰਾ ਵਿਚ ਆਈ ਹੈ। ਹਦੀਸ ਸ਼ਰੀਫ਼ 'ਚ ਜ਼ਿਕਰ ਹੈ ਕਿ ਅੱਲਾਹ ਨੇ ਧਨਵਾਨ ਮੁਸਲਮਾਨਾਂ ਉੱਤੇ ਜ਼ਕਾਤ ਫ਼ਰਜ਼ ਕੀਤੀ ਹੈ ਤਾਂ ਕਿ ਜ਼ਰੂਰਤਮੰਦਾਂ ਦੀ ਸਹਾਇਤਾ ਕੀਤੀ ਜਾ ਸਕੇ। ਜਿਸ ਮੁਸਲਮਾਨ ਉੱਤੇ ਜ਼ਕਾਤ ਫ਼ਰਜ਼ ਹੈ ਜੇ ਉਹ ਜ਼ਕਾਤ ਨਹੀਂ ਦਿੰਦਾ ਤਾਂ ਉਸ ਦੀਆਂ ਨਮਾਜ਼ਾਂ ਵੀ ਅੱਲਾਹ ਕਬੂਲ ਨਹੀਂ ਕਰਦਾ। ਜ਼ਕਾਤ ਦੇਣਾ ਅੱਲਾਹ ਦਾ ਹੱਕ ਅਦਾ ਕਰਨਾ ਹੈ, ਐਸਾ ਹਦੀਸ ਸ਼ਰੀਫ਼ 'ਚ ਵਰਣਨ ਮਿਲਦਾ ਹੈ। ਆਮ ਤੌਰ 'ਤੇ ਨਿਸ਼ਚਿਤ ਮਾਤਰਾ 'ਚ ਸੋਨਾ, ਚਾਂਦੀ ਇਕ ਸਾਲ ਰਹਿਣ ਉੱਤੇ 2.5 ਫ਼ੀਸਦੀ ਜ਼ਕਾਤ ਸ਼ਰੀਅਤ ਅਨੁਸਾਰ ਨਿਸ਼ਚਿਤ ਕੀਤੀ ਗਈ ਹੈ। ਇਹ ਵੀ ਨਿਸ਼ਚਿਤ ਹੈ ਕਿ ਜ਼ਕਾਤ ਕਿਨ੍ਹਾਂ ਲੋਕਾਂ ਉੱਤੇ ਖ਼ਰਚੀ ਜਾਣੀ ਹੈ ਤੇ ਕੌਣ ਇਸ ਦੇ ਹੱਕਦਾਰ ਹਨ। •

94634-63193

# ਜਾਤਿ ਕਾ ਗਰਬੁ ਨਾ ਕਰੀਅਹੁ ਕੋਈ

ਗੁਰਬਾਜ ਸਿੰਘ

ਗੁਰੂ ਅਮਰਦਾਸ ਜੀ ਰਾਗ ਭੈਰਵ ਵਿਚ ਗੁਰੂਅੰਗ 1127 'ਤੇ ਫ਼ੁਰਮਾਉਂਦੇ ਹਨ :

**ਜਾਤਿ ਕਾ ਗਰਬੁ ਨਾ ਕਰੀਅਹੁ ਕੋਈ॥**
**ਬ੍ਰਹਮੁ ਬਿੰਦੈ ਸੋ ਬ੍ਰਾਹਮਣੁ ਹੋਈ॥**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥**
**ਰਹਾਉ**
**ਚਾਰੇ ਵਰਨ ਆਖੈ ਸਭੁ ਕੋਈ॥**
**ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥**
**ਮਾਟੀ ਏਕ ਸਗਲ ਸੰਸਾਰਾ॥**
**ਬਹੁ ਬਿਧਿ ਭਾਂਡੇ ਘੜੈ ਕੁਮਾਰਾਰਾ॥**
**ਪੰਚ ਤਤੁ ਮਿਲਿ ਦੇਹੀ ਕਾ ਆਕਾਰਾ।**
**ਤਟਿ ਵਧਿ ਕੋ ਕਰੈ ਬਿਚਾਰਾ॥**
**ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ।**
**ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥**

ਗੁਰੂ ਸਾਹਿਬ ਦਰਸਾਉਂਦੇ ਹਨ ਕਿ ਹੇ ਮਨੁੱਖ, ਤੈਨੂੰ ਆਪਣੀ ਜਾਤ 4ਤੇ ਸਮਾਜਿਕ ਰੁਤਬੇ ਦਾ ਹੰਕਾਰ ਜਾਂ ਘੁਮੰਡ ਨਹੀਂ ਕਰਨਾ ਚਾਹੀਦਾ। ਉਸ ਪਰਮਾਤਮਾ ਦੀ ਨਜ਼ਰ 'ਚ ਸਭ ਇਕ ਸਮਾਨ ਹਨ। ਜੋ ਇਨਸਾਨ ਉਸ ਨਿਰੰਕਾਰ ਦੀ ਸੋਝੀ ਤੇ ਭਾਣੇ ਵਿਚ ਜੀਵਨ ਬਤੀਤ ਕਰਦਾ ਹੈ, ਨਿਰਮਾਣਤਾ ਦਾ ਪੱਲਾ ਫੜ ਕੇ ਜੀਵਨ ਬਤੀਤ ਕਰਦਾ ਹੈ ਪਰਮਾਤਮਾ ਦੇ ਸ਼ਬਦ ਸੋਝ ਮੁਤਾਬਕ ਚੱਲ ਕੇ ਉਸ ਨੂੰ ਜਾਣ ਲੈਂਦਾ ਹੈ, ਉਹੀ ਪਰਮਾਤਮਾ ਦੀ ਨੇੜਤਾ ਅਤੇ ਉਸ ਦੀ ਮਿਹਰ -ਨਦਰਿ ਪ੍ਰਾਪਤ ਕਰਦਾ ਹੈ।

ਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਹੇ ਮੂਰਖ ਇਨਸਾਨ ਤੂੰ ਆਪਣੀ ਉੱਚੀ ਜਾਤੀ, ਪੈਸੇ, ਰੁਤਬੇ, ਜਾਂ ਸਮਾਜੀ ਉੱਚ ਆਚਾਰ-ਵਿਹਾਰ ਦਾ ਵਿਅਰਥ ਹੀ ਹੰਕਾਰ ਕਰ ਰਿਹਾ ਹੈਂ। ਪਰਮਾਤਮਾ ਦੇ ਘਰ ਤੇਰੇ ਵਰਗੇ ਘੁਮੰਡੀ ਤੇ ਜਾਤ-ਪਾਤ 'ਚ ਵਿਸ਼ਵਾਸ ਰੱਖਣ ਵਾਲੇ ਲਈ ਕੋਈ ਜਗ੍ਹਾ ਨਹੀਂ ਹੈ। ਹੰਕਾਰ ਤੇ ਜਾਤ-ਪਾਤ ਦੀ ਊਚ-ਨੀਚ ਨੂੰ ਮੰਨਣ ਵਾਲੇ ਦੀ ਜ਼ਿੰਦਗੀ 'ਚ ਅਨੇਕਾਂ ਵਿਕਾਰ, ਪਾਪ, ਦੁੱਖ ਤੇ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ। ਉਹ ਕਈ ਤਰ੍ਹਾਂ ਦੇ ਭੈੜੇ ਕਰਮਾਂ ਦਾ ਮਾਲਕ ਬਣ ਜਾਂਦਾ ਹੈ। ਸਮਾਜ 'ਚ ਚਾਰਾਂ ਵਰਨਾਂ ਦੇ ਲੋਕ ਪਰਮਾਤਮਾ ਦੀ ਮਿਹਰ ਨਾਲ ਇਕ ਜੋਤਿ ਤੋਂ ਉਪਜੇ ਨੇ ਪਰ ਆਪਣੀ ਮੂਰਖਤਾ ਨਾਲ ਮਨਮੁੱਖਾਂ ਨੇ ਜਾਤ-ਪਾਤ



ਦਾ ਪਸਾਰਾ ਕੀਤਾ ਹੋਇਆ ਹੈ। ਸਭ ਇਕ ਹੀ ਜੋਤ ਸਰੂਪ ਪਰਮਾਤਮਾ ਤੋਂ ਉਤਪਨ ਹੋਏ ਹਨ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਿਵੇਂ ਠਠਿਆਰ ਬਰਤਨ ਬਣਾਉਂਦੇ ਸਮੇਂ ਅਨੇਕ ਪ੍ਰਕਾਰ ਦੇ ਰੰਗਾਂ ਤੇ ਅਕਾਰਾਂ ਦੇ ਬਰਤਨ ਬਣਾਉਂਦਾ ਹੈ, ਜਿਨ੍ਹਾਂ ਵਿੱਚੋਂ ਕੋਈ ਵੱਡ-ਅਕਾਰੀ ਤੇ ਕੋਈ ਛੋਟਾ ਹੈ। ਤਿਵੇਂ ਹੀ ਪਰਮਾਤਮਾ ਨੇ ਸਭ ਨੂੰ ਪੈਦਾ ਕੀਤਾ ਹੈ। ਆਪਣੇ ਕਰਮਾਂ ਅਨੁਸਾਰ ਹਰ ਕੋਈ ਵੱਖੋ ਵੱਖਰੇ ਰੰਗਾਂ-ਰੂਪਾਂ ਤੇ ਸੋਝੀ ਦਾ ਮਾਲਕ ਹੈ। ਇਸ ਵਿਚ ਕੋਈ ਪ੍ਰਸ਼ਨ ਨਹੀ ਕਰ ਸਕਦਾ ਕਿ ਕੌਣ ਵੱਡਾ ਹੈ ਤੇ ਕੌਣ ਛੋਟਾ? ਪੰਜ ਤੱਤਾਂ ਦਾ ਇਹ ਸਰੀਰ ਬਣਿਆ ਹੈ ਤੇ ਸਭ ਇਕ ਹੀ ਪਰਮਾਤਮਾ ਦੀ ਜੋਤ ਦਾ ਛੋਟਾ ਰੂਪ ਨੇ। ਨਾਮ ਸਿਮਰਨ ਤੇ ਸ਼ਬਦ ਗੁਰੂ ਦੀ ਮਿਹਰ ਨਾਲ ਹੀ ਕੋਈ ਪਰਮਾਤਮਾ ਦੇ ਕਰੀਬ ਹੋ ਸਕਦਾ ਹੈ ਤੇ ਭੁੱਲੇ-ਭਟਕੇ ਦੂਰ ਭਟਕਦੇ ਰਹਿੰਦੇ ਨੇ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਮਨੁੱਖੀ ਆਤਮਾ ਤਾਂ ਕਰਮਾਂ ਦੀ ਬੱਧੀ ਹੋਈ ਹੈ ਤੇ ਸੱਚੇ ਸਤਗੁਰਿ ਦੀ ਮਿਹਰ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ।

ਉਕਤ ਸ਼ਬਦ ਦੇ ਚਾਨਣ ਵਿਚ ਪਵਿੱਤਰ ਗੁਰਬਾਣੀ ਵੱਲੋਂ ਇਹੀ ਸੰਦੇਸ਼ ਦਿੱਤਾ ਗਿਆ ਹੈ। ਮਨੁੱਖ ਨੂੰ ਕਦੇ ਵੀ ਆਪਣੀ ਜਾਤ, ਸਮਾਜੀ ਰੁਤਬੇ, ਪੈਸੇ ਦਾ ਹੰਕਾਰ ਨਹੀ ਕਰਨਾ ਚਾਹੀਦਾ। ਇਹ ਜੀਵਨ ਪਾਣੀ ਦਾ ਬੁਲਬਲਾ ਹੈ ਫਿਰ ਵੀ ਮਨੁੱਖ ਧੀਆਂ-ਪੁੱਤਰਾਂ ਲਈ ਮਹਿਲ-ਮਾੜੀਆਂ ਤੇ ਧੰਨ ਦੌਲਤਾਂ ਇਕੱਠੀਆਂ ਕਰਦਾ ਫਿਰਦਾ ਹੈ। ਪਰ ਉਸ ਨੂੰ ਸਮਝ ਨਹੀ ਪੈਂਦੀ ਕਿ ਇਨ੍ਹਾਂ ਚੀਜ਼ਾਂ ਨਾਲ ਜੀਵਨ ਤਾਂ ਜੀਵਿਆ ਜਾ ਸਕਦਾ ਹੈ ਪਰ ਪਰਮਾਤਮਾ ਦੀ ਅਸਲ ਨਦਰਿ ਕ੍ਰਿਪਾ ਤੇ ਅੱਗਾ ਨਹੀ ਸੰਵਾਰਿਆ ਜਾ ਸਕਦਾ। ਪਰਮਾਤਮਾ ਦੇ ਦਰਸਾਏ ਮਾਰਗ 'ਤੇ ਨਿਮਰਤਾ ਨਾਲ ਬਤੀਤ ਕੀਤਾ ਜੀਵਨ ਤੇ ਸ਼ੁੱਭ ਕਰਮ ਹੀ ਪਰਮਾਤਮਾ ਦੇ ਘਰ ਢੋਈ ਦੁਆਉਂਦੇ ਹਨ ਨਾ ਕਿ ਜਾਤ ਜਾਂ ਪੈਸੇ ਦਾ ਹੰਕਾਰ।

ਆਦਮੀ ਪੈਸੇ ਤੇ ਜਾਤ ਨੂੰ ਬਹੁਤ ਵਡਿਆਉਂਦਾ ਹੈ। ਕੀ ਉਸ ਨੇ ਕਦੇ ਸੋਚਿਆ ਹੈ ਕਿ ਉਸ ਨੇ ਅੱਜ ਦੇ ਦਿਨ ਕਿਸੇ ਨੂੰ ਖ਼ੁਸ਼ ਕੀਤਾ ਹੈ? ਕਿਸੇ ਦੀ ਮਦਦ ਕੀਤੀ ਹੈ? ਆਪਣੇ ਧੀਆਂ-ਪੁੱਤਰਾਂ ਜਾਂ ਪਤਨੀ ਦੀ ਅਸਲੀ ਖ਼ੁਸ਼ੀ ਜਾਣੀ ਹੈ? ਅਜਿਹੀ ਦੋਹਰੀ



**ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਕਰ ਕੇ ਸਿੱਖ ਧਰਮ ਨੂੰ ਦ੍ਰਿੜ ਕੀਤਾ ਤੇ ਸਿੱਖ ਪੰਥ ਨੂੰ ਨਵਾਂ ਸਰੂਪ ਬਖ਼ਸ਼ਿਆ। ਗੁਰੂ ਜੀ ਨੇ 'ਸਿੰਘ' ਤੇ 'ਕੌਰ' ਦੇ ਸਤਿਕਾਰਤ ਰੁਤਬੇ ਦਿੱਤੇ। ਜਾਤ-ਪਾਤ ਦੇ ਭੇਦ ਖ਼ਤਮ ਕੀਤਾ ਪਰ ਅੱਜ ਵੀ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਗੁਰੂ ਸਾਹਿਬਾਨ ਦੀ ਸਿੱਖਿਆ ਤੋਂ ਦੂਰ ਹਨ। ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਹੈ ਕਿ ਨਾ ਕੋਈ ਹਿੰਦੂ ਹੈ, ਨਾ ਮੁਸਲਮਾਨ, ਸਭ ਮਨੁੱਖ ਦੀ ਜਾਤ ਹਨ ਅਤੇ ਸਾਰੇ ਇਕ ਬਰਾਬਰ ਹਨ...**

ਜ਼ਿੰਦਗੀ ਦਾ ਕੋਈ ਫ਼ਾਇਦਾ ਨਹੀ ਜੋ ਬਾਹਰੋ ਤਾਂ ਧਾਰਮਿਕ ਬਣਦੇ ਨੇ, ਨਾਮ ਵੀ ਸਿਮਰਦੇ ਨੇ ਪਰ ਅੰਦਰੋਂ ਕੋਝ, ਜਾਤ ਤੇ ਪੈਸੇ ਦੇ ਹੰਕਾਰ ਨੂੰ ਨਹੀ ਛੱਡਦੇ? ਬੰਦਾ ਸ਼ਰਾਬ ਪੀਂਦਾ ਹੈ, ਧੋਖਾ ਕਰਦਾ ਹੈ, ਘਰਦਿਆਂ ਨਾਲ ਲੜਦਾ ਹੈ ਪਰ ਸਵੇਰੇ ਫਿਰ ਗੁਰਦੁਆਰੇ ਜਾਂਦਾ ਹੈ ਤੇ ਸੋਚਦਾ ਹੈ ਕਿ ਉਸ ਨੂੰ ਕੋਈ ਨਹੀਂ ਦੇਖਦਾ। ਉਹ ਆਪਣੇ ਆਪ ਨਾਲ ਧੋਖਾ ਕਰਦਾ ਹੈ। ਪਰਮਾਤਮਾ ਤਾਂ ਸਭ ਦੇਖਦਾ ਹੈ।

ਪਰਮਾਤਮਾ ਨੇ ਆਪਣੇ ਕਈ ਰੂਪਾਂ, ਉਦਾਹਰਨਾਂ ਤੇ ਅਵਤਾਰਾਂ ਰਾਹੀਂ ਸਾਨੂੰ ਅਨੇਕਾਂ ਸੰਦੇਸ਼ ਤੇ ਸਿੱਖਿਆਵਾਂ ਦਿੱਤੀਆਂ ਹਨ ਤਾਂ ਕਿ ਜੀਵਨ ਨੂੰ ਸੰਵਾਰਿਆ ਜਾ ਸਕੇ। ਦੁਨੀਆ ਦਾ ਹਰ ਗ੍ਰੰਥ, ਹਰ ਧਰਮ ਬੰਦਿਸ਼ਾਂ, ਜਾਤ-ਪਾਤ ਦੇ ਘੁਮੰਡ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦਾ ਹੈ।

ਬਾਈਬਲ ਦੀ ਕਥਾ ਮੁਤਾਬਕ ਇਕ ਬਾਦਸ਼ਾਹ ਸੀ, ਜੋ ਆਪਣੇ ਮਹਿਲ ਵਿਚ ਅਨੇਕ ਰਾਣੀਆਂ ਨਾਲ ਰਹਿੰਦਾ ਸੀ ਤੇ ਅਨੇਕਾਂ ਪ੍ਰਕਾਰ ਦੇ ਖਾਣਿਆਂ ਦਾ ਸੇਵਨ ਕਰਦਾ ਸੀ ਪਰ ਰੱਬ ਨੂੰ ਭੁੱਲਿਆ ਸੀ। ਉਸ ਦੇ ਮਹਿਲ ਸਾਹਮਣੇ ਇਕ ਗ਼ਰੀਬ ਲਾਜਰ ਨਾਂ ਦਾ ਪਿੰਗਲਾ ਰਹਿੰਦਾ ਸੀ, ਜਿਸ 'ਤੇ ਕਦੇ ਉਸ ਬਾਦਸ਼ਾਹ ਦੀ ਕ੍ਰਿਪਾ-ਦ੍ਰਿਸ਼ਟੀ ਨਹੀਂ ਸੀ ਪਈ। ਜਦੋ ਉਸ ਬਾਦਸ਼ਾਹ ਦੇ ਨੌਕਰ ਬਚਿਆ-ਖੁਚਿਆ ਖਾਣਾ ਕੂੜੇ ਦੇ ਢੇਰ 'ਤੇ ਸੁੱਟਦੇ ਤਾਂ ਉਹ ਪਿੰਗਲਾ ਕੂੜੇ ਤੋਂ ਚੁੱਕ ਕੇ ਖਾਣਾ ਖਾ ਲੈਂਦਾ ਤੇ ਰੱਬ ਦਾ ਸ਼ੁਕਰਗੁਜ਼ਾਰ ਹੁੰਦਾ। ਇਕ ਦਿਨ ਲਾਜਰ ਮਰ ਗਿਆ ਤੇ ਬਾਦਸ਼ਾਹ ਵੀ ਮਰ ਗਿਆ। ਪਰਮਾਤਮਾ ਦੇ ਘਰ ਬਾਦਸ਼ਾਹ ਨੂੰ ਨਰਕ ਦੀ ਅੱਗ 'ਚ ਸੁੱਟਿਆ ਗਿਆ ਤੇ ਲਾਜਰ ਨੂੰ ਪਰਮਾਤਮਾ ਨੇ ਆਪਣੇ ਨਾਲ ਤਖ਼ਤ 'ਤੇ ਬਿਠਾਇਆ। ਸੋ ਜਾਤ ਨੂੰ ਨਹੀਂ ਪਰਮਾਤਮਾ ਨੂੰ ਯਾਦ ਕਰਨਾ ਚਾਹੀਦਾ ਹੈ। ਭਗਵਾਨ ਕ੍ਰਿਸ਼ਨ ਤੇ ਸੁਦਾਮੇ ਦੀ ਦੋਸਤੀ ਨੂੰ ਕੌਣ ਨਹੀਂ ਜਾਣਦਾ? ਕ੍ਰਿਸ਼ਨ ਭਗਵਾਨ ਰੂਪ ਸੀ ਤੇ ਸੁਦਾਮਾ ਬਹੁਤ ਗ਼ਰੀਬ ਸੀ ਪਰ ਕ੍ਰਿਸ਼ਨ ਜੀ ਨੇ ਬਚਪਨ ਦੀ ਦੋਸਤੀ ਨੂੰ ਮਹਾਨਤਾ ਦਿੰਦੇ ਹੋਏ ਉਸ ਨੂੰ ਆਪਣੇ ਬਰਾਬਰ ਤਖ਼ਤ 'ਤੇ ਬਿਠਾਉਂਦੇ ਸਨ ਤੇ ਉਸ ਦੇ ਸਵਾਗਤ ਲਈ ਨੰਗੇ ਪੈਰੀਂ ਹੀ ਦੌੜ ਪਏ ਸਨ।

ਗੁਰੂ ਨਾਨਕ ਦੇਵ ਜੀ ਨੇ ਵੀ ਭਾਈ ਮਰਦਾਨਾ ਜੀ ਤੇ ਭਾਈ ਬਾਲਾ ਜੀ ਨੂੰ ਆਪਣੇ ਸਫ਼ਰ ਦਾ ਸਾਥੀ ਚੁਣਿਆ। ਗੁਰੂ ਜੀ ਨੇ ਮਨੁੱਖਤਾ, ਸ਼ੁੱਭ ਸ਼ਖ਼ਸੀਅਤ ਤੇ ਕਰਮਾਂ ਨੂੰ ਪਹਿਲ ਦਿੱਤੀ।

ਕਹਿੰਦੇ ਨੇ ਇਕ ਵਾਰ ਮਰਦਾਨਾ ਉਦਾਸ ਹੋਇਆ। ਉਹ ਗੁਰੂ ਨਾਨਕ ਦੇਵ ਜੀ ਨੂੰ ਕਹਿਣ ਲੱਗੇ ਕਿ 'ਗੁਰੂ ਜੀ, ਲੋਕ ਤੁਹਾਨੂੰ ਕੁਰਾਹੀਆ ਤੇ ਮੈਨੂੰ ਕੁਰਾਹੀਏ ਦਾ ਡੂੰਮ ਕਹਿੰਦੇ ਨੇ।' ਗੁਰੂ ਜੀ ਨੇ ਉੱਤਰ ਦਿੱਤਾ ਕਿ ਤੂੰ ਉਦਾਸ ਕਿਉਂ ਹੁੰਦਾ ਹੈਂ? ਅਸੀਂ ਤਾਂ ਦੋਵੇਂ ਡੂੰਮ ਹਾਂ, ਤੂੰ ਸਾਡਾ ਡੂੰਮ ਹੈਂ ਤੇ ਅਸੀਂ ਉਸ ਪਰਮਾਤਮਾ ਦੇ ਡੂੰਮ ਹਾਂ।' ਗੁਰੂ ਜੀ ਨੇ ਅਮੀਰ ਮਲਕ ਭਾਗੋ ਦਾ ਸ਼ਾਹੀ ਭੋਜ ਠੁਕਰਾ ਕੇ ਇਕ ਕਿਰਤੀ ਭਾਈ ਲਾਲੋ ਦਾ ਪ੍ਰਸ਼ਾਦਾ ਛਕਿਆ ਸੀ। ਅਜਿਹੀਆਂ ਅਣਗਿਣਤ ਉਦਾਹਰਨਾਂ ਹਨ, ਜਿਨ੍ਹਾਂ ਰਾਹੀਂ ਪਵਿੱਤਰ ਗੁਰਬਾਣੀ ਤੇ ਗੁਰੂ ਸਾਹਿਬਾਨ ਨੇ ਜਾਤ-ਪਾਤ ਵਿਸਾਰ ਕੇ ਸਭ ਨੂੰ ਇਕ ਸਮਾਨ ਪਿਆਰ ਦਿੱਤਾ ਪਰ ਅਜੋਕਾ ਮਨੁੱਖ ਦੰਭੀ ਅਤੇ ਦੋਗਲੀ ਸ਼ਖ਼ਸੀਅਤ ਦਾ ਮਾਲਕ ਬਣ ਚੁੱਕਾ ਹੈ। ਉਹ ਇੱਕੋ ਵੇਲੇ ਕਈ ਪ੍ਰਕਾਰ ਦੇ ਰੋਲ ਨਿਭਾਉਂਦਾ ਹੈ ਚੰਗੇ ਵੀ ਤੇ ਮਾੜੇ ਵੀ ਪਰ ਪਰਮਾਤਮਾ ਦੀ ਨਜ਼ਰ ਤੋਂ ਇਹ ਨਾ ਤਾਂ ਬਚ ਸਕਿਆ ਹੈ ਤੇ ਨਾ ਹੀ ਬਚ ਸਕੇਗਾ। ਗੁਰਬਾਣੀ ਥਾਂ-ਥਾਂ ਹਵਾਲੇ ਦਿੰਦੀ ਹੈ ਪਰ ਇਹ ਕਦੇ ਨਹੀ ਸਮਝਦਾ। ਨੀਵੀਂ ਜਾਤ ਜਾਂ ਉੱਚੀ ਜਾਤ ਦਾ ਹੰਕਾਰ ਵਿਅਰਥ ਹੈ। ਹਰ ਇਨਸਾਨ ਅੰਦਰ ਉਸ ਇਕ ਪਰਮਾਤਮਾ ਦਾ ਬਸੇਰਾ ਹੈ। ਸਾਰਿਆਂ ਦੇ ਖ਼ੂਨ ਦਾ ਰੰਗ ਵੀ ਇਕ ਹੈ। ਇਹ ਸਭ ਸਾਡੀ ਘਟੀਆ ਸੋਚ ਹੈ, ਜਿਸ ਨੇ ਦੂਜ ਪੈਦਾ ਕੀਤੀ ਹੈ। ਬਹੁਤ ਸ਼ਰਮਨਾਕ ਗੱਲ ਹੈ ਕਿ ਸਾਡਾ ਸਮਾਜ ਅਜੇ ਵੀ ਰੰਗ, ਰੂਪਾਂ ਤੇ ਜਾਤਾਂ-ਪਾਤਾਂ ਵਿਚ ਫਸਿਆ ਹੋਇਆ ਹੈ। ਸਾਡੇ ਸਮਾਜ ਦੀ ਤ੍ਰਾਸਦੀ ਹੈ ਅਸੀਂ ਕਿਸੇ ਵੀ ਖੇਤਰ 'ਚ ਮਹਾਨਤਾ ਖੱਟਣ ਵਾਲੇ ਇਨਸਾਨ ਨੂੰ ਪਛਾਨਣ ਤੇ ਜਾਨਣ ਤੋਂ ਪਹਿਲਾਂ ਜਾਤ ਦਾ ਪੈਮਾਨਾ ਅੱਗੇ ਰੱਖਦੇ ਹਾਂ। ਉਸ ਨੂੰ ਪਰਮਾਤਮਾ ਦਾ ਜੀਵ ਮੰਨਣ ਦੀ ਥਾਂ ਜਾਤ ਦੀ ਪੈਦਾਇਸ਼ ਮੰਨਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਕਰ ਕੇ ਇਕ ਸਿੱਖੀ ਧਰਮ ਨੂੰ ਦ੍ਰਿੜ ਕੀਤਾ ਤੇ ਸਿੱਖ ਪੰਥ ਨੂੰ ਨਵਾਂ ਸਰੂਪ ਬਖ਼ਸ਼ਿਆ। ਗੁਰੂ ਜੀ ਨੇ 'ਸਿੰਘ' ਤੇ 'ਕੌਰ' ਦੇ ਸਤਿਕਾਰਤ ਰੁਤਬੇ ਦਿੱਤੇ। ਜਾਤ-ਪਾਤ ਦੇ ਭੇਦ ਨੂੰ ਖ਼ਤਮ ਕਰਨ ਲਈ ਬਾਬਾ ਜੀਵਨ ਸਿੰਘ ਜੀ ਨੂੰ 'ਰੰਗਰੇਟਾ ਗੁਰੂ ਕਾ ਬੇਟਾ' ਕਿਹਾ ਪਰ ਅੱਜ ਵੀ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਗੁਰੂ ਸਾਹਿਬਾਨ ਦੀ ਸਿੱਖਿਆ ਤੋਂ ਦੂਰ ਹਨ। ਅਸੀਂ ਵੀ ਅਸੀਂ ਆਪਣੇ ਆਪ ਨੂੰ ਵੱਖ-ਵੱਖ ਗੋਤਾਂ-ਜਾਤਾਂ ਨਾਲ ਜੋੜ ਕੇ ਵਡਿਆਉਂਦੇ ਹਾਂ। ਹੋਰ ਤਾਂ ਹੋਰ ਅਸੀਂ ਤਾਂ ਜਾਤਾਂ ਦੇ ਆਧਾਰ 'ਤੇ ਧਾਰਮਿਕ ਅਸਥਾਨ ਵੀ ਕਾਇਮ ਕਰ ਦਿੱਤੇ ਹਨ। ਇਥੋਂ ਤਕ ਕਿ ਸਿਵਿਆਂ ਤੇ ਸ਼ਮਸ਼ਾਨਾਂ ਨੂੰ ਵੀ ਜਾਤਾਂ ਦੇ ਆਧਾਰ 'ਤੇ ਵੰਡ ਲਿਆ। ਅਜਿਹੇ ਲੋਕਾਂ ਨੂੰ ਕੌਣ ਸਮਝਾਵੇ ਕਿ ਮਰਨ ਤੋਂ ਬਾਅਦ ਤਾਂ ਸਭ ਦੀ ਇੱਕੋ ਹੀ ਜਾਤ ਹੁੰਦੀ ਹੈ-ਮਿੱਟੀ। ਅਜਿਹੇ ਵਰਤਾਰੇ ਮਹਾਨ ਗੁਰੂ ਸਾਹਿਬਾਨ ਤੇ ਸਿੱਖ ਧਰਮ ਦੇ ਬਿਲਕੁਲ ਉਲਟ ਹਨ। ਸਾਨੂੰ ਸਮਝਣਾ ਪਵੇਗਾ ਕਿ ਗੁਰੂ ਸਾਹਿਬ ਤੇ ਗੁਰਬਾਣੀ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦ੍ਰਿੜਾਉਂਦੇ ਹਨ। ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਹੈ ਕਿ ਨਾ ਕੋਈ ਹਿੰਦੂ ਹੈ, ਨਾ ਮੁਸਲਮਾਨ, ਸਭ ਮਨੁੱਖ ਦੀ ਜਾਤ ਹਨ ਅਤੇ ਸਾਰੇ ਇਕ ਬਰਾਬਰ ਹਨ। •

98723-34944

# ਮੁੱਖ ਮੰਤਰੀ ਵੱਲੋਂ ਸੂਬੇ ਵਿੱਚ 200 ਨਵੇਂ ਆਮ ਆਦਮੀ ਕਲੀਨਿਕ ਖੋਲ੍ਹਣ ਦਾ ਐਲਾਨ

## ਡਾਕਟਰ ਦੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਨੂੰ ਮਿਲਣ ਦੀ ਤਰੀਕ ਅਤੇ ਸਿਹਤ ਸੰਭਾਲ ਬਾਰੇ ਸਾਰੀ ਜਾਣਕਾਰੀ ਹੁਣ ਵਟਸਐਪ ਰਾਹੀਂ ਮਿਲੇਗੀ

**ਚੰਡੀਗੜ੍ਹ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਇਕ ਹੋਰ ਇਤਿਹਾਸਕ ਪਹਿਲਕਦਮੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਸੂਬੇ ਵਿੱਚ 200 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ ਤਾਂ ਕਿ ਲੋਕਾਂ ਨੂੰ ਇਲਾਜ ਲਈ ਦੂਰ-ਦੁਰਾਡੇ ਨਾ ਜਾਣਾ ਪਵੇ।

ਇੱਥੇ ਟੈਗੋਰ ਥੀਏਟਰ ਵਿਖੇ 881 ਆਮ ਆਦਮੀ ਕਲੀਨਿਕਾਂ ਨੂੰ 'ਵਟਸਐਪ ਚੈਟਬੋਟ' ਨਾਲ ਜੋੜਨ ਦੀ ਸ਼ੁਰੂਆਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਦੇਸ਼ ਦਾ ਸਭ ਤੋਂ ਸਫਲ ਸਿਹਤ ਮਾਡਲ ਸਾਬਤ ਹੋ ਰਿਹਾ ਹੈ ਜਿੱਥੇ ਮਰੀਜ਼ਾਂ ਦਾ ਸਾਰਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਛੇਤੀ ਹੀ 200 ਆਮ ਆਦਮੀ ਕਲੀਨਿਕ ਕਾਰਜਸ਼ੀਲ ਕਰੇਗੀ ਜਿਸ ਨਾਲ ਸੂਬੇ ਵਿੱਚ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਵਧ ਕੇ 1081 ਹੋ ਜਾਵੇਗੀ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਵੇਲੇ 565 ਆਮ ਆਦਮੀ ਕਲੀਨਿਕਾਂ ਪੇਂਡੂ ਇਲਾਕਿਆਂ ਵਿੱਚ ਜਦਕਿ 316 ਕਲੀਨਿਕ ਸ਼ਹਿਰੀ ਇਲਾਕਿਆਂ ਵਿੱਚ ਹਨ ਜਿੱਥੇ ਹੋਰ ਰੋਜ਼ ਲਗਪਗ 70,000 ਮਰੀਜ਼ ਆਉਂਦੇ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਰਕਾਰੀ ਸਿਹਤ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਵਧ ਰਿਹਾ ਹੈ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਆਉਣ ਵਾਲੇ ਮਰੀਜ਼ਾਂ ਵਿੱਚੋਂ ਸਭ ਤੋਂ ਵੱਧ ਮਹਿਲਾਵਾਂ ਅਤੇ ਉਸ ਤੋਂ ਬਾਅਦ ਬਜ਼ੁਰਗਾਂ ਦੀ ਗਿਣਤੀ ਵੱਧ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਘਰ ਦੇ ਨੇੜੇ ਹੀ ਬਿਹਤਰ ਇਲਾਜ ਮੁਫ਼ਤ ਮਿਲ ਜਾਂਦਾ ਹੈ।



ਆਮ ਆਦਮੀ ਕਲੀਨਿਕਾਂ ਨੂੰ ਵਟਸਐਪ ਚੈਟਬੋਟ ਨਾਲ ਜੋੜਨ ਦੇ ਉਪਰਾਲੇ ਨੂੰ ਸਿਹਤ ਖੇਤਰ ਵਿੱਚ ਇਕ ਹੋਰ ਵੱਡੀ ਪ੍ਰਾਪਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਮਰੀਜ਼ ਜਦੋਂ ਚਾਹੁਣ, ਆਪਣੀਆਂ ਦਵਾਈਆਂ ਜਾਂ ਜਾਂਚ ਰਿਪੋਰਟਾਂ ਮੋਬਾਈਲ ਉਤੇ ਦੇਖ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਸਿਹਤ ਸਹੂਲਤਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਆਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਤਕਰੀਬਨ 90 ਫੀਸਦੀ ਪੰਜਾਬੀਆਂ ਕੋਲ ਸਮਾਰਟਫੋਨ ਹਨ ਜਿਸ ਕਰਕੇ ਵਟਸਐਪ ਰਾਹੀਂ ਉਨ੍ਹਾਂ ਕੋਲ ਸਿੱਧੀ ਪਹੁੰਚ ਕੀਤੀ ਜਾ ਸਕਦੀ ਹੈ।

ਆਮ ਲੋਕਾਂ ਲਈ ਵਟਸਐਪ ਚੈਟਬੋਟ ਦੇ ਲਾਭ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਡਾਕਟਰ ਦੀ ਦਵਾਈ ਵਾਲੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਵੱਲੋਂ ਦਿੱਤੀ ਅਗਲੀ ਤਰੀਕ ਬਾਰੇ ਸਮੇਂ-ਸਮੇਂ ਯਾਦ ਕਰਵਾਉਂਦੇ ਰਹਿਣਾ ਤੋਂ ਇਲਾਵਾ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਤੋਂ ਪੀੜਤ ਬਜ਼ੁਰਗਾਂ, ਗਰਭਵਤੀ ਮਹਿਲਾਵਾਂ, ਨਵ-ਜੰਮੇ ਬੱਚਿਆਂ ਦੀ ਸੰਭਾਲ ਬਾਰੇ ਵਟਸਐਪ ਰਾਹੀਂ ਜਾਣਕਾਰੀ ਮਿਲਦੀ ਰਹੇਗੀ। ਉਨ੍ਹਾਂ ਦੱਸਿਆ ਕਿ ਇਸ ਨਾਲ ਮਰੀਜ਼ ਨੂੰ ਪਰਚੀਆਂ ਸਾਂਭਣ ਦੀ ਲੋੜ ਨਹੀਂ ਰਹੇਗੀ, ਸਗੋਂ ਉਹ ਜਦੋਂ ਚਾਹੁਣ ਵਟਸਐਪ ਤੋਂ ਜਾਣਕਾਰੀ ਲੈ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਕਦਮ ਨਾਲ ਸਿਹਤ ਵਿਭਾਗ ਕੋਲ ਵੀ ਬਿਮਾਰੀਆਂ ਅਤੇ ਇਲਾਜ ਬਾਰੇ ਸਾਰੇ ਮਰੀਜ਼ਾਂ ਦਾ ਡਾਟਾ ਤਿਆਰ ਹੋ ਜਾਵੇਗਾ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਕੁੱਤੇ ਦੇ ਵੱਢਣ ਨਾਲ ਪੀੜਤ ਲੋਕਾਂ ਨੂੰ ਫੌਰੀ ਇਲਾਜ ਦੇਣ ਲਈ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਇਹ ਇਲਾਜ ਮੁਫ਼ਤ ਮਿਲੇਗਾ। ਉਨ੍ਹਾਂ ਕਿਹਾ ਕਿ ਐਂਟੀ-ਰੈਬੀਜ਼ ਟੀਕੇ ਇਨ੍ਹਾਂ ਕਲੀਨਿਕਾਂ ਵਿੱਚ ਹੀ ਉਪਲਬਧ ਹੋਣਗੇ। ਉਨ੍ਹਾਂ ਦੱਸਿਆ ਕਿ ਇਹ ਇਲਾਜ ਪਹਿਲਾਂ ਕਾਫੀ ਮਹਿੰਗਾ ਸੀ ਅਤੇ ਸਥਾਨਕ ਪੱਧਰ ਉਤੇ ਇਲਾਜ ਨਹੀਂ ਮਿਲਦਾ ਸੀ ਪਰ ਹੁਣ ਇਲਾਜ ਦਾ ਸਾਰਾ ਖਰਚਾ ਸਰਕਾਰ ਚੁੱਕੇਗੀ।

ਪੰਜਾਬ ਦੇ ਹਰੇਕ ਪਰਿਵਾਰ ਨੂੰ 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਲਾਭ ਦੇਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਵਿੱਚ ਪੰਜਾਬ ਪਹਿਲਾ ਸੂਬਾ ਹੋਵੇਗਾ ਜੋ ਆਪਣੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੇਵੇਗਾ। ਉਨ੍ਹਾਂ ਨੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੈਨੀਫੈਸਟੋ ਵਿੱਚ ਸਿਹਤ ਖੇਤਰ ਦਾ ਜ਼ਿਕਰ ਤੱਕ ਨਹੀਂ ਹੁੰਦਾ ਸੀ ਜਿਸ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ ਉਤੇ ਛੱਡ ਦਿੱਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਹਾਲਾਤ ਇੱਥੋਂ ਤੱਕ ਪਹੁੰਚ ਗਏ ਸਨ ਕਿ ਪਿੰਡਾਂ ਵਿੱਚ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ ਇਲਾਜ ਕਰਵਾਉਣਾ ਹੀ ਨਹੀਂ ਚਾਹੁੰਦੇ ਸਨ ਕਿਉਂਕਿ ਇਲਾਜ ਮਹਿੰਗਾ ਹੋਣ ਕਰਕੇ ਉਹ ਆਪਣੇ ਪਰਿਵਾਰਾਂ ਨੂੰ ਕਰਜ਼ਾਈ ਨਹੀਂ ਦੇਖਣਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਫਤ ਦੇਣਾ ਸਰਕਾਰਾਂ ਦਾ ਫਰਜ਼ ਹੁੰਦਾ ਹੈ ਅਤੇ ਅਸੀਂ ਸਮਰਪਣ ਭਾਵਨਾ ਨਾਲ ਇਹ ਫਰਜ਼ ਨਿਭਾਅ ਰਹੇ ਹਾਂ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੈਡੀਕਲ ਬਣਾਉਣ ਲਈ ਵੱਡੇ ਉਪਰਾਲੇ ਕੀਤਾ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕਪੂਰਥਲਾ, ਹੁਸ਼ਿਆਰਪੁਰ, ਸੰਗਰੂਰ ਅਤੇ ਨਵਾਂਸ਼ਹਿਰ ਵਿਖੇ ਚਾਰ ਨਵੇਂ ਮੈਡੀਕਲ ਕਾਲਜ ਦੀ ਸਥਾਪਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਮੁਫਤ ਘਰੇਲੂ ਬਿਜਲੀ ਦੀ ਸਹੂਲਤ ਨੂੰ ਆਮ ਲੋਕਾਂ ਦੇ ਜੀਵਨ ਵਿੱਚ ਵੱਡਾ ਪਰਿਵਰਤਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ 90 ਫੀਸਦੀ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ ਜਿਸ ਨਾਲ ਲੋਕਾਂ ਨੂੰ ਆਰਥਿਕ ਰਾਹਤ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਸਰਕਾਰੀ ਸੰਸਥਾਵਾਂ ਵਿੱਚ ਵਿਸ਼ਵਾਸ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲ ਆਫ ਐਮੀਨੈਂਸ ਵਿੱਚ ਬਹੁਤ ਸਾਰੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚੋਂ ਹਟ ਕੇ ਆਏ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਸਰਕਾਰੀ ਸਕੂਲਾਂ ਦੇ 208 ਬੱਚਿਆਂ ਨੇ ਜੇ.ਈ.ਈ. ਐਡਵਾਂਸ ਦਾ ਔਖਾ ਇਮਤਿਹਾਨ ਪਾਸ ਕੀਤਾ ਹੈ ਅਤੇ 800 ਤੋਂ ਵੱਧ ਬੱਚੇ ਨੀਟ ਦਾ ਪੇਪਰ ਪਾਸ ਕਰਨ ਵਿੱਚ ਸਫਲ ਹੋਏ ਹਨ।

ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਨੂੰ ਅਨਮੋਲ ਜ਼ਿੰਦਗੀਆਂ ਬਚਾਉਣ ਵਾਲੀ ਫੋਰਸ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਫੋਰਸ ਦੇ ਬਣਨ ਨਾਲ ਸੈਂਕੜੇ ਜਾਨਾਂ ਬਚੀਆਂ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਹ ਸੰਸਦ ਮੈਂਬਰ ਸਨ ਤਾਂ ਉਸ ਮੌਕੇ ਦੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਇਕ ਸਾਲ ਵਿੱਚ 5000 ਤੋਂ ਵੱਧ ਜਾਨਾਂ ਸੜਕ ਹਾਦਸਿਆਂ ਵਿੱਚ ਚਲੀਆਂ ਜਾਂਦੀਆਂ ਸਨ। ਉਨ੍ਹਾਂ ਕਿਹਾ ਕਿ ਐਸ.ਐਸ.ਐਫ. ਦੇ ਬਣਨ ਨਾਲ 48 ਫੀਸਦੀ ਦੀ ਕਮੀ ਆਈ ਹੈ ਜੋ ਦੂਜੇ ਸੂਬਿਆਂ ਲਈ ਵੀ ਮਿਸਾਲ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਫੋਰਸ ਵਿੱਚ ਵਿਸ਼ੇਸ਼ ਤੌਰ 'ਤੇ ਭਰਤੀ ਅਤੇ ਸਿਖਲਾਈ ਪ੍ਰਾਪਤ ਕਰਮਚਾਰੀ ਹਨ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਹਨ ਅਤੇ ਇਹ ਫੋਰਸ 144 ਆਧੁਨਿਕ ਵਾਹਨਾਂ ਨਾਲ ਲੈਸ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫੋਰਸ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਕਈ ਰਾਜਾਂ ਤੇ ਇੱਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਸਮਾਗਮ ਵਿੱਚ ਹਾਜ਼ਰ ਵਿਸ਼ਵ ਸਿਹਤ ਸੰਗਠਨ ਦੀ ਟੀਮ ਨੂੰ ਸੂਬੇ ਦੇ ਆਮ ਆਦਮੀ ਕਲੀਨਿਕਾਂ ਅਤੇ ਸਿਹਤ ਸੰਸਥਾਵਾਂ ਦਾ ਦੌਰਾ ਕਰਕੇ ਆਪਣੇ ਵਡਮੁੱਲੇ ਤਜਰਬੇ ਸਾਂਝੇ ਕਰਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਮੁੱਖ ਮੰਤਰੀ ਨੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਡਾਕਟਰਾਂ ਨੂੰ ਵੀ ਸਨਮਾਨਿਤ ਕੀਤਾ। ਇਸ ਮੌਕੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਮੁੱਖ ਮੰਤਰੀ ਤੇ ਹੋਰ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਿਹਤ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕੀਤਾ। ਸਮਾਗਮ ਵਿੱਚ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਸਿਹਤ ਸਕੱਤਰ ਕੁਮਾਰ ਰਾਹੁਲ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਪ੍ਰਧਾਨ ਮੰਤਰੀ ਸਨਮਾਨ ਨਿਧੀ ਦੇ ਮੌਕੇ 'ਤੇ ਪ੍ਰੋਗਰਾਮ ਦਾ ਆਯੋਜਨ



**ਅਬੋਹਰ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸਨਮਾਨ ਨਿਧੀ ਦੀ 20ਵੀਂ ਕਿਸ਼ਤ ਜਾਰੀ ਕਰਨ ਸੰਬੰਧੀ ਕ੍ਰਿਸ਼ੀ ਵਿਗਿਆਨ ਕੇਂਦਰ ਅਬੋਹਰ ਵਿਖੇ ਇੱਕ ਕਿਸਾਨ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ, ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮੁਖੀ ਡਾ. ਅਰਵਿੰਦ ਕੁਮਾਰ ਅਹਿਲਾਵਤ ਨੇ ਕਿਸਾਨਾਂ ਦਾ ਸਵਾਗਤ ਕਰਦੇ ਹੋਏ, ਉਨ੍ਹਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਦੁਆਰਾ ਕਿਸਾਨਾਂ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਡਾ. ਅਮਿਤ ਨਾਥ, ਮੁਖੀ ਖੇਤਰੀ ਕੇਂਦਰ ਸੀਫੇਟ ਅਬੋਹਰ ਨੇ ਕਿਸਾਨਾਂ ਨੂੰ ਖੇਤੀਬਾੜੀ ਪ੍ਰੋਸੈਸਿੰਗ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਡਾ. ਜਗਦੀਸ਼ ਕੁਮਾਰ ਅਰੋੜਾ ਨੇ ਫਸਲਾਂ ਵਿੱਚ ਹੋਣ ਵਾਲੀਆਂ ਵੱਖ-ਵੱਖ ਬਿਮਾਰੀਆਂ ਨੂੰ ਰੋਕਣ ਦੇ ਉਪਾਅ ਦੱਸੇ, ਡਾ. ਮਨਪ੍ਰੀਤ ਸਿੰਘ ਨੇ ਕਪਾਹ ਦੀ ਫਸਲ ਸੰਬੰਧੀ ਕਈ ਉਪਯੋਗੀ ਜਾਣਕਾਰੀ ਸਾਂਝੀ ਕੀਤੀ, ਡਾ. ਮਨਦੀਪ ਸਿੰਘ ਨੇ ਪਸ਼ੂ ਪਾਲਕਾਂ ਨੂੰ ਜਾਨਵਰਾਂ ਵਿੱਚ ਹੋਣ ਵਾਲੀਆਂ ਮੌਸਮੀ ਬਿਮਾਰੀਆਂ ਨੂੰ ਰੋਕਣ ਦੇ ਕਈ ਤਰੀਕੇ ਦੱਸੇ ਅਤੇ ਸਮੇਂ ਸਿਰ ਜਾਨਵਰਾਂ ਦਾ ਟੀਕਾਕਰਨ ਕਰਵਾਉਣ ਦਾ ਸੁਝਾਅ ਦਿੱਤਾ। ਇਸ ਤਰ੍ਹਾਂ, ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕਰਦੇ ਹੋਏ, ਕਿਸਾਨ ਕਲੱਬ ਦੇ ਮੈਂਬਰਾਂ ਨੂੰ ਵੱਧ ਤੋਂ ਵੱਧ ਕਿਸਾਨਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਜੋੜਨ ਦੀ ਬੇਨਤੀ ਵੀ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਕੁੱਲ 200 ਤੋਂ ਵੱਧ ਕਿਸਾਨਾਂ ਅਤੇ ਔਰਤਾਂ ਨੇ ਹਿੱਸਾ ਲਿਆ ਅਤੇ ਪ੍ਰੋਗਰਾਮ ਨੂੰ ਸਫਲ ਬਣਾਇਆ। ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਸ਼੍ਰੀ ਪ੍ਰਿਥਵੀਰਾਜ, ਡਾ. ਰੁਪਿੰਦਰ ਕੌਰ, ਸ਼੍ਰੀ ਹਰਿੰਦਰ ਸਿੰਘ ਦਹੀਆ, ਡਾ. ਰਮੇਸ਼ ਚੰਦ ਕਾਂਟਵਾ, ਸ਼੍ਰੀ ਰਾਜੇਸ਼ ਕੁਮਾਰ ਅਤੇ ਵਿਮਲ ਭੋਭਾਰੀਆ ਵੀ ਮੌਜੂਦ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਵੱਲੋਂ ਨਸ਼ਾ ਛੁਡਾਊ ਕੇਂਦਰ ਜਨੇਰ ਵਿਖੇ ਲਗਾਇਆ ਨਸ਼ਿਆਂ ਵਿਰੁੱਧ ਸੈਮੀਨਾਰ




**ਮੋਗਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਲਸਾ ਵੱਲੋਂ ਚਲਾਈ ਜਾ ਰਹੀ ਮੁਹਿੰਮ ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ ਤਹਿਤ ਅੱਜ ਮਿਤੀ 1 ਅਗਸਤ 2025 ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰ ਜਨੇਰ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸੀ.ਜੇ.ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਮਿਸ ਕਿਰਨ ਜਯੋਤੀ ਨੇ ਕੇਂਦਰ ਵਿਖੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਨਸ਼ਾ ਸਾਡੀ ਨੌਜਵਾਨ ਪੀੜੀ ਲਈ ਬੜਾ ਮੰਦਭਾਗਾ ਹੈ, ਪਰ ਨਸ਼ੇ ਤੋਂ ਬਚਿਆ ਜਾ ਸਕਦਾ ਹੈ। ਜੇ ਕਿਧਰੇ ਗਲਤੀ ਨਾਲ ਇਸ ਪਾਸੇ ਕਦਮ ਪੁੱਟਿਆ ਹੀ ਗਿਆ ਹੈ ਤਾਂ ਸਮਾਂ ਰਹਿੰਦੇ ਸਰਕਾਰ ਵੱਲੋਂ ਚਲਾਏ ਜਾਂਦੇ ਨਸ਼ਾ ਮੁਕਤੀ ਪ੍ਰੋਗਰਾਮਾਂ ਅਤੇ ਸਕੀਮਾਂ ਦਾ ਲਾਭ ਲੈਂਦੇ ਹੋਏ ਇਸ ਜੰਜਾਲ ਵਿਚੋਂ ਨਿਕਲਿਆ ਜਾ ਸਕਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਦੇਸ਼ ਪੱਧਰੀ ਮੁਹਿੰਮ ਡਾਅਨ ਜੋ ਕਿ ਨਾਲਸਾ ਵੱਲੋਂ ਚਲਾਈ ਜਾ ਰਹੀ ਹੈ, ਅਜਿਹੇ ਨੌਜਵਾਨਾਂ ਲਈ ਨਾਲ ਸਹਿਯੋਗ ਕਰ ਰਹੀ ਹੈ। ਨਾਲਸਾ ਦੀ ਡਾਅਨ ਮੁਹਿੰਮ ਨੌਜਵਾਨਾਂ ਦੇ ਨਸ਼ਾ ਮੁਕਤ ਹੋਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਇਹ ਸੰਦੇਸ਼ ਵੀ ਦਿੱਤਾ ਕਿ ਸਾਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਨਸ਼ੇ ਕਰਨ ਨਾਲ ਸਿਰਫ ਇਕ ਵਿਅਕਤੀ ਦੀ ਜਿੰਦਗੀ ਹੀ ਬਰਬਾਦ ਨਹੀਂ ਹੁੰਦੀ ਬਲਕਿ ਸਾਰਾ ਪਰਿਵਾਰ ਹੀ ਉਜੜ ਜਾਂਦਾ ਹੈ ਅਤੇ ਸਮਾਜ ਤੇ ਵੀ ਇਸਦਾ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਅੱਗੇ ਅਪੀਲ ਕੀਤੀ ਕਿ ਸਾਨੂੰ ਨਸ਼ਾ ਕਰਨ ਤੋਂ ਬਚਣਾ ਚਾਹੀਦਾ ਹੈ ਅਤੇ ਜੇਕਰ ਕੋਈ ਨਸ਼ਾ ਕਰ ਰਿਹਾ ਹੈ ਤਾਂ ਉਸਨੂੰ ਡੀ ਐਡੀਕਸ਼ਨ ਸੈਂਟਰ ਬਾਰੇ ਦੱਸਿਆ ਜਾਵੇ।ਇਸ ਮੌਕੇ ਨਸ਼ਾ ਮੁਕਤੀ ਕੇਂਦਰ ਜਨੇਰ ਦੇ ਇੰਚਾਰਜ ਹਰਪ੍ਰੀਤ ਸਿੰਘ, ਡਾ: ਮਨਮੀਤ ਸਿੰਘ, ਵੀਰਪਾਲ ਕੌਰ ਸਟਾਫ ਨਰਸ, ਅਰਸ਼ਦੀਪ ਕੌਰ ਕਾਊਂਸਲਰ, ਗੁਰਦੀਪ ਸਿੰਘ ਸੋਸ਼ਲ ਵਰਕਰ ਹਾਜਰ ਸਨ। ਡਾ: ਮਨਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਬਹੁਤ ਨੌਜਵਾਨ ਨਸ਼ਾ ਛੱਡਣ ਲਈ ਆਉਂਦੇ ਹਨ, ਜਿਨ੍ਹਾਂ ਨੂੰ ਯੋਗ ਧਿਆਨ ਕਰਵਾਇਆ ਜਾਂਦਾ ਹੈ ਅਤੇ ਦਵਾਈ ਦਿੱਤੀ ਜਾਂਦੀ ਹੈ । ਇਸ ਵੇਲੇ 190 ਨੌਜਵਾਨਾਂ ਨੂੰ ਭਰਤੀ ਕੀਤਾ ਗਿਆ ਹੈ ਅਤੇ ਬਹੁਤ ਸਾਰੇ ਨੌਜਵਾਨ ਠੀਕ ਹੋ ਕੇ ਘਰ ਵਾਪਸ ਜਾ ਚੁੱਕੇ ਹਨ।

# ਗੁਰਬਾਣੀ ਅਨੁਸਾਰ, ਮਨੁੱਖੀ ਜੀਵਨ ਦਾ ਕੀ ਹੈ ਸਿਧਾਂਤ, ਕੀ ਹੈ ਸਿਧਾਂਤ ਪ੍ਰਾਪਤੀ ਦਾ ਸਾਧਨ: ਠਾਕੁਰ ਦਲੀਪ ਸਿੰਘ

ਗੁਰਬਾਣੀ ਅਨੁਸਾਰ, ਮਨੁੱਖੀ ਜੀਵਨ ਦਾ ਸਿਧਾਂਤ ਜਨਮ ਮਰਨ ਦਾ ਚੱਕਰ ਸਮਾਪਤ ਹੋ ਕੇ ਮੁਕਤੀ ਪ੍ਰਾਪਤ ਕਰਨਾ ਅਤੇ ਪ੍ਰਮਾਤਮਾ ਵਿੱਚ ਲੀਨ ਹੋਣਾ "ਆਵਣ ਜਾਣਾ ਨਾ ਥੀਐ, ਨਿਜ ਘਰਿ ਵਾਸਾ ਹੋਇ"(ਮ. ?)। ਜਿਸ ਦੀ ਪ੍ਰੋੜਤਾ ਗੁਰੂ ਅਰਜਨ ਦੇਵ ਜੀ ਇਹਨਾਂ ਪੰਕਤੀਆਂ ਰਾਹੀਂ ਕਰਦੇ ਹਨ "ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ।
ਸਿਧਾਂਤ ਪ੍ਰਾਪਤੀ ਦੇ ਸਾਧਨ ਹਨ

ਗੁਰੂ ਧਾਰਨ ਕਰਨਾ "ਮਨ ਗੁਰ ਮਿਲਿ ਕਾਜ ਸਵਾਰੇ"(ਮ. ?), "ਆਵਤ ਜਾਵਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ"(ਮ. ?)।

ਗੁਰਮੰਤਰ ਗ੍ਰਹਿਣ ਕਰਨਾ "ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ"(ਮ. ?), "ਗੁਰ ਦੀਖਿਆ ਲੈ ਜਪੁ ਤਪੁ ਕਮਾਹਿ"(ਮ. ?), "ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ"(ਮ. ?)।

ਗੁਰਮੰਤਰ ਦਾ ਜਾਪ ਕਰਨਾ: "ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ"(ਮ. ?), "ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰਮੰਤੁ"(ਮ. ?)।

ਗੁਰੂ ਉਪਦੇਸ਼ ਸੁਣਨਾ ਅਤੇ ਕਮਾਉਣਾ "ਪੂਰੇ ਗੁਰ ਕਾ ਸੁਨਿ ਉਪਦੇਸੁ"(ਮ. ?), "ਜੋ ਉਪਦੇਸੁ ਸੁਣੇ ਗੁਰ ਕੇਰਾ ਸੋ ਜਨੁ ਪਾਵੈ ਹਰਿ ਸੁਖ ਘਣੇ"(ਮ. ?), "ਸੁਨਤ ਕਮਾਵਤ ਹੋਤ ਉਧਾਰ"(ਮ. ?), "ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ"(ਮ. ?)।



ਕੀਰਤਨ ਕਰਨਾ "ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ"(ਮ. ?), "ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ"(ਮ. ?)।

ਕੀਰਤਨ ਸੁਣਨਾ "ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ"(ਮ. ?), "ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ"(ਮ. ?)।

ਸਾਧ ਸੰਗਤ ਕਰਨੀ: "ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ"(ਮ. ?), "ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ"(ਮ. ?)।

ਕਥਾ ਸੁਣਨੀ: "ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ"(ਮ. ?), "ਸੁਣਿ ਹਰਿ ਕਥਾ ਉਤਾਰੀ ਮੈਲੁ"(ਮ. ?)।

ਸੇਵਾ ਕਰਨੀ "ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ"(ਮ. ?), ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ"(ਮ. ?)।

ਗੁਰੂ ਕੀ ਸੇਵਾ ਕਰਨੀ: "ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ"(ਮ. ?)।

ਪਰਉਪਕਾਰ ਕਰਨਾ: "ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ"(ਮ. ?), ਆਦਿ।

ਉਪਰੋਕਤ ਸਾਰੇ ਸ਼ੁਭ ਕਰਮ: ਮਨੁੱਖੀ ਜੀਵਨ ਦਾ ਲਕਸ਼ ਨਹੀ; ਇਹ ਤਾਂ ਮੁਕਤੀ ਪ੍ਰਾਪਤ ਕਰਨ ਦੇ ਸਾਧਨ ਹਨ "ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ"(ਮ. ?)। ਇਹਨਾਂ ਸਾਧਨਾਂ ਤੋਂ ਬਿਨਾਂ ਮੁਕਤੀ ਸੰਭਵ ਨਹੀਂ "ਬਿਨੁ ਕਰਤੂਤੀ ਮੁਕਤਿ ਨ ਪਾਈਐ"(ਮ. ?)।

ਬੁਰੇ ਕਰਮ ਤਿਆਗ ਕੇ, ਉਪਰੋਕਤ ਲਿਖੇ ਸਾਰੇ ਸਾਧਨ ਅਪਣਾਉਂਦਿਆਂ ਹੋਇਆਂ ਹੀ ਬਿਰਤੀ ਟਿਕਦੀ ਹੈ "ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ"(ਮ. ?)। ਜਿਸ ਉਪਰੰਤ, ਗੁਰੂ ਦੀ ਕਿਰਪਾ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ "ਗੁਰ ਤੇ ਪਾਏ ਮੁਕਤਿ ਦੁਆਰੁ"(ਮ. ?) ਅਤੇ ਜਨਮ-ਮਰਨ ਦਾ ਚੱਕਰ ਕੱਟਿਆ ਜਾ ਸਕਦਾ ਹੈ "ਜਨਮ ਮਰਨ ਦੁਖੁ ਕਟਿਆ, ਹਰਿ ਭੇਟਿਆ ਪੁਰਖੁ ਸੁਜਾਣੁ"(ਮ. ?)। ਜਿਸ ਦੀ ਪ੍ਰੋੜਤਾ ਗੁਰਬਾਣੀ ਵਿੱਚ ਬਹੁਤ ਥਾਵਾਂ ਉੱਪਰ ਕੀਤੀ ਗਈ ਹੈ। ਜਿਵੇਂ: "ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ"(ਮ. ?), "ਗੁਰ ਕਿਰਪਾ ਤੇ ਪਰਮ ਪਦੁ ਪਾਇਆ"(ਮ. ?), "ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ (ਮ. ?), "ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ"(ਮ. ?)।

# ਜ਼ਿਗਲੀ ਨੇ ਇੰਟਰਨੈਸ਼ਨਲ ਹੈਪੀ ਪੈੱਟਸ ਡੇ ਤੇ ਪੈੱਟ ਕਮਿਊਨਿਟੀ ਨੂੰ ਕੀਤਾ ਇੱਕਜੁਟ

**ਲੁਧਿਆਣਾ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਰਤ ਦੇ ਪਹਿਲੇ ਟੈੱਕ - ਐਨੇਬਲਡ ਓਮਨੀਚੈਨਲ ਪੈੱਟ ਕੇਅਰ ਬ੍ਰਾਂਡ ਜ਼ਿਗਲੀ, (ਕਾਸਮੋਫਸਟ ਲਿਮਟਿਡ) ਨੇ ਦੇਸ਼ ਭਰ ਵਿੱਚ ਇੰਟਰਨੈਸ਼ਨਲ ਹੈਪੀ ਪੈੱਟਸ ਡੇ (IHPD } ਦੇ ਦੂਜੇ ਐਡੀਸ਼ਨ ਦਾ ਸਫਲਤਾਪੂਰਵਕ ਸਮਾਪਨ ਕੀਤਾ, ਇਸ ਇੱਕ ਦਿਨ ਦੇ ਪ੍ਰੋਗਰਾਮ ਵਿੱਚ 2200 ਤੋਂ ਵੱਧ ਪੈੱਟਸ ਅਤੇ ਪੈੱਟ ਪੇਰੈਂਟਸ ਨੇ ਹਿੱਸਾ ਲਿਆ । ਪਿਛਲੇ ਸਾਲ ਪਹਿਲੇ ਐਡੀਸ਼ਨ ਦੀ ਸ਼ਾਨਦਾਰ ਸਫਲਤਾ ਤੋਂ ਬਾਅਦ , ਫਰੈਂਡਸ਼ਿਪ ਡੇ ਦੇ ਦਿਨ ਆਯੋਜਿਤ ਇਸ ਪ੍ਰੋਗਰਾਮ ਦੇ ਰਾਹੀਂ , ਪੈੱਟਸ , ਓਹਨਾ ਦੇ ਪੇਰੈਂਟਸ ਵਿਚਕਾਰ ਵਿਸ਼ੇਸ਼ ਰਿਸ਼ਤੇ ਦਾ ਜਸ਼ਨ ਮਨਾਇਆ ਗਿਆ , ਜੋਸ਼ ਅਤੇ ਉਤਸ਼ਾਹ ਦੇ ਨਾਲ ਆਯੋਜਿਤ ਇਸ ਪ੍ਰੋਗਰਾਮ ਵਿਚ ਜ਼ਿੰਮੇਵਾਰ ਪੈੱਟ ਪੇਰੈਂਟਿੰਗ ਨੂੰ ਵਧਾਵਾ ਦਿੱਤਾ ਗਿਆ । ਆਈਐਚਪੀਡੀ ਦੇ ਦੂਜੇ ਐਡੀਸ਼ਨ ਦੀ ਸਫਲਤਾ ਬਾਰੇ ਗੱਲਬਾਤ ਕਰਦੇ ਹੋਏ, ਸ਼੍ਰੀ ਪੰਕਜ ਪੋਦਾਰ, ਗਰੁੱਪ ਸੀਈਓ ਕੋਸਮੋ ਫਸਟ ਨੇ ਕਿਹਾ, ਦੂਜੇ ਅੰਤਰਰਾਸ਼ਟਰੀ ਹੈਪੀ ਪੈੱਟ ਡੇ ਪ੍ਰਤੀ ਇਹ ਸ਼ਾਨਦਾਰ ਪ੍ਰਤੀਕਿਰਿਆ ਭਾਰਤ ਦੀ ਪੈੱਟ ਕਮਿਊਨਟੀ ਦੇ ਲਈ ਅਰਥਪੂਰਨ ਅਨੁਭਵ ਪ੍ਰਦਾਨ ਕਰਨ ਦੇ ਸਾਡੇ ਦ੍ਰਿਸ਼ਟੀਕੋਣ ਨੂੰ ਪ੍ਰਮਾਣਿਤ ਕਰਦੀ ਹੈ। ਸਾਡੇ ਸਾਰੇ ਸੈਂਟਰਜ਼ ਵਿੱਚ ਅਸੀਂ ਪੈੱਟਸ ਅਤੇ ਪੈੱਟ ਪੇਰੈਂਟਸ ਦਾ ਜੋ ਉਤਸ਼ਾਹ ਅਤੇ ਭਾਗੀਦਾਰੀ ਦੇਖੀ ਹੈ, ਉਹ ਸਾਡੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਪੈੱਟ ਪੇਰੈਂਟਸ ਅਹਿਜੇ ਪਲੇਟਫਾਰਮ ਦੀ ਉਮੀਦ ਕਰ ਰਹੇ ਹਨ ਜੋ ਪੈੱਟਸ ਦੇ ਨਾਲ ਓਹਨਾ ਦੇ ਰਿਸ਼ਤਿਆਂ ਨੂੰ ਹੋਰ ਮਜਬੂਤ ਬਣਾਵੇ , ਅਤੇ ਪੈੱਟਸ ਦੇ ਲਈ ਕੀਮਤੀ ਸੇਵਾਵਾਂ, ਭਾਈਚਾਰਕ ਸੰਪਰਕ ਅਤੇ ਨਵੇਂ ਪੈੱਟ ਪੇਰੈਂਟਸ ਨੂੰ ਸਿੱਖਿਅਤ ਕਰਨ ਲਈ ਜਰੂਰੀ ਜਾਣਕਾਰੀ ਪ੍ਰਦਾਨ ਕਰੇ । ਇਹ ਸਫਲਤਾ ਸਾਨੂੰ ਭਾਰਤ ਵਿੱਚ ਪੈੱਟ ਕੇਅਰ ਕਮਿਊਨਿਟੀ ਦੇ ਲਈ ਸਾਡੀਆਂ ਆਫ਼ਰਜ਼ ਵਿਚ ਨਵਾਚਰ ਲਿਆਉਣ ਅਤੇ ਵਿਸਤਾਰ ਕਰਦੇ ਰਹਿਣ ਲਈ ਪ੍ਰੇਰਿਤ ਕਰਦੀ ਹੈ।

ਇਸ ਸਾਲ, ਦੇਸ਼ ਭਰ ਵਿਚ ਜ਼ਿਗਲੀ ਦੇ ਐਕਸਪੀਰੀਐਂਸ ਸੈਂਟਰਜ਼ ਵਿਚ ਦਿਨ ਭਰ ਵਿਸ਼ੇਸ਼ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਮਿਲੀ ਸ਼ਾਨਦਾਰ ਸਫਲਤਾ ਦੇਸ਼ ਵਿੱਚ ਵਧ ਰਹੀ ਪੈੱਟ ਕੇਅਰ ਕਮਿਊਨਿਟੀ , ਅਤੇ ਪੈਟਸ ਦੇ ਲਈ ਸਮਰਪਿਤ ਪ੍ਰੋਗਰਾਮਾਂ ਦੇ ਪ੍ਰਤੀ ਉਨ੍ਹਾਂ ਦੇ ਉਤਸ਼ਾਹ ਨੂੰ ਦਰਸ਼ਾਉਂਦੀ ਹੈ ਅਤੇ ਇਸ ਪ੍ਰੋਗਰਾਮ ਦੇ ਜ਼ਰੀਏ ਨਵੇਂ ਪੈੱਟ ਪੇਰੈਂਟਸ ਨੂੰ ਆਪਣੇ ਪੈੱਟ ਦੇ ਪਾਲਣ-ਪੋਸ਼ਣ ਦੀ ਯਾਤਰਾ ਨੂੰ ਸਾਂਝਾ ਕਰਨ ਦਾ ਮੌਕਾ ਮਿਲਿਆ । ਜ਼ਿਗਲੀ ਦੇ ਇੰਟਰਨੈਸ਼ਨਲ ਹੈਪੀ ਪੈੱਟਸ ਡੇ (98♦4) ਸਮਾਰੋਹ ਵਿੱਚ ਪੈੱਟਸ ਅਤੇ ਪੈੱਟ ਪੇਰੈਂਟਸ ਦੋਵਾਂ ਨੂੰ ਖੁਸ਼ ਕਰਨ ਲਈ ਕਈ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ ਸਨ, ਜਿਥੇ ਓਹਨਾ ਨੂੰ ਇੱਕ ਦੂਜੇ ਨਾਲ ਯਾਦਗਾਰੀ ਪਲ ਬਿਤਾਉਣ ਦਾ ਮੌਕਾ ਮਿਲਿਆ ।

ਉਦਯੋਗ ਵਿੱਚ ਆਪਣੀ ਕਸਮ ਦੇ ਪਹਿਲੇ ਇਸ ਓਮਨੀਚੈਨਲ ਪ੍ਰੋਗਰਾਮ ਵਿੱਚ, ਜ਼ਿਗਲੀ ਨੇ ਜ਼ਿਗਲੀ ਕੋਆਇੰਸ ਲਾਂਚ ਕੀਤੇ - ਜਿੱਥੇ ਗਾਹਕ 100 ਰੁਪਏ ਦੇ ਹਰ ਖਰੀਦ ਤੇ ਇੱਕ ਕੋਆਇਨ ਪ੍ਰਾਪਤ ਕਰ ਸਕਦੇ ਹਨ, ਹਰੇਕ ਕੋਆਇਨ ਦੀ ਕੀਮਤ 1 ਰੁਪਏ ਹੈ, ਜਿਸ ਦੀ ਵਰਤੋਂ ਗਾਹਕ ਆਪਣੇ ਪਿਆਰੇ ਪੈੱਟ ਲਈ ਖਰੀਦਦਾਰੀ ਵੇਲੇ ਕਰ ਸਕਦੇ ਹਨ । ਇਸ ਪ੍ਰੋਗਰਾਮ ਵਿੱਚ ਪੈੱਟ ਪ੍ਰੋਡਕਟਸ ਦੀ ਇੱਕ ਐਕਸਕਲਿਊਸਿਵ ਰੇਂਜ ਵੀ ਲਾਂਚ ਕੀਤੀ ਗਈ ਜਿਵੇਂ ਕਿ ਇਨ-ਹਾਊਸ ਐਪਲਾਡ ਬ੍ਰਾਂਡ ਦੁਆਰਾ ਵੈੱਟ ਫੂਡ ਐਂਡ ਫਰੈਸ਼ ਫੂਡ ਅਤੇ ਡੈਂਟਲ ਹਾਈਜੀਨ ਲਈ ਯਾਕ ਚਿਊਜ਼ ; ਜ਼ਿਗਲੀ ਲਾਈਫਸਟਾਈਲ ਵਿੱਚ ਟ ?ਰੈਵਲ ਮੈਟ, ਡਾਗਸ ਅਤੇ ਕੈਟਸ ਲਈ ਫਰ ਪ੍ਰੋ ਰੇਂਜ ਵਿੱਚ ਗਰੂਮਿੰਗ ਟੂਲਸ; ਕੈਟ ਲਿੱਟਰ ਲਈ ਇੱਕ ਨਵੇਂ ਬ੍ਰਾਂਡ ਕੈਟਮਾਸ ਦੀ ਸ਼ੁਰੂਆਤ ਵੀ ਕੀਤੀ ਗਈ, ਜੋ ਕਿ ਪ੍ਰੋਗਰਾਮ ਵਿਚ ਆਕਰਸ਼ਣ ਦਾ ਕੇਂਦਰ ਰਹੇ ।

# ਸ੍ਰੀ ਦੁਰਗਾ ਸ਼ਕਤੀ ਮੰਦਿਰ ਵਿੱਚ ਸਾਵਣ ਅਸ਼ਟਮੀ ਦੇ ਤਿਉਹਾਰ ਤੇ ਸਲਾਨਾ ਜਾਗਰਣ ਕਰਵਾਇਆ



**ਮਾਛੀਵਾੜਾ ਸਾਹਿਬ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ ?ਗੀ ਦੁਰਗਾ ਸਕਤੀ ਮੰਦਰ ਵਿਖੇ ਅੱਜ ਨਵਰਾਤਿਆ ਦੇ ਅਠਵੇ ਦਿਨ ਸਾਵਣ ਅਸ਼ਟਮੀ ਦੇ ਪਵਿੱਤਰ ਦਿਹਾੜੇ ਤੇ ਮੰਦਰ ਕਮੇਟੀ ਨੇ ਮਾਤਾ ਦਾ ਜਾਗਰਣ ਕਰਵਾਇਆ। ਮੰਦਰ ਕਮੇਟੀ ਦੇ ਪ੍ਰਧਾਨ ਨੰਦਕਿਸੋਰ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋ ਵੀ ਵੱਧ ਸਮੇ ਤੋ ਲਗਾਤਾਰ ਮਾਤਾ ਦੇ ਨਵਰਾਤਿਆ ਉਪਰੰਤ ਹਰ ਸਾਲ ਸ਼ਹਿਰ ਵਾਸੀਆ ਦੇ ਸਹਿਯੋਗ ਨਾਲ ਮਾਤਾ ਦਾ ਜਾਗਰਣ ਕਰਵਾਇਆ ਜਾਂਦਾਂ ਹੈ। ਮੰਦਰ ਵਿੱਚ ਜਾਗਰਣ ਦੀ ਸੁਰੂਆਤ ਖੰਨੇ ਤੋ ਆਏ ਸਵਾਮੀ ਸੱਚਦਾਨੰਦ ਜੀ ਨੇ ਜੋਤੀ ਪ੍ਰੰਚਡ ਕਰਕੇ ਕੀਤੀ। ਪੂਜਾ ਉਪਰੰਤ ਇਸ ਵਾਰ ਅਮ੍ਰਿਤਸਰ ਤੋ ਆਏ ਲਵਿਸ ਲੱਵ ਨੇ ਆਏ ਸਰਧਾਲੂਆਂ ਨੂੰ ਮਾਤਾ ਦੀ ਭੇਟਾਂ ਗਾ ਕੇ ਨਚੱਣ ਲਾ ਦਿੱਤਾ। ਭੇਟਾਂ ਗਾਉਣ ਵਾਲੇ ਲਵਿਸ ਲੱਵ ਨੇ ਮਾਇਆ ਤੇਰੀ ਚੁੰਨੀ ਨੂੰ ਸਿਤਾਰੇ ਲੱਗੇ ਹੋਏ ਨੇ,ਰਸਤੇ ਵਿੱਚ ਮਾ ਮਿਲ ਗੀ ਵਰਗਿਆ ਭੇਟਾਂ ਗਾ ਕੇ ਤੇ ਆਪਣੀਆ ਲਿਖੀਆ ਕਈ ਹੋਰ ਭੇਟਾਂ ਤੇ ਭਜਨ ਗਾ ਕੇ ਆਏ ਸਰਧਾਲੂਆ ਨੂੰ ਕੀਲੀ ਰੱਖਿਆ। ਕਰੀਬ ਦੇਰ ਰਾਤ 2 ਵਜੇ ਤੱਕ ਸਰਧਾਲੂਆਂ ਨੇ ਨੱਚ ਨੱਚ ਖੂਬ ਰੌਣਕਾ ਲਗਾਈਆਂ ਤੇ ਸਰਧਾਲੂਆਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਲਵਿਸ ਲੱਵ ਨੇ ਜਿੱਥੇ ਮਾਤਾ ਦੀ ਚੁੰਨਰੀ ਲਾਲ ਵਰਗੀ ਧਾਰਮਿਕ ਭੇਟ ਗਾਈ ਉੱਥੇ ਸ਼ਹੀਦਾਂ ਦੀ ਯਾਦ ਵਿੱਚ ਦਿੱਤੀ ਸਰਧਾਜ਼ਲੀ ਨਾਲ ਦੇਸ ਭਗਤੀ ਹਮ ਜੀਏਂਗੇ ਔਰ ਮਰੇਂਗੇ ਏ ਵਤਨ ਤੇਰੇ ਲਈ ਗਾ ਕੇ ਪੰਡਾਲ ਵਿੱਚ ਬੈਠੀਆ ਔਰਤਾਂ ਦੀਆਂ ਅੱਖਾ ਨੰਮ ਕਰ ਦਿੱਤੀਆ। ਜਾਗਰਣ ਵਿੱਚ ਵਿਸੇਸ ਰੂਪ ਵਿੱਚ ਸਿਰਕਤ ਕਰਨ ਆਏ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ,ਸੋਮ ?ਰਣੀ ਅਕਾਲੀ ਦਲ ਦੇ ਪਰਮਜੀਤ ਸਿੰਘ ਢਿੱਲੋ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ,ਨੇ ਵਿਸੇਸ ਰੂਪ ਵਿੱਚ ਜਾਗਰਣ ਵਿੱਚ ਸਿਰਕਤ ਕੀਤੀ । ਗਾਇਕ ਕਲਾਕਾਰਾਂ ਨੂੰ ਮਾਤਾ ਦੀ ਚੁੰਨਰੀ ਪਾ ਕੇ ਲੰਗਰਾਂ ਵਿੱਚ ਸੇਵਾ ਕਰਨ ਵਾਲੇ ਭਗਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੇਮ ਚੰਦ ਅਗਰਵਾਲ,ਅਸੋਕ ਲੀਹਲ,ਭਾਜਪਾ ਆਗੂ ਰਾਜੇਸ ਲੀਹਲ,ਸਾਬਕਾ ਰਾਮ ਲੀਲਾ ਕਮੇਟੀ ਪ੍ਰਧਾਨ ਦਵਿੰਦਰ ਬਵੇਜਾ,ਸਹਿਰੀ ਪ੍ਰਧਾਨ ਜਸਪਾਲ ਸਿੰਘ ਝੱਜ,ਅਰਵਿੰਦਰਪਾਲ ਸਿੰਘ ਵਿੱਕੀ, ਸਾਬਕਾ ਕੌਸ਼ਲਰ ਕਪਿਲ ਆਨੰਦ ਤੇ ਪਰਮਜੀਤ ਪੰਮਾ,ਸਾਬਕਾ ਕੌਸ਼ਲਰ ਮਨਜੀਤ ਕੁਮਾਰੀ ਤੇ ਰਾਜਿੰਦਰ ਵਰਮਾ, ਜੱਗੀ ਮਿੱਤਲ,ਡਾ; ਸੰਜੀਵ ਕੁਮਾਰ,ਸੁਰੇਸ ਅਗਰਵਾਲ,ਸਿਵਚਰਨ ਸ਼ਰਮਾ,ਰਾਜਿੰਦਰ ਵਰਮਾ, ਉਮੈਸ ਸੂਈ, ਮਦਲ ਲਾਲ ਬਿੱਟੂ,ਚੇਤਨ ਚਰਾਇਆ,ਸੁਭਾਸ ਬਿਟਨ, ਮੰਗਤ ਰਾਏ ਬੱਤਰਾ, ਵਿਜੇ ਮਿੱਤਲ,ਹਰਬੰਸ ਲਾਲ ਚਾਨਣਾ,ਸੰਜੀਵ ਲੀਹਲ,ਸੋਨੂੰ ਸੇਠੀ,ਸੰਨੀ ਉਹਰੀ,ਅੰਕਿਤ ਸੇਠੀ, ਸਿਵਾਲਾ ਮੰਦਰ ਕਮੇਟੀ ਦੇ ਵਿਸਾਲ ਜੈਨ, ਵਿਜੈ ਜੈਨ, ਪਵਨ ਸਿੰਗਲਾ, ਅਸਵਨੀ ਕੁਮਾਰ,ਵਿੱਕੀ ਕਪੂਰ,ਰਿੰਟੂ ਜੁਨੇਜਾ, ਖੁਸਕਰਨ ਕੌਸ਼ਲ,ਸੁਰਿੰਦਰ ਜੁਨੇਜਾ,ਜੁਗਨੂ ਭੂੰਗੜਾ ਤੇ ਮੰਦਰ ਦੇ ਮੈਬਰਾਨ ਵੀ ਮੌਜੂਦ ਸਨ।

# ਪੰਜਾਬ ਦੀ ਹੋਂਦ ਬਚਾਉਣ ਲਈ ਪੰਜਾਬੀ ਇੱਕਜੁੱਟ ਹੋਣ: ਬਾਜਵਾ

## ਸਾਊਥ ਆਸਟਰੇਲੀਆ 'ਚ ਸੂਬੇ ਦੇ ਮੌਜੂਦਾ ਹਾਲਾਤ ਤੋਂ ਜਾਣੂ ਕਰਵਾਇਆ



**ਐਡੀਲੇਡ, 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਊਥ ਆਸਟਰੇਲੀਆ ਵਿੱਚ ਵੱਖ-ਵੱਖ ਸਮਾਗਮਾਂ 'ਚ ਪੰਜਾਬੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਸੂਬੇ ਦੀ ਹੋਂਦ ਬਚਾਉਣ ਲਈ ਵਿਸ਼ਵ ਦੇ ਸਮੁੱਚੇ ਪੰਜਾਬੀਆਂ ਨੂੰ ਇਕਜੁੱਟ ਹੋਣ ਦੀ ਲੋੜ ਹੈ। ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਜਾਣੂ ਕਰਵਾਉਂਦਿਆਂ ਸ੍ਰੀ ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਦਿੱਲੀ ਤੋਂ ਅਰਵਿੰਦ ਕੇਜਰੀਵਾਲ ਚਲਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੂੰ 'ਬੰਧੂਆ ਮੁੱਖ ਮੰਤਰੀ' ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਅਸਫ਼ਲ ਰਹੀ ਹੈ ਅਤੇ ਪੰਜਾਬ ਨੂੰ 4 ਲੱਖ ਕਰੋੜ ਰੁਪਏ ਦਾ ਕਰਜ਼ਈ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਕਿਸਾਨ ਮਾਰੂ ਨੀਤੀਆਂ ਤੋਂ ਹਰ ਵਰਗ ਦੇ ਲੋਕ ਤੰਗ ਹਨ। ਉਨ੍ਹਾਂ ਕਿਹਾ ਕਿ ਲੋਕ ਬਦਲਾਅ ਦੇ ਰੂਪ ਵਿੱਚ ਕਾਂਗਰਸ ਨੂੰ ਦੇਖ ਰਹੇ ਹਨ। ਉਨ੍ਹਾਂ ਕਾਂਗਰਸ ਸਰਕਾਰਾਂ ਵੇਲੇ ਪੰਜਾਬ ਦੀ ਤਰੱਕੀ ਲਈ ਲਏ ਗਏ ਅਹਿਮ ਫ਼ੈਸਲਿਆਂ ਅਤੇ ਕਾਰਜਾਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਹੁਣ ਪੰਜਾਬ 'ਚ ਕਾਨੂੰਨ ਵਿਵਸਥਾ ਦਾ ਮਾੜਾ ਹਾਲ ਹੈ। ਉਨ੍ਹਾਂ ਪੰਜਾਬ ਵਿੱਚੋਂ ਵੱਡੇ ਪੱਧਰ 'ਤੇ ਪਰਵਾਸ ਹੋਣ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਸੂਬੇ ਵਿੱਚ ਪੰਜਾਬੀਆਂ ਦੀ ਗਿਣਤੀ ਘੱਟ ਅਤੇ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਵਧ ਰਹੀ ਹੈ।

ਉਨ੍ਹਾਂ ਪੰਜਾਬ ਦੀ ਹੋਂਦ ਬਚਾਉਣ ਅਤੇ ਮੁੜ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ ਲਈ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਇਕਜੁੱਟ ਹੋ ਕੇ ਕਾਂਗਰਸ ਦਾ ਸਹਿਯੋਗ ਦੇਣ ਦਾ ਸੱਦਾ ਦਿੱਤਾ। ਇਸ ਮੌਕੇ ਫਿਲੌਰ ਹਲਕੇ ਦੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਆਸਟਰੇਲੀਆ ਕਾਂਗਰਸ ਪਾਰਟੀ ਦੇ ਅਹੁਦੇਦਾਰ ਤੇ ਸਹਿਯੋਗੀ ਆਗੂਆਂ ਲਖਵੀਰ ਸਿੰਘ ਤੂਰ, ਰਾਣਾ ਜੈ ਸਿੰਘ, ਸੁਨੀਲ ਭਾਟੀਆ, ਗਿੱਪੀ ਬਰਾੜ, ਜਗਤਾਰ ਸਿੰਘ ਨਾਗਰੀ, ਮਨੋਜ ਸ਼ੇਰੋਂ, ਸੁਖਬੀਰ ਸਿੰਘ ਸੰਧੂ ਵੱਲੋਂ ਬਾਜਵਾ ਤੇ ਵਿਧਾਇਕ ਚੌਧਰੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਗਾਜ਼ਾ: ਇਜ਼ਰਾਇਲੀ ਹਮਲੇ 'ਚ 20 ਤੋਂ ਵੱਧ ਫ਼ਲਸਤੀਨੀ ਹਲਾਕ

**ਦੀਰ ਅਲ-ਬਲਾਹ , 6 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਇਜ਼ਰਾਇਲੀ ਫ਼ੌਜ ਨੇ ਅੱਜ ਗਾਜ਼ਾ ਪੱਟੀ ਵਿੱਚ ਭੋਜਨ ਦੀ ਤਲਾਸ਼ ਵਿੱਚ ਨਿਕਲੇ ਘੱਟ ਤੋਂ ਘੱਟ 23 ਫਲਸਤੀਨੀਆਂ ਦੀ ਹੱਤਿਆ ਕਰ ਦਿੱਤੀ। ਹਸਪਤਾਲ ਦੇ ਅਧਿਕਾਰੀਆਂ ਤੇ ਚਸ਼ਮਦੀਦਾਂ ਅਨੁਸਾਰ ਕੁਪੋਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਧਣ ਦੌਰਾਨ ਸਹਾਇਤਾ ਵੰਡ ਕੇਂਦਰਾਂ ਨੇੜੇ ਇਕੱਠੀ ਹੋਈ ਭੁੱਖੀ ਭੀੜ 'ਤੇ ਇਜ਼ਰਾਇਲੀ ਫੌਜ ਨੇ ਗੋਲੀਆਂ ਚਲਾ ਦਿੱਤੀਆਂ।

20 ਲੱਖ ਤੋਂ ਵੱਧ ਦੀ ਆਬਾਦੀ ਵਾਲੇ ਫਲਸਤੀਨੀ ਖੇਤਰ ਵਿੱਚ ਨਿਰਾਸ਼ਾ ਦਾ ਮਾਹੌਲ ਹੈ। ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਜ਼ਰਾਈਲ ਵੱਲੋਂ ਕੀਤੀ ਨਾਕਾਬੰਦੀ ਅਤੇ ਲਗਪਗ ਦੋ ਸਾਲ ਤੋਂ ਜਾਰੀ ਜੰਗ ਕਾਰਨ ਇਸ ਖੇਤਰ ਵਿੱਚ ਅਕਾਲ ਪੈਣ ਦਾ ਖ਼ਤਰਾ ਹੈ।

ਖ਼ੁਰਾਕੀ ਵੰਡ ਕੇਂਦਰ ਵੱਲ ਜਾ ਰਹੀ ਭੀੜ ਵਿੱਚ ਸ਼ਾਮਲ ਯੂਸਫ਼ ਆਬੇਦ ਨੇ ਦੱਸਿਆ ਕਿ ਉਹ ਅੰਨ੍ਹੇਵਾਹ ਗੋਲੀਬਾਰੀ ਦੀ ਲਪੇਟ ਵਿੱਚ ਆ ਗਿਆ। ਉਸਨੇ ਆਲੇ-ਦੁਆਲੇ ਦੇਖਿਆ ਤਾਂ ਜ਼ਮੀਨ 'ਤੇ ਘੱਟੋ-ਘੱਟ ਤਿੰਨ ਜਣੇ ਖ਼ੂਨ ਨਾਲ ਲਥਪਥ ਪਏ ਸਨ। ਉਸ ਨੇ ਕਿਹਾ, "ਗੋਲੀਆਂ ਚੱਲਣ ਕਾਰਨ ਮੈਂ ਉਨ੍ਹਾਂ ਦੀ ਮਦਦ ਨਹੀਂ ਕਰ ਸਕਿਆ।" ਦੱਖਣੀ ਗਾਜ਼ਾ ਦੇ ਨਾਸੇਰ ਹਸਪਤਾਲ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਸਹਾਇਤਾ ਵੰਡ ਕੇਂਦਰਾਂ ਨੇੜਿਓਂ ਲਾਸ਼ਾਂ ਬਰਾਮਦ ਕੀਤੀਆਂ ਹਨ। ਅੱਠ ਲਾਸ਼ਾਂ ਤੇਨਾ ਨੇੜਿਓਂ ਮਿਲੀਆਂ ਹਨ ਜੋ ਖਾਨ ਯੂਨਿਸ ਸਥਿਤ ਇੱਕ ਸਹਾਇਤਾ ਵੰਡ ਕੇਂਦਰ ਤੋਂ ਲਗਪਗ ਤਿੰਨ ਕਿਲੋਮੀਟਰ ਦੂਰ ਹੈ। ਇਹ ਕੇਂਦਰ ਗਾਜ਼ਾ ਮਾਨਵਤਾਵਾਦੀ ਫਾਊਂਡੇਸ਼ਨ ਵੱਲੋਂ ਚਲਾਇਆ ਜਾਂਦਾ ਹੈ, ਜੋ ਅਮਰੀਕੀ ਤੇ ਇਜ਼ਰਾਇਲੀ ਸਮਰੱਥਾ ਪ੍ਰਾਪਤ ਸੰਸਥਾ ਹੈ । ਹਸਪਤਾਲ ਨੂੰ ਰਾਫਾਹ ਵਿੱਚ ਇੱਕ ਵੱਖਰੀ ਗਾਜ਼ਾ ਮਾਨਵਤਾਵਾਦੀ ਫਾਊਂਡੇਸ਼ਨ ਦੇ ਕੇਂਦਰ ਤੋਂ ਸੈਂਕੜੇ ਮੀਟਰ ਉੱਤਰ ਵਿੱਚ ਸਥਿਤ ਸ਼ਾਕੋਸ਼ ਖੇਤਰ ਵਿੱਚੋਂ ਵੀ ਇੱਕ ਲਾਸ਼ ਮਿਲੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੋਰਾਗ ਕੌਰੀਡੋਰ ਦੇ ਨੇੜੇ ਫੌਜ ਵੱਲੋਂ ਨੌਂ ਹੋਰ ਵਿਅਕਤੀਆਂ ਦੀ ਵੀ ਹੱਤਿਆ ਕਰ ਦਿੱਤੀ ਗਈ। ਉਹ ਇਜ਼ਰਾਇਲੀ ਸਰਹੱਦ ਪਾਰ ਕਰ ਕੇ ਗਾਜ਼ਾ ਵਿੱਚ ਦਾਖ਼ਲ ਹੋਣ ਵਾਲੇ ਟਰੱਕਾਂ ਦੀ ਉਡੀਕ ਕਰ ਰਹੇ ਸਨ।

# ਸੱਭਿਆਚਾਰ 'ਤੇ ਭਾਰੀ ਪੈ ਰਹੀ ਲੱਚਰ ਗਾਇਕੀ



ਜੀਤ ਹਰਜੀਤ

ਇਕ ਸਮਾਂ ਸੀ ਜਦੋਂ ਹਰ ਪੰਜਾਬੀ ਗੀਤ ਵਿੱਚੋਂ ਸੱਭਿਆਚਾਰ ਦੀ ਝਲਕ ਪੈਂਦੀ ਸੀ। ਗਾਉਣ ਵਾਲੇ ਇਸ ਗੱਲ ਦਾ ਧਿਆਨ ਖ਼ਾਸ ਰੱਖਦੇ ਸੀ ਕਿ ਕੋਈ ਐਸਾ ਸ਼ਬਦ ਨਾ ਗਾਇਆ ਜਾਵੇ ਜੋ ਸਾਨੂੰ ਜਾਂ ਸਾਡੇ ਪਰਿਵਾਰ ਨੂੰ ਸ਼ਰਮਿੰਦਾ ਕਰੇ। ਉਨ੍ਹਾਂ ਵੇਲਿਆਂ ਵਿਚ ਸਰੋਤੇ ਵੀ ਬਹੁਤ ਉੱਚੀ ਸੋਚ ਵਾਲੇ ਹੁੰਦੇ ਸਨ, ਉਹ ਲੱਚਰ ਗੀਤਾਂ ਨੂੰ ਮੂੰਹ ਨਹੀਂ ਲਾਉਂਦੇ ਸਨ ਜਿਸ ਕਰਕੇ ਕੋਈ ਗਾਉਣ ਵਾਲਾ ਲੱਚਰ ਗਾਉਣ ਦੀ ਜ਼ੁਰਅਤ ਨਹੀਂ ਕਰਦਾ ਸੀ। ਉਦੋਂ ਜਾਗਦੀ ਜ਼ਮੀਰ ਵਾਲੇ ਸਰੋਤਿਆਂ ਦੇ ਡਰ ਕਾਰਨ ਕੋਈ ਵੀ ਗਾਇਕ ਸੱਭਿਆਚਾਰ ਦੇ ਦਾਇਰੇ ਤੋਂ ਬਾਹਰ ਹੋ ਕੇ ਨਹੀਂ ਗਾ ਸਕਦਾ ਸੀ। ਹੁਣ ਸਮਾਂ ਬਦਲ ਗਿਆ ਹੈ। ਗਾਇਕ ਸ਼ਰੇਆਮ ਅੱਜ ਸਾਡੇ ਸੱਭਿਆਚਾਰ ਨੂੰ ਲੱਚਰ ਸ਼ਬਦਾਵਲੀ ਅਤੇ ਘਟੀਆ ਫ਼ਿਲਮਾਂਕਣ ਕਾਰਨ ਗੰਦਾ ਕਰ ਰਹੇ ਹਨ।

***ਅੱਜਕੱਲ੍ਹ ਹਥਿਆਰਾਂ ਤੇ ਨਸ਼ਿਆਂ ਵਰਗੇ ਵਿਸ਼ਿਆਂ ਨੂੰ ਮੁੱਖ ਰੱਖਕੇ ਹੀ ਜ਼ਿਆਦਾ ਗੀਤ ਆ ਰਹੇ ਹਨ। ਇਨ੍ਹਾਂ ਗੀਤਾਂ ਨਾਲ ਪੰਜਾਬ ਦੇ ਅਮੀਰ ਸੱਭਿਆਚਾਰ ਦਾ ਬਹੁਤ ਨੁਕਸਾਨ ਹੋ ਰਿਹਾ ਹੈ ਅਤੇ ਸਾਡੀ ਨੌਜਵਾਨ ਪੀੜ੍ਹੀ ਵੀ ਆਪਣੇ ਰਸਤੇ ਤੋਂ ਭਟਕਦੀ ਜਾ ਰਹੀ ਹੈ...***

ਅੱਜ ਕਿੱਧਰੇ ਵੀ ਗੀਤਾਂ ਵਿਚ ਕੁੜੀਆਂ ਦੇ ਦੁਪੱਟਿਆਂ ਦੀਆਂ ਗੱਲਾਂ, ਸੂਟ ਉੱਤੇ ਸੋਹਣੀ ਕਢਾਈ ਦੀਆਂ ਗੱਲਾਂ ਨਹੀਂ ਹੁੰਦੀਆਂ ਸਗੋਂ ਕੁੜੀ ਲੱਚਰ ਗੀਤਾਂ ਦਾ ਵਿਸ਼ਾ ਬਣਕੇ ਰਹਿ ਗਈਆਂ ਹਨ। ਗੱਭਰੂਆਂ ਦੇ ਗੀਤ ਵੀ ਬੜੇ ਹੀ ਹੋਸ਼ੇ ਪੈ ਗਏ ਹਨ। ਸੋਹਣੇ ਪੰਜਾਬ ਦੇ ਸੋਹਣੇ ਗੱਭਰੂ ਹੁਣ ਨਸ਼ਿਆਂ ਦੇ ਸੇਵਨ ਨਾਲ ਮਾਣ ਮਹਿਸੂਸ ਕਰਦੇ ਹਨ। ਹਥਿਆਰਾਂ ਅਤੇ ਲੜਾਈਆਂ ਦਾ ਜ਼ਿਕਰ ਇਨ੍ਹਾਂ ਦੇ ਗੀਤਾਂ ਦਾ ਮੁੱਖ ਵਿਸ਼ਾ ਬਣਕੇ ਰਹਿ ਗਿਆ ਹੈ। ਆਪਸੀ ਪਿਆਰ ਦੀਆਂ ਗੱਲਾਂ ਕਿਧਰੇ ਖੰਭ ਲਗਾਕੇ ਉੱਡ ਗਈਆਂ ਹਨ। ਅਜੋਕੀ ਲੱਚਰ ਗਾਇਕੀ ਸਾਡੇ ਪੰਜਾਬੀ ਸੱਭਿਆਚਰ 'ਤੇ ਦਿਨੋਂ-ਦਿਨ ਭਾਰੀ ਪੈ ਰਹੀ ਹੈ। ਇਸ ਨਾਲ ਸਾਡੇ ਅਮੀਰ ਪੰਜਾਬੀ ਵਿਰਸੇ ਦਾ ਵੀ ਨੁਕਸਾਨ ਹੋ ਰਿਹਾ ਹੈ।

## ਟੀਵੀ ਕਾਰਨ ਵਧੀ ਲੱਚਰਤਾ

ਜਿਵੇਂ-ਜਿਵੇਂ ਪੱਛਮੀਂ ਸੱਭਿਅਤਾ ਦਾ ਪ੍ਰਭਾਵ ਸਾਡੇ ਟੀਵੀ ਚੈਨਲਾਂ 'ਤੇ ਪਿਆ ਅਸੀਂ ਦਿਨੋਂ-ਦਿਨ ਇਸ ਦੇ ਗੁਲਾਮ ਹੁੰਦੇ ਗਏ ਅਤੇ ਸਾਡਾ ਸੱਭਿਆਚਾਰ ਨਿਘਾਰ ਵੱਲ ਜਾਣਾ ਸ਼ੁਰੂ ਹੋ ਗਿਆ। ਇਨ੍ਹਾਂ ਚੈਨਲਾਂ ਨੇ ਸਭ ਤੋਂ ਪਹਿਲਾਂ ਸ਼ਹਿਰਾਂ ਨੂੰ ਆਪਣੀ ਚੁੰਗਲ ਵਿਚ ਲਿਆ ਤੇ ਫਿਰ ਹੌਲੀ-ਹੌਲੀ ਦਰਸ਼ਕਾਂ ਅੱਗੇ ਪੱਛਮੀਂ ਸੱਭਿਅਤਾ ਦਾ ਪਹਿਰਾਵਾ ਤੇ ਬੋਲ-ਬਾਣੀ ਪਰੋਸਣੀ ਸ਼ੁਰੂ ਕਰ ਦਿੱਤੀ। ਪਹਿਲੋਂ-ਪਹਿਲ ਇਨ੍ਹਾਂ ਚੈਨਲਾਂ ਨੂੰ ਪਰਿਵਾਰ ਦੇ ਕੁਝ ਮੈਂਬਰ ਲੁੱਕ-ਛਿਪ ਕੇ ਵੇਖਦੇ ਸਨ ਪਰ ਫਿਰ ਉਹ ਹੌਲੀ -ਹੌਲੀ ਬੱਚਿਆਂ ਦੇ ਨਾਲ ਵੀ ਵੇਖਣ ਲਈ ਮਜ਼ਬੂਰ ਹੋ ਗਏ। ਦਿਨ ਪ੍ਰਤੀ ਦਿਨ ਇਨ੍ਹਾਂ ਟੀਵੀ ਚੈਨਲਾਂ ਨੇ ਸਾਨੂੰ ਬੁਰਾ ਵੇਖਣ, ਬੁਰਾ ਸੁਣਨ ਲਈ ਮਜ਼ਬੂਰ ਕਰ ਦਿੱਤਾ। ਸ਼ਹਿਰਾਂ ਤੋਂ ਬਾਅਦ ਫਿਰ ਇਸ ਪੱਛਮੀਂ ਕਲਚਰ ਨੇ ਪਿੰਡਾਂ ਵੱਲ ਵੀ ਰੁਖ਼ ਕਰ ਲਿਆ। ਕਦੇ ਸਮਾਂ ਸੀ ਪਿੰਡਾਂ ਵਿਚਲੇ ਕਈ-ਕਈ ਘਰਾਂ ਵਿਚ ਇੱਕੋ ਸਾਂਝਾ ਟੈਲੀਵਿਜ਼ਨ ਹੁੰਦਾ ਸੀ ਜਿਸ 'ਤੇ ਹੀ ਪੂਰਾ ਪਰਿਵਾਰ ਪ੍ਰੋਗਰਾਮ ਵੇਖਦਾ ਸੀ।

ਉਨ੍ਹਾਂ ਸਮਿਆਂ ਵਿਚ ਅਨਟੀਨਾਂ ਚੈਨਲ ਡੀਡੀ ਵਨ ਜਾਂ ਡੀਡੀ ਪੰਜਾਬੀ ਚਲਦਾ ਸੀ। ਇਹ ਦੋਨੋਂ ਚੈਨਲ ਹਮੇਸ਼ਾ ਸੱਭਿਅਚਾਰ ਦੀ ਬਾਤ ਪਾਉਂਦੇ ਸਨ। ਫਿਰ ਸਮੇਂ ਨੇ ਆਪਣਾ ਰੰਗ ਵਿਖਾਇਆ ਤਾਂ ਪਿੰਡਾਂ ਨੂੰ ਵੀ ਸ਼ਹਿਰਾਂ ਵਾਲਾ ਬੁਖ਼ਾਰ ਚੜ੍ਹਨ ਲੱਗਿਆ। ਵੱਖੋਂ-ਵੱਖਰੇ ਕਮਰੇ ਹੋ ਗਏ। ਅਲੱਗ-ਅਲੱਗ ਟੀਵੀ ਹੋ ਗਏ। ਕੇਬਲਾਂ ਵਾਲਿਆਂ ਨੇ ਵੀ ਫਿਰ ਪਿੰਡਾਂ ਵੱਲ ਮੂੰਹ ਕਰ ਲਿਆ। ਬਸ ਫਿਰ ਤਾਂ ਅਣਗਿਣਤ ਚੈਨਲਾਂ ਦੀ ਭਰਮਾਰ ਨੇ ਲੋਕਾਂ ਨੂੰ ਦਿਨ ਪ੍ਰਤੀ ਦਿਨ ਵਿਰਸੇ ਤੋਂ ਦੂਰ ਕਰਨ ਦਾ ਹੀ ਕੰਮ ਕੀਤਾ। ਨਵੀਂ ਪੀੜ੍ਹੀ ਨੇ ਪੱਛਮੀ ਸੱਭਿਅਤਾ ਨੂੰ ਹੱਸਕੇ ਅਪਣਾਇਆ ਤੇ ਉਨ੍ਹਾਂ ਦੇ ਮਨਾਂ ਵਿਚੋਂ ਸਾਡੀ ਅਸਲ ਵਿਰਾਸਤ ਪੰਜਾਬੀ ਸੱਭਿਆਚਾਰ ਅੱਖੀਂ ਵੇਖਦੇ-ਵੇਖਦੇ ਹੀ ਗਾਇਬ ਹੋ ਗਿਆ। ਇਹ ਪੱਛਮੀ ਰੰਗ ਸਾਡੇ ਪੰਜਾਬੀ ਗੀਤ ਸੰਗੀਤ 'ਤੇ ਵੀ ਭਾਰੂ ਪੈ ਗਿਆ। ਅੱਜੇ ਦੇ ਪੰਜਾਬੀ ਗੀਤ ਦੀਆਂ ਵੀਡੀਓ ਵਿਚ ਪੱਛਮੀ ਸੱਭਿਆਚਾਰ ਦੇ ਰੰਗ ਨੂੰ ਆਮ ਵੇਖਿਆ ਜਾ ਸਕਦਾ ਹੈ। ਅੱਜ ਅਸੀਂ ਆਪਣੇ ਜਵਾਨ ਧੀਆਂ-ਪੁੱਤਰਾਂ ਨਾਲ ਸ਼ਰੇਆਮ ਬੈਠ ਕੇ ਟੀਵੀ 'ਤੇ ਇਹ ਮਾੜੇ ਗੀਤ ਵੇਖਦੇ ਤੇ ਸੁਣਦੇ ਹਾਂ। ਅੱਜ ਸਾਨੂੰ ਇਹ ਸਭ ਅਜੀਬ ਨਹੀਂ ਲਗਦਾ ਕਿਉਂਕਿ ਉਨ੍ਹਾਂ ਨੇ ਸਾਡੀ ਮਾਨਕਿਸਤਾ ਨੂੰ ਬਦਲ ਦਿੱਤਾ ਹੈ। ਹੁਣ ਤੁਸੀਂ ਖ਼ੁਦ ਸੋਚੋ ਇਸ ਬੁਰਾ ਦੇਖਣ, ਬੁਰਾ ਸੁਣਨ ਦੇ ਦੌਰ ਵਿਚ ਪੈਦਾ ਹੋ ਰਹੀ ਨਵੀਂ ਪੀੜ੍ਹੀ ਫਿਰ ਭਲਾਂ ਚੰਗੇ ਨੂੰ ਪਹਿਲ ਕਿਸ ਤਰ੍ਹਾਂ ਦੇ ਸਕਦੀ ਹੈ।

## ਨੌਜਵਾਨ ਪੀੜ੍ਹੀ ਦਾ ਰਾਹੋਂ ਭਟਕਣਾ

ਗਿੱਧਿਆਂ ਦੀ ਰਾਣੀ ਆਖੀ ਜਾਣ ਵਾਲੀ ਪੰਜਾਬਣ ਮੁਟਿਆਰ ਜਿਸ ਦੇ ਪੰਜਾਬੀ ਪਹਿਰਾਵੇ ਦੀ ਚਰਚਾ ਪੂਰੀ ਦੁਨੀਆ ਵਿਚ ਹੁੰਦੀ ਸੀ ਪਤਾ ਨਹੀਂ ਕਿਉਂ ਅੱਜ ਗੋਡਿਆਂ ਤੋਂ ਪਾਟੀਆਂ ਜੀਨਾਂ ਅਤੇ ਵਿੰਗੇ-ਟੇਢੇ ਜਿਹੇ ਟੌਪ ਪਾ ਕੇ ਜ਼ਿਆਦਾ ਸੋਹਣੀ ਦਿਸਣ ਦਾ ਭਰਮ ਪਾਲ਼ ਬੈਠੀ ਹੈ। ਇਸ ਸਭ ਪਿੱਛੇ ਕਿਤੇ ਨਾ ਕਿਤੇ ਪੰਜਾਬੀ ਗਾਇਕੀ ਵੀ ਵੀ ਜ਼ਿੰਮੇਵਾਰ ਹੈ। ਭੰਗੜੇ ਨਾਲ ਦੁਨੀਆ ਨੂੰ ਝੂਮਣ ਲਾਉਣ ਵਾਲਾ ਤੇ ਆਪਸੀ ਭਾਈਚਾਰੇ ਅਤੇ ਪਿਆਰ ਦੇ ਜ਼ਰੀਏ ਪੂਰੀ ਦੁਨੀਆਂ ਵਿਚ ਸਤਿਕਾਰਿਆ ਜਾਣ ਵਾਲਾ ਮੇਰੇ ਸੋਹਣੇ ਪੰਜਾਬ ਦੇ ਗੱਭਰੂ ਵੀ ਪਤਾ ਨਹੀਂ ਕਿਉਂ ਅੱਜ ਹੱਥ ਵਿਚ ਹਥਿਆਰ ਹੋਣ ਨੂੰ ਹੀ ਆਪਣੀ ਸ਼ਾਨ ਸਮਝਦੇ ਹਨ। ਕੁਰਾਹੇ ਪਏ ਪੰਜਾਬੀ ਗੱਭਰੂਆਂ ਅਤੇ ਮੁਟਿਆਰਾਂ ਨੂੰ ਆਪਣੇ ਅਮੀਰ ਸੱਭਿਆਚਾਰ ਨੂੰ ਜਾਣਨ ਅਤੇ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਉਸ ਦੀ ਸਲਾਮਤੀ ਲਈ ਲੋੜੀਂਦੇ ਉੱਦਮ ਕਰਨੇ ਚਾਹੀਦੇ ਹਨ। ਸਾਨੂੰ ਆਪਣੇ ਗੀਤ-ਸੰਗੀਤ 'ਤੇ ਧਿਆਨ ਦੇਣ ਦੀ ਲੋੜ ਹੈ। ਅਜੋਕੀ ਗਾਇਕੀ ਸਾਡੇ ਸੱਭਿਆਚਾਰ ਦਾ ਬਹੁਤ ਤੇਜ਼ੀ ਨਾਲ ਨੁਕਸਾਨ ਕਰ ਰਹੀ ਹੈ। ਮੈਂ ਤਾਂ ਆਖ਼ੀਰ ਵਿਚ ਇਹ ਹੀ ਕਹਿਣਾ ਚਾਹਾਂਗਾ ਕਿ ਪੰਜਾਬੀਓ ! ਆਪਣੇ ਪੰਜਾਬੀ ਸੰਗੀਤ ਤੇ ਸੱਭਿਆਚਾਰ ਨੂੰ ਸੰਭਾਲ ਲਓ। • 97816-77772

## ਪੱਛਮੀ ਸੱਭਿਆਚਾਰ ਹੋਇਆ ਭਾਰੂ

*ਪੱਛਮੀਂ ਸੱਭਿਆਚਾਰ ਦਾ ਸਿੱਟਾ ਅਤੇ ਸਾਡਾ ਦੁਖਾਂਤ ਇਹ ਹੈ ਕਿ ਅੱਜ ਸਾਡੇ ਸੱਭਿਆਚਾਰ ਦੀ ਅਮੀਰੀ ਦਾ ਬਾਤ ਪਾਉਣ ਵਾਲੇ ਬਹੁਤੇ ਕਲਾਕਾਰ ਭੁੱਖੇ ਮਰ ਰਹੇ ਹਨ। ਅਸੀਂ ਲੱਚਰ ਗੀਤਾਂ ਨੂੰ ਪੇਸ਼ ਕਰਨ ਵਾਲਿਆਂ ਅਤੇ ਸਾਡੇ ਸਾਹਮਣੇ ਘੱਟ ਕੱਪੜਿਆਂ ਵਾਲੇ ਗੀਤ ਵੀਡੀਓ ਪਰੋਸਣ ਵਾਲਿਆਂ ਨੂੰ ਲੱਖਾਂ ਰੁਪਏ ਦੇ ਕੇ ਵਿਆਹਾਂ-ਸ਼ਾਦੀਆਂ ਅਤੇ ਕਾਲਜਾਂ ਦੇ ਸਮਾਗਮਾਂ 'ਤੇ ਸੱਦਾ ਦਿੰਦੇ ਹਾਂ। ਇਹ ਬਹੁਤ ਹੀ ਸ਼ਰਮ ਦੀ ਗੱਲ ਹੈ, ਕਿਉਂਕਿ ਇਹ ਸਭ ਕਰਨ ਦੇ ਬਾਵਜੂਦ ਵੀ ਅਸੀਂ ਆਪਣੇ-ਆਪ ਨੂੰ ਪੰਜਾਬੀ ਸੱਭਿਅਚਾਰ ਦੇ ਪਹਿਰੇਦਾਰ ਦੱਸਦੇ ਹਾਂ। ਇਕ ਵਿਦਵਾਨ ਦੀ ਗੱਲ ਮੈਨੂੰ ਬਹੁਤ ਗੰਭੀਰ ਸੋਚਾਂ ਸੋਚਣ ਲਈ ਮਜਬੂਰ ਕਰ ਦਿੰਦੀ ਹੈ ਉਹ ਕਹਿੰਦਾ ਹੈ ਕਿ ਜਦੋਂ ਵੀ ਕਿਸੇ ਦੇਸ਼ ਨੂੰ ਗੁਲਾਮ ਬਣਾਇਆ ਜਾਂਦਾ ਹੈ ਤਾਂ ਸਭ ਤੋਂ ਪਹਿਲਾ ਹਮਲਾ ਉਸ ਦੇਸ਼ ਦੀ ਵਿਰਾਸਤ ਤੇ ਸੱਭਿਆਚਾਰ 'ਤੇ ਕੀਤਾ ਜਾਂਦਾ ਹੈ। ਕਿਉਂਕਿ ਜਿਸ ਦੇਸ਼ ਦੇ ਬਾਸ਼ਿੰਦਿਆਂ ਨੇ ਆਪਣੀ ਵਿਰਾਸਤ ਵਿਸਾਰ ਦਿੱਤੀ ਉਥੋਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਿਹੜੇ ਮਰਜ਼ੀ ਰਾਹ ਲੈ ਜਇਓ ਉਹ ਬਿਨਾਂ ਕੁਝ ਪੁੱਛੇ ਉਸੇ ਰਾਹ 'ਤੇ ਤੁਰ ਪੈਣਗੇ। ਸੱਚ ਆਖਾਂ ਤਾਂ ਅੱਜ ਉਹ ਹੀ ਹੋ ਰਿਹਾ ਹੈ, ਸਾਡੀ ਨਵੀਂ ਪੀੜ੍ਹੀ ਨੂੰ ਮਾਤ ਭਾਸ਼ਾ ਬਾਰੇ ਕੋਈ ਖ਼ਾਸ ਗਿਆਨ ਨਹੀਂ ਰਿਹਾ ਕਿਉਂਕਿ ਉਹ ਅੰਗਰੇਜ਼ਾਂ ਦੀ ਭਾਸ਼ਾ ਅੰਗਰੇਜ਼ੀ ਬੋਲਣ ਅਤੇ ਪੜ੍ਹਨ ਵਿਚ ਮਾਣ ਮਹਿਸੂਸ ਕਰਦੇ ਹਨ। ਪ੍ਰਾਈਵੇਟ ਸਕੂਲਾਂ ਦੀਆਂ ਦਿਨ ਪ੍ਰਤੀ ਦਿਨ ਉਸਰਦੀਆਂ ਉੱਚੀਆਂ ਇਮਾਰਤਾਂ ਪੰਜਾਬੀ-ਮਾਂ ਬੋਲੀ ਦਾ ਗਲਾ ਘੁੱਟ ਰਹੀਆਂ ਹਨ। ਇਨ੍ਹਾਂ ਸਕੂਲਾਂ ਨੇ ਮਾਪਿਆਂ ਨੂੰ ਵੀ ਇਸ ਖ਼ਿਆਲ ਵਿਚ ਉਲਝਾ ਲਿਆ ਹੈ ਕਿ ਜੇ ਤੁਹਾਡਾ ਬੱਚਾ ਇੰਗਲਿਸ਼ ਨਹੀਂ ਸਿੱਖੇਗਾ ਤਾਂ ਉਹ ਬਹੁਤ ਪਿੱਛੇ ਰਹਿ ਜਾਣਗੇ। ਇਨ੍ਹਾਂ ਬੱਚਿਆਂ ਦੇ ਮਾਪੇ 'ਜੀ ਹਜ਼ੂਰ' ਕਹਿਣ ਲਈ ਮਜਬੂਰ ਹਨ। ਸੱਚ ਆਖਾਂ ਤਾਂ ਹਰ ਪਾਸੋਂ ਅੱਜ ਸਾਨੂੰ ਘੇਰਿਆ ਜਾ ਰਿਹਾ ਹੈ। ਅੱਜ ਸਾਡੇ ਨਵੇਂ ਆ ਰਹੇ ਪੰਜਾਬੀ ਗੀਤਾਂ 'ਚ ਵੀ ਪੰਜਾਬੀ ਨਾਲੋਂ ਜ਼ਿਆਦਾ ਅੰਗਰੇਜ਼ੀ ਦੇ ਅੱਖਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜੋਕੇ ਗੀਤਾਂ 'ਚ ਸੱਭਿਆਚਾਰ ਨਾਲ ਜੁੜੀਆਂ ਚੀਜ਼ਾਂ ਦਾ ਜ਼ਿਕਰ ਜਿਵੇਂ ਫੁਲਕਾਰੀ, ਪੀਂਘਾਂ, ਪੰਜਾਬੀ ਸੂਟ, ਖੂਹਾਂ ਤੇ ਸੱਥਾਂ ਆਦਿ ਕਿਤੇ ਸੁਣਨ ਤੇ ਵੇਖਣ ਨੂੰ ਨਹੀਂ ਮਿਲਦਾ। ਸਾਡੇ ਅਮੀਰ ਪੰਜਾਬੀ ਸੱਭਿਆਚਾਰ ਦੀ ਕਹਾਣੀ ਨੂੰ ਪੇਸ਼ ਕਰਦੀਆਂ ਚੀਜ਼ਾਂ ਨੂੰ ਤਾਂ ਅਜੋਕੇ ਗਾਇਕ ਜਿਵੇਂ ਭੁੱਲ ਹੀ ਗਏ ਹਨ। ਬਹੁਤ ਘੱਟ ਗਾਇਕ ਹਨ ਜੋ ਅੱਜ ਵੀ ਪੰਜਾਬੀ ਵਿਰਸੇ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ।*

# ਮਿਹਨਤ ਮੇਰਾ ਗਹਿਣਾ

## ਸੀਮਾ ਕੌਸ਼ਲ



ਕਾਲਾ ਸਿੰਘ ਸੈਣੀ

ਅਦਾਕਾਰਾ ਸੀਮਾ ਕੌਸ਼ਲ ਉਨ੍ਹਾਂ ਪ੍ਰਤਿਭਾਵਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਸਿਦਕਦਿਲੀ ਨਾਲ ਅਭਿਨੈ ਖੇਤਰ 'ਚ ਕਦਮ ਰੱਖਿਆ ਅਤੇ ਅਦਾਕਾਰੀ ਨੂੰ ਅੱਗੇ ਵਧਾਇਆ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਬਾਹਮਣ ਵਾਲਾ (ਭਗਵਾਨ ਪੁਰਾ) ਦੀ ਜੰਮਪਲ ਪਿਤਾ ਮਾਸਟਰ ਸਾਧੂ ਰਾਮ ਰਿਸ਼ੀ ਦੀ ਲਾਡਲੀ ਧੀ ਸੀਮਾ ਕੌਸ਼ਲ ਨੂੰ ਐਕਟਿੰਗ ਦਾ ਸ਼ੌਕ ਸਕੂਲ ਸਮੇਂ ਤੋਂ ਹੀ ਸੀ। ਹਾਲ ਹੀ 'ਚ ਰਿਲੀਜ਼ ਹੋਈਆਂ ਪੰਜਾਬੀ ਫਿਲਮਾਂ 'ਦਾਣਾ ਪਾਣੀ', 'ਆਸੀਸ', 'ਨਨਕਾਣਾ', 'ਵਧਾਈਆਂ ਜੀ ਵਧਾਈਆਂ' ਅਤੇ ਹਿੰਦੀ ਫਿਲਮ 'ਸੂਰਮਾ', ਨੂੰ ਮਿਲੀ ਭਰਪੂਰ ਸਫਲਤਾ ਤੋਂ ਉਤਸਾਹਿਤ ਸੀਮਾ ਕੌਸ਼ਲ ਨੇ ਦੱਸਿਆ ਕਿ ਰੰਗਮੰਚ, ਆਕਾਸ਼ਬਾਣੀ ਰੇਡਿਓ ਅਤੇ ਦੂਰਦਰਸ਼ਨ 'ਤੇ ਕੰਮ ਕਰਨ ਦੇ ਜ਼ਰੀਏ ਫਿਲਮਾਂ 'ਚ ਅਭਿਨੈ ਕਰਨਾ ਉਸ ਲਈ ਹੋਰ ਵੀ ਸੁਖਾਲਾ ਹੋਇਆ ਗਿਆ ਹੈ। ਆਲ ਇੰਡੀਆ ਰੇਡਿਓ ਜ਼ਰੀਏ ਅਦਾਕਾਰਾ ਸੀਮਾ ਕੌਸ਼ਲ ਨੇ ਆਪਣੇ ਅਦਾਕਾਰੀ ਸਫ਼ਰ ਦੀ ਸ਼ੁਰੂਆਤ ਨਿਰਮਾਤਾ ਵਿਨੋਦ ਧੀਰ ਨਾਲ ਕੀਤੀ ਹੈ। ਉਸ ਤੋਂ ਬਾਅਦ ਨਿਰਮਾਤਾ ਪੁਨੀਤ ਸਹਿਗਲ ਨਾਲ ਆਲ ਇੰਡੀਆ ਰੇਡਿਓ ਤੇ 'ਪ੍ਰਤਾਪੀ', 'ਜੰਗ ਜਾਂ ਅਮਨ', 'ਸਰਾਫੀਆਂ ਰੂਹਾਂ', 'ਰੂਹ ਪੰਜਾਬ ਦੀ' ਆਦਿ ਨਾਟਕਾਂ ਤੋਂ ਬਾਅਦ ਉਸ ਨੇ ਦੂਰਦਰਸ਼ਨ 'ਤੇ ਪ੍ਰਸਾਰਿਤ ਹੋਏ ਅਨੇਕਾਂ ਲੜੀਵਾਰ ਕੀਤੇ।

ਸੀਮਾ ਨੇ ਦੱਸਿਆ ਕਿ ਲੜੀਵਾਰ 'ਭਾਗਾਂ ਵਾਲਿਆ' 'ਚ ਪਾਗਲ ਔਰਤ ਦਾ ਕਿਰਦਾਰ ਅਤੇ 'ਇਹ ਕਿਹੀ ਰੁਤ ਆਈ' ਵਿਚ ਪਾਲੋ ਦਾ ਕਿਰਦਾਰ ਨਿਭਾਕੇ ਉਸ ਨੂੰ ਬਹੁਤ ਚੰਗਾ ਲੱਗਿਆ। ਛੋਟੇ ਪਰਦੇ ਲਈ ਅਦਾਕਾਰਾ ਸੀਮਾ ਨੇ ਵੱਖ-ਵੱਖ ਟੀਵੀ ਚੈਨਲਾਂ ਤੇ ਪ੍ਰਸਾਰਿਤ ਹੋਏ ਕਈ ਲੜੀਵਾਰਾਂ, ਟੈਲੀ ਫਿਲਮਾਂ ਅਤੇ ਪੰਜਾਬੀ ਗੀਤਾਂ ਦੇ ਸੰਗੀਤਕ ਵੀਡੀਓਜ਼ ਵਿਚ ਆਪਣੀ ਬਾਕਮਾਲ ਅਦਾਕਾਰੀ ਦਾ ਰੰਗ ਭਰਦੇ ਹੋਏ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਅੱਜ ਸੀਮਾ ਆਪਣੀ ਖ਼ੂਬਸੂਰਤ ਮੁਸਕਰਾਹਟ ਅਤੇ ਦਮਦਾਰ ਅਦਾਕਾਰੀ ਨਾਲ ਲੱਖਾਂ ਪੰਜਾਬੀ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰ ਰਹੀ। ਪਾਲੀਵੁੱਡ ਤੇ ਬਾਲੀਵੁੱਡ ਦੀ ਸਾਂਝੀ ਅਦਾਕਾਰਾ ਸੀਮਾ ਕੌਸ਼ਲ ਦੀ ਝੋਲੀ ਹਮੇਸ਼ਾਂ ਚੰਗੀਆਂ ਭੂਮਿਕਾਵਾਂ ਵਾਲੀਆਂ ਫਿਲਮਾਂ ਹੀ ਪਈਆਂ ਹਨ। ਆਪਣੀ ਕਾਮਯਾਬੀ ਬਾਰੇ ਸੀਮਾ ਨੇ ਕਿਹਾ ਕਿ ਉਹ ਕਲਾ ਦੇ ਖੇਤਰ ਵਿਚ ਉਨ੍ਹਾਂ ਤਜ਼ਰਬੇਕਾਰ ਨਿਰਦੇਸ਼ਕਾਂ ਦੀ ਬੇਹੱਦ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਸਦਕਾ ਉਹ ਅੱਜ ਇਸ ਮੁਕਾਮ 'ਤੇ ਪਹੁੰਚੀ ਹੈ। ਸੀਮਾ ਪੰਜਾਬੀ ਫਿਲਮ 'ਦਿਲਦਾਰਾ' ਵਿਚ ਬਾਲੀਵੁੱਡ ਦੇ ਸਟਾਰਜ਼ ਨਾਲ ਕੰਮ ਕਰਨ ਦਾ ਮਾਣ ਵੀ ਪ੍ਰਾਪਤ ਕਰ ਚੁੱਕੀ ਹੈ। ਓਦਾਂ ਸੀਮਾ ਹੁਣ ਤਕ 'ਦਿਲ ਆਪਣਾ ਪੰਜਾਬੀ', 'ਮੁੰਡੇ ਯੂਕੇ ਦੇ', 'ਇਕ ਕੁੜੀ ਪੰਜਾਬ ਦੀ', 'ਹਸ਼ਰ', 'ਕੈਰੀ ਔਨ ਜੱਟਾ', 'ਵਿਸਾਖੀ ਲੀਸਟ ', 'ਕਪਤਾਨ', 'ਅੰਬਰਸਰੀਏ', 'ਸਰਦਾਰ ਜੀ-2', 'ਪੰਜਾਬ 194', 'ਅਰਦਾਸ','ਮੰਜੇ ਬਿਸਤਰੇ' ਤੇ 'ਰੱਬ ਦਾ ਰੇਡਿਓ' ਵਰਗੀਆਂ 60-70 ਦੇ ਕਰੀਬ ਪੰਜਾਬੀ ਫਿਲਮਾਂ 'ਚ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕੀ ਹੈ।

ਉਹ ਆਪਣੀ ਕਲਾ ਦੇ ਸਿਰ 'ਤੇ ਹੀ ਅੱਜ ਪੰਜਾਬੀ ਫਿਲਮ ਇੰਡਸਟਰੀ ਦੇ ਚੰਗੇ ਕਲਾਕਾਰਾਂ ਦੀ ਸੂਚੀ ਵਿਚ ਆਪਣਾ ਨਾਂ ਦਰਜ ਕਰਵਾਉਣ 'ਚ ਕਾਮਯਾਬ ਹੋਈ ਹੈ। ਪੰਜਾਬੀ ਫਿਲਮਾਂ ਤੋਂ ਇਲਾਵਾ ਸੀਮਾ ਬਾਲੀਵੁੱਡ 'ਚ ਵੀ 'ਤੀਨ ਥੇ ਭਾਈ','ਲਵ ਸ਼ਵ ਤੇ ਚਿਕਨ ਖੁਰਾਨਾ' 'ਦੇਸੀ ਮੈਜ਼ਿਕ' ਤੇ 'ਦਿ ਰੈਲੀ' ਆਦਿ ਫਿਲਮਾਂ 'ਚ ਆਪਣੀ ਅਦਾਕਾਰੀ ਵਿਖਾ ਚੁੱਕੀ ਹੈ। ਪੰਜਾਬੀ ਫਿਲਮ ਇੰਡਸਟਰੀ ਵਿਚ ਇਸ ਵਕਤ ਸਰਗਰਮ ਅਦਾਕਾਰਾ ਸੀਮਾ ਕੌਸਲ਼ ਦਾ ਕਹਿਣਾ ਹੈ ਕਿ ਮਿਹਨਤ ਹੀ ਉਸ ਦਾ ਅਸਲ ਗਹਿਣਾ ਹੈ। ਮਿਹਨਤ ਨੇ ਹੀ ਉਸ ਨੂੰ ਸਫਲਤਾ ਦੀ ਸ਼ੋਹਰਤ ਦੇ ਸਿਖ਼ਰ 'ਤੇ ਪਹੁੰਚਾਇਆ ਹੈ। ਆਪਣੀ ਮੰਨ ਪਸੰਦ ਦੀ ਭੂਮਿਕਾ ਬਾਰੇ ਪੁੱਛੇ ਜਾਣ 'ਤੇ ਸੀਮਾ ਨੇ ਦੱਸਿਆ ਕਿ ਉਸ ਨੂੰ ਉਘੇ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਮਨਮੋਹਨ ਸਿੰਘ ਦੀ ਸੁਪਰਹਿੱਟ ਪੰਜਾਬੀ ਫਿਲਮ 'ਅਸਾਂ ਨੂੰ ਮਾਣ ਵਤਨਾਂ ਦਾ' 'ਚ ਆਪਣੀ ਮੰਨ ਪਸੰਦ ਭੂਮਿਕਾ ਨਿਭਾਉਣ ਨਾਲ ਬਹੁਤ ਖ਼ੁਸ਼ੀ ਮਿਲੀ। ਆਸ ਕਰਦੇ ਹਾਂ ਕਿ ਪੰਜਾਬੀ ਸਿਨੇਮਾ ਦੀ ਇਹ ਅਦਾਕਾਰਾ ਅੱਗੇ ਵੀ ਇਸੇ ਤਰ੍ਹਾਂ ਹੋਰ ਆਪਣੇ ਹੁਨਰ ਨਾਲ ਪੰਜਾਬੀ ਦਰਸ਼ਕਾਂ ਦਾ ਦਿਲ ਜਿੱਤਦੀ ਰਹੇਗੀ। •

99882-80386

# ਮਸ਼ਹੂਰ ਗੀਤਕਾਰ ਤੇ ਪੇਸ਼ਕਾਰ ਪ੍ਰੀਤ ਸੰਘਰੇੜੀ

***ਪ੍ਰੀਤ ਸੰਘਰੇੜੀ ਦੀ ਖ਼ਾਸੀਅਤ ਹੈ ਕਿ ਉਹ ਚੰਗਾ ਗੀਤਕਾਰ ਹੋਣ ਦੇ ਨਾਲ-ਨਾਲ ਇਕ ਚੰਗਾ ਸਾਹਿਤਕਾਰ ਵੀ ਹੈ। ਉਹ ਹੁਣ ਤਕ ਆਪਣੀਆਂ ਛੇ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ...***



ਮੁਹੰਮਦ ਬਸ਼ੀਰ

ਪੰਜਾਬ ਦਾ ਮਾਲਵਾ ਖੇਤਰ ਹਮੇਸ਼ਾ ਹੀ ਕਿਸੇ ਨਾ ਕਿਸੇ ਕਲਾਕਾਰ, ਗੀਤਕਾਰ ਆਦਿ ਰਾਹੀਂ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਅਨੇਕਾਂ ਕਲਾਕਾਰਾਂ, ਗੀਤਕਾਰਾਂ ਨੇ ਇਸ ਧਰਤੀ 'ਤੇ ਜਨਮ ਲੈ ਕੇ ਆਪਣੀ ਕਲਾ ਦੇ ਬਲਬੂਤੇ ਇਸ ਖੇਤਰ ਨਾਂ ਦੇਸ਼ਾਂ-ਵਿਦੇਸ਼ਾਂ ਵਿਚ ਚਮਕਾਇਆ ਹੈ। ਅੱਜ ਮੈਂ ਇਕ ਅਜਿਹੇ ਹੀ ਮਾਲਵੇ ਦੇ ਗੀਤਕਾਰ ਦੀ ਜ਼ਿੰਦਗੀ ਬਾਰੇ ਤੁਹਾਨੂੰ ਦੱਸਣ ਜਾ ਰਿਹਾ ਹਾਂ ਜੋ ਛੋਟੀ ਉਮਰ ਹੀ ਗੀਤਕਾਰੀ ਖੇਤਰ ਨਾਲ ਜੁੜ ਗਿਆ ਸੀ। ਕਈ ਪ੍ਰਸਿੱਧ ਪੰਜਾਬੀ ਗੀਤਾਂ ਦੀ ਰਚਨਾ ਕਰ ਚੁੱਕੇ ਇਸ ਗਾਇਕ ਦਾ ਨਾਂ ਹੈ ਪ੍ਰੀਤ ਸੰਘਰੇੜੀ। ਉਸ ਨੂੰ ਗੀਤ ਲਿਖਣ ਦਾ ਸ਼ੌਕ ਦਸਵੀਂ ਜਮਾਤ ਵਿਚ ਹੀ ਪੈ ਗਿਆ ਸੀ ਜਦੋਂ ਉਹ ਸ਼ਬਦਾ ਨੂੰ ਜੋੜ ਕੇ ਛੋਟੇ-ਛੋਟੇ ਮੁਖੜ੍ਹੇ ਬਣਾਇਆ ਕਰਦਾ ਸੀ ਤੇ ਫਿਰ ਉਹ ਇਨ੍ਹਾਂ ਮੁਖੜਿਆਂ ਨੂੰ ਇਕ ਗੀਤ ਦਾ ਰੂਪ ਦੇਣ ਲੱਗ ਪਿਆ। ਸ਼ੁਰੂਆਤੀ ਦਿਨਾਂ ਵਿਚ ਸੰਘਰਸ਼ ਕਰਦੇ ਸਮੇਂ ਇਸ ਗੀਤਕਾਰ ਨੇ ਜਨੂਨ ਦੀ ਹੱਦ ਤਕ ਜਾ ਕੇ ਮਿਹਨਤ ਕੀਤੀ ਅਤੇ ਖ਼ੁਦ ਉਸ ਸਮੇਂ ਦੇ ਨਾਮਵਰ ਕਲਾਕਾਰਾ ਤਕ ਆਪਣੀ ਪਹੁੰਚ ਕੀਤੀ। ਇਸ ਅਣਥੱਕ ਕੋਸ਼ਿਸ਼, ਮਿਹਨਤ ਅਤੇ ਪਰਮਾਤਮਾ ਦੀ ਮੇਹਰ ਸਦਕਾ ਹੀ ਅੱਜ ਪ੍ਰੀਤ ਸੰਘਰੇੜੀ ਇਕ ਮਸ਼ਹੂਰ ਗੀਤਕਾਰ ਤੇ ਪੇਸ਼ਕਾਰ ਬਣ ਚੁੱਕਾ ਹੈ।

ਅੱਜ ਦੀ ਤਾਰੀਕ ਵਿਚ ਪ੍ਰੀਤ ਪੰਜਾਬ ਦੀ ਮਿਊਜ਼ਿਕ ਇੰਡਸਟਰੀ ਵਿਚ ਆਪਣੀ ਨਿਵੇਕਲੀ ਥਾਂ ਬਣਾ ਚੁੱਕਾ ਹੈ। ਪੰਜਾਬੀ ਗੀਤ 'ਲਵਲੀ ਵਰਸਿਜ਼ ਪੀ ਯੂ' ਨਾਲ ਪ੍ਰਸਿੱਧੀ ਹਾਸਲ ਕਰਨ ਵਾਲੇ ਪ੍ਰੀਤ ਦਾ ਜਨਮ ਪਿੰਡ ਸੰਘਰੇੜੀ ਜ਼ਿਲ੍ਹਾ ਸੰਗਰੂਰ ਵਿਖੇ ਪਿਤਾ ਕਰਨੈਲ ਸਿੰਘ ਅਤੇ ਮਾਤਾ ਕਰਨੈਲ ਕੌਰ ਦੇ ਘਰ ਹੋਇਆ। ਲਗਭਗ 10-12 ਸਾਲਾਂ ਦੇ ਲੰਮੇ ਸੰਘਰਸ਼ ਤੋਂ ਬਾਅਦ ਪ੍ਰੀਤ ਦਾ ਲਿਖਿਆ ਪਹਿਲਾ ਗੀਤ 'ਸੱਜਣਾ ਨੇ ਹਾਂ ਕਰਤੀ' ਸਾਲ 2008 ਵਿਚ ਗਾਇਕਾ ਮੀਨੂੰ ਅਟਵਾਲ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਪ੍ਰੀਤ ਦੀ ਲਿਖੀ ਪਹਿਲੀ ਪੁਸਤਕ 'ਮੇਰੇ ਹਾਣੀ' ਵੀ ਇਸੇ ਸਾਲ ਰਿਲੀਜ਼ ਹੋਈ। ਇਸ ਤੋਂ ਬਾਅਦ 'ਮੇਰੇ ਪਿੰਡ ਦੀ ਫਿਰਨੀ ਤੋਂ', 'ਅੰਤਿਮ ਇੱਛਾ', 'ਮੋਹ ਦੀਆਂ ਤੰਦਾਂ', 'ਕਲਮਾਂ ਦੇ ਹਲ' ਅਤੇ 'ਲੋਹ- ਪੁਰਸ਼' ਸਮੇਤ ਪ੍ਰੀਤ ਦੀਆਂ ਲਿਖੀਆਂ 6 ਪੁਸਤਕਾਂ ਹੁਣ ਤਕ ਪੰਜਾਬੀ ਸਾਹਿਤ ਦੀ ਝੋਲੀ ਵਿਚ ਪੈ ਚੁੱਕੀਆਂ ਹਨ।

ਪ੍ਰੀਤ ਦੇ ਲਿਖੇ ਹੁਣ ਤਕ 45 ਦੇ ਕਰੀਬ ਗੀਤ ਰਿਕਾਰਡ ਹੋ ਚੁੱਕੇ ਹਨ। ਜਿਨ੍ਹਾਂ ਨੂੰ ਮਨਮੋਹਨ ਵਾਰਿਸ, ਕਮਲ ਹੀਰ, ਰਵਿੰਦਰ ਗਰੇਵਾਲ, ਲਖਵਿੰਦਰ ਵਡਾਲੀ, ਦੀਪ ਢਿੱਲੋਂ-ਜੈਸਮੀਨ ਜੱਸੀ, ਸ਼ੀਰਾ ਜਸਵੀਰ, ਮਿਸ ਪੂਜਾ, ਜੀਐੱਸ ਪੀਟਰ, ਸੁਦੇਸ਼ ਕੁਮਾਰੀ, ਗੋਲਡੀ ਬਾਵਾ, ਦੀਪ ਦਵਿੰਦਰ ਆਦਿ ਗਾਇਕ ਤੇ ਗਾਇਕਾਵਾਂ ਨੇ ਆਪਣੀ ਆਵਾਜ਼ ਦਿੱਤੀ ਹੈ। ਰਵਿੰਦਰ ਗਰੇਵਾਲ ਦੇ ਸੁਪਰਹਿੱਟ ਗੀਤ 'ਵੇ ਮੈਂ ਲਵਲੀ ਜੀ ਲਵਲੀ ਚ ਪੜ੍ਹਦੀ' ਅਤੇ ਦੀਪ ਢਿੱਲੋਂ ਦੁਆਰਾ ਗਾਏ 'ਨੱਢੀਏ ਤੇਰੇ ਲਈ ਗੁੱਡ ਹੋਣ ਵਾਸਤੇ ਗੁੱਡੀਆਂ ਘਸਾਤੀਆਂ ਮੈਂ ਫੋਰਡ ਦੀਆਂ' ਵਰਗੇ ਗੀਤਾਂ ਨੇ ਪ੍ਰੀਤ ਨੂੰ ਨਾਮਵਾਰ ਗੀਤਕਾਰਾਂ ਦੀ ਕਤਾਰ ਵਿਚ ਲਿਆ ਖੜਾ ਕੀਤਾ। ਇਨ੍ਹਾਂ ਗੀਤਾਂ ਤੋਂ ਇਲਾਵਾ ਪ੍ਰੀਤ ਦੀ ਕਲਮ ਚੋਂ ਉਪਜੇ 'ਕਦੇ ਮਾਂ ਯਾਦ ਆਉਂਦੀ' (ਲਖਵਿੰਦਰ ਵਡਾਲੀ), 'ਮਾਣ ਸ਼ਹੀਦਾਂ ਤੇ' (ਮਨਮੋਹਨ ਵਾਰਸ) ਆਦਿ ਦਰਜ਼ਨਾਂ ਗੀਤ ਲੋਕਾਂ ਦੇ ਮਨਾਂ ਵਿਚ ਘਰ ਕਰੀ ਬੈਠੇ ਹਨ।

ਪੰਜਾਬੀ ਸੰਗੀਤ ਅਤੇ ਪੰਜਾਬੀਅਤ ਲਈ ਇਹ ਇਕ ਚੰਗੀ ਗੱਲ ਹੈ ਕਿ ਅੱਜ-ਕੱਲ੍ਹ ਦੇ ਜ਼ਿਆਦਾ ਗੀਤਕਾਰ ਪੜ੍ਹਾਈ ਦੇ ਖੇਤਰ ਵਿਚ ਵੀ ਚੰਗੀਆਂ ਮੱਲਾਂ ਮਾਰ ਰਹੇ ਹਨ। ਪ੍ਰੀਤ ਵੀ ਉਨ੍ਹਾਂ ਪੜ੍ਹੇ ਲਿਖੇ ਗੀਤਕਾਰਾਂ ਵਿੱਚੋਂ ਇਕ ਹੈ। ਉਸ ਨੇ ਹੁਣ ਤਕ ਐੱਮਏ ਹਿੰਦੀ ਤੇ ਐੱਮਏ ਪੰਜਾਬੀ ਦੀ ਡਿਗਰੀ ਤੋਂ ਇਲਾਵਾ ਬੀਐੱਡ, ਡੀਸੀਏ ਕੰਪਿਊਟਰ, ਪੀਜੀਡੀਸੀਏ, ਐੱਮਐੱਸਸੀ (ਆਈ ਟੀ), ਐੱਮਸੀਏ, ਐੱਮ ਫਿਲ ਤਕ ਦੀ ਪੜ੍ਹਾਈ ਕੀਤੀ ਹੈ। ਇਸ ਸਮੇਂ ਪ੍ਰੀਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੀਐੱਚਡੀ ਕਰ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਜਿੱਥੇ ਪੰਜਾਬ ਦੇ ਨਾਮੀ ਫ਼ਨਕਾਰ ਪ੍ਰੀਤ ਦੀ ਕਲਮ ਨੂੰ ਆਪਣੀ ਆਵਾਜ਼ ਦੇਣਗੇ ਉਥੇ ਹੀ ਪ੍ਰੀਤ ਸੰਘਰੇੜੀ ਇਕ ਨਵੇਂ ਪੰਜਾਬੀ ਗਾਇਕ 'ਹੈਪੀ ਪੁੰਨਾਵਾਲ' ਨੂੰ ਵੱਡੇ ਪੱਧਰ 'ਤੇ ਪੇਸ਼ ਕਰਨ ਜਾ ਰਿਹਾ ਹੈ। ਗੀਤਾਂ ਤੋਂ ਇਲਾਵਾ ਪ੍ਰੀਤ ਇਕ ਪੰਜਾਬੀ ਫਿਲਮ ਲੈ ਕੇ ਵੀ ਆ ਰਿਹਾ ਹੈ ਜਿਸ ਦੀ ਕਹਾਣੀ ਅਤੇ ਗੀਤ ਉਸ ਨੇ ਖ਼ੁਦ ਲਿਖੇ ਹਨ। •

94171-58300

# ਫੁੱਲਾਂ ਦੀ ਮਹਿਕ ਜਿਹੀ ਗਾਇਕਾ ਰਵਿੰਦਰ ਰੋਜ਼ੀ

**ਰੋਜ਼ੀ ਨੂੰ ਕੁਝ ਸਮਾਂ ਪਰਿਵਾਰਿਕ ਰੁਝੇਵਿਆਂ ਕਾਰਨ ਪੰਜਾਬੀ ਮਿਊਜ਼ਿਕ ਇੰਡਸਟਰੀ ਤੋਂ ਦੂਰ ਰਹਿਣਾ ਪਿਆ। ਹੁਣ ਇਕ ਵਾਰ ਮੁੜ ਉਹ ਆਪਣੇ ਨਵੇਂ ਗੀਤਾਂ ਨਾਲ ਇਸ ਖੇਤਰ 'ਚ ਸਰਗਰਮ ਹੋ ਰਹੀ ਹੈ...**





ਆਰਡੀ ਬੱਬੀ

ਪਿਛਲੇ ਕੁਝ ਸਮੇਂ ਦੌਰਾਨ ਗਾਇਕ ਅਤੇ ਗਾਇਕਾਵਾਂ ਦਾ ਜੋ ਗਾਇਕੀ ਖੇਤਰ ਵਿਚ ਹੜ੍ਹ ਆਇਆ ਹੈ, ਉਸ ਬਾਰੇ ਤਾਂ ਹਰ ਕੋਈ ਬਾਖ਼ੂਬੀ ਜਾਣੂ ਹੀ ਹੈ। ਹੁਣ ਤਾਂ ਆਏ ਦਿਨ ਨਵੇਂ ਚਿਹਰੇ ਸੰਗੀਤ ਖੇਤਰ ਵਿਚ ਆਉਂਦੇ ਹਨ ਤੇ ਫਿਰ ਛੇਤੀ ਹੀ ਕਿਧਰੇ ਅਲੋਪ ਹੋ ਜਾਂਦੇ ਹਨ ਪਰ ਸਫਲ ਉਹ ਹੀ ਚਿਹਰੇ ਹੋਏ ਨੇ ਜਿਨ੍ਹਾਂ 'ਤੇ ਸਰਸਵਤੀ ਮਾਂ ਆਪ ਮਹਿਰਬਾਨ ਹੋਈ ਹੈ। ਅਜਿਹੇ ਹੀ ਚਿਹਰਿਆਂ ਚੋਂ ਇਕ ਚਿਹਰਾ ਹੈ ਸੋਹਣੀ ਸੁਨੱਖੀ ਤੇ ਖ਼ੂਬਸੂਰਤ ਮੁਟਿਆਰ ਰਵਿੰਦਰ ਰੋਜ਼ੀ ਦਾ। ਆਪਣੀ ਮਿੱਠੀ ਤੇ ਸੁਰੀਲੀ ਆਵਾਜ਼ ਸਦਕਾ ਇਹ ਮਾਣਮੱਤੀ ਗਾਇਕਾ ਦਾ ਨਾ ਅੱਜ ਚਰਚਿਤ ਗਾਇਕਾਵਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਰਵਿੰਦਰ ਕੌਰ (ਰੋਜ਼ੀ) ਦਾ ਜਨਮ ਤਾਂ ਭਾਵੇਂ ਦੁਆਬੇ ਵਿਚ ਪੈਂਦੇ ਪਿੰਡ ਕਲੇਰ ਕਲਾਂ ਨੇੜੇ ਬਟਾਲਾ ਦਾ ਹੈ ਪਰੰਤੂ ਗਾਇਕੀ ਦੇ ਪਿੜ੍ਹ ਵਿਚ ਆ ਕੇ ਉਹ ਮਾਲਵੇ ਦੀ ਹੋ ਕੇ ਹੀ ਰਹਿ ਗਈ ਹੈ। ਛੇਵੀਂ ਜਮਾਤ ਵਿਚ ਪੜ੍ਹਦਿਆਂ ਰੋਜ਼ੀ ਨੂੰ ਘਰ ਵਿਚ ਪਏ ਹਰਮੋਨੀਅਮ ਤੋਂ ਗਾਇਕੀ ਦੀ ਅਜਿਹੀ ਚੇਟਕ ਲੱਗੀ ਕਿ ਉਹ ਸੰਗੀਤ ਵੱਲ ਖਿੱਚਦੀ ਚੱਲੀ ਗਈ।

ਰੋਜ਼ੀ ਨੇ ਸੰਗੀਤ ਦੀਆਂ ਡੂੰਘੀਆਂ ਬਾਰੀਕੀਆਂ ਨੂੰ ਸਮਝਣ ਲਈ ਦਰਸ਼ਨ ਸਿੰਘ ਬਟਾਲਾ ਨੂੰ ਆਪਣਾ ਉਸਤਾਦ ਧਾਰਿਆ ਤੇ ਫਿਰ ਪੱਕੇ ਪੈਰੀਂ ਗਾਇਕੀ ਖੇਤਰ ਵਿਚ ਆਪਣਾ ਕਦਮ ਰੱਖਿਆ।

ਮਾਤਾ ਸਰਬਜੀਤ ਕੌਰ ਦੀ ਕੁੱਖੋਂ ਤੇ ਪਿਤਾ ਪਲਵਿੰਦਰ ਜੀਤ ਸਿੰਘ ਦੇ ਘਰ ਜਨਮੀ ਰੋਜ਼ੀ ਨੇ ਮੁਢਲੀ ਪੜ੍ਹਾਈ ਬਟਾਲਾ ਸ਼ਹਿਰ ਅਤੇ ਐੱਮਏ ਭਾਸਕਰ ਮਿਊਜ਼ਿਕ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਹਾਸਲ ਕੀਤੀ। ਜੰਮੂ ਤੋਂ ਬੀਐੱਡ ਕਰਦਿਆਂ ਉਹ ਪੂਰੀ ਤਰ੍ਹਾਂ ਸੰਗੀਤ ਖੇਤਰ ਵਿਚ ਪ੍ਰਵੇਸ਼ ਕਰ ਚੁੱਕੀ ਸੀ। ਇਸੇ ਸਮੇਂ ਦੌਰਾਨ ਉਸ ਦਾ ਮੇਲ ਗੀਤਕਾਰ ਤੇ ਪੇਸ਼ਕਾਰ ਬਚਨ ਬੇਦਿਲ ਨਾਲ ਹੋਇਆ। ਬੇਦਿਲ ਨੇ ਰੋਜ਼ੀ ਦੀ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਉਸ ਦੀ ਪਹਿਲੀ ਕੈਸਿਟ 'ਫੁਲਕਾਰੀ' ਰਿਲੀਜ਼ ਕਰਵਾ ਦਿੱਤੀ। ਇਸ ਕੈਸਿਟ ਨੂੰ ਸਰੋਤਿਆਂ ਦਾ ਚੰਗਾ ਹੁੰਗਾਰਾ ਮਿਲਿਆ।

ਆਪਣੀ ਪਹਿਲੀ ਕੈਸਿਟ ਦੀ ਸਫਲਤਾ ਤੋਂ ਬਾਅਦ ਰੋਜ਼ੀ ਦੀ ਟੀ-ਸੀਰੀਜ ਕੰਪਨੀ ਵਿਚ 'ਤੇਰੀਆਂ ਮੁਹੱਬਤਾਂ' ਕੈਸਿਟ ਆਈ। ਇਸ ਕੈਸਿਟ ਦਾ ਟਾਇਟਲ ਗੀਤ ਹਰ ਇਕ ਵਿਅਕਤੀ ਦੀ ਜ਼ੁਬਾਨ 'ਤੇ ਚੜ੍ਹਿਆ। ਰੋਜ਼ੀ ਦੀ ਜ਼ਿੰਦਗੀ ਵਿਚ ਇਸ ਗੀਤ ਦੀ ਬਹੁਤ ਮਹੱਤਤਾ ਹੈ। ਇਸ ਪਿੱਛੋਂ 'ਚੱਲ ਮਿੱਤਰਾ', 'ਤਵੀਤਾਂ', 'ਕਰੀਮਾਂ' ਆਦਿ ਕੈਸਿਟਾਂ ਉਸ ਨੇ ਸਰੋਤਿਆਂ ਦੀ ਝੋਲੀ ਪਾਈਆਂ। ਰੋਜ਼ੀ ਨੇ ਕੁਝ ਦੋਗਾਣੇ ਗੀਤ ਵੀ ਗਾਏ ਜਿਨ੍ਹਾਂ ਨੂੰ ਪੰਜਾਬੀ ਸਰੋਤਿਆਂ ਨੇ ਖਿੜ੍ਹੇ ਮੱਥੇ ਪ੍ਰਵਾਨ ਕੀਤਾ। ਉਸ ਦੀ ਆਵਾਜ਼ ਵਿਚ ਇਕ ਅਜਿਹੀ ਖਿੱਚ ਹੈ ਜੋ ਦਰਸ਼ਕਾਂ ਨੂੰ ਮੱਲੋਂ ਮੱਲ੍ਹੀ ਆਪਣੇ ਵੱਲ ਖਿੱਚ ਲੈਂਦੀ ਹੈ। ਇਸ ਸੁਰੀਲੀ ਗਾਇਕਾ ਨੂੰ ਕੁਝ ਸਮਾਂ ਪਰਿਵਾਰਿਕ ਰੁਝੇਵਿਆਂ ਕਾਰਨ ਕਈ ਸੰਗੀਤਕ ਖੇਤਰ ਤੋਂ ਦੂਰ ਵੀ ਰਹਿਣਾ ਪਿਆ ਪਰ ਉਸ ਨੇ ਗਾਇਕੀ ਨਾਲੋਂ ਆਪਣਾ ਰਿਸ਼ਤਾ ਨਹੀਂ ਟੁੱਟਣ ਦਿੱਤਾ। ਇਸ ਸਮੇਂ ਦੌਰਾਨ ਉਸ ਨੇ ਦੋ-ਤਿੰਨ ਸਾਲ ਜੀਟੀਬੀ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਬਤੌਰ ਮਿਊਜ਼ਿਕ ਟੀਚਰ ਨੌਕਰੀ ਵੀ ਕੀਤੀ। ਹੁਣ ਲਗਪਗ ਅੱਠ ਸਾਲ ਦੇ ਵਾਕਫੇ ਪਿੱਛੋਂ ਰੋਜੀ ਨੇ ਡਿਊਟ ਸਿੰਗਲ ਟਰੈਕ ਦੇ ਰੂਪ ਵਿਚ ਗਾਇਕ ਗੁਰਦਰਸ਼ਨ ਧੂਰੀ ਨਾਲ 'ਡਾਊਟਫੁੱਲ' ਤੇ 'ਸਾਰਾ ਪਿੰਡ ਟੱਲੀ' ਆਦਿ ਕੀਤੇ ਜਿਨ੍ਹਾਂ ਨੂੰ ਸਰੋਤਿਆ ਦਾ ਚੰਗਾ ਹੁੰਗਾਰਾ ਮਿਲਿਆ।

ਅਨੇਕਾਂ ਹੀ ਸੱਭਿਆਚਾਰਿਕ ਪ੍ਰੋਗਰਾਮਾਂ ਦੌਰਾਨ ਸਨਮਾਨਿਤ ਹੋ ਚੁੱਕੀ ਰਵਿੰਦਰ ਰੋਜ਼ੀ ਬਹੁਤ ਜਲਦ ਆਪਣਾ ਸੋਲੋ ਗੀਤ ਲੈ ਕੇ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਹੀ ਹੈ। ਚੰਗੀ ਸੋਚ ਰੱਖਣ ਵਾਲੀ ਗਾਇਕਾ ਰੋਜ਼ੀ ਦਾ ਕਹਿਣਾ ਹੈ ਕਿ ਉਹ ਕਦੀ ਵੀ ਅਜਿਹਾ ਗੀਤ ਨਹੀਂ ਗਾਏਗੀ ਜਿਸ ਨੂੰ ਦਰਸ਼ਕ ਆਪਣੇ ਪਰਿਵਾਰ ਵਿਚ ਬੈਠਕੇ ਨਾ ਸੁਣ ਸਕਦੇ ਹੋਣ। ਉਸ ਦਾ ਇਹ ਵੀ ਕਹਿਣਾ ਹੈ ਕਿ ਗਾਇਕਾਂ ਨੂੰ ਹਮੇਸ਼ਾ ਪਰਿਵਾਰ ਗੀਤਾਂ ਨੂੰ ਹੀ ਪਹਿਲ ਦੇਣੀ ਚਾਹੀਦੀ ਹੈ। ਪਰਮਾਤਮਾ ਕਰੇ ਇਹ ਫੁੱਲਾਂ ਦੀ ਮਹਿਕ ਵਰਗੀ ਗਾਇਕਾ ਸੱਭਿਆਚਾਰ ਦੇ ਵਿਹੜੇ ਵਿਚ ਇਸੇ ਤਰ੍ਹਾਂ ਆਪਣੀ ਸੁਰੀਲੀ ਗਾਇਕੀ ਨਾਲ ਖ਼ੂਬਸੂਰਤ ਰੰਗ ਬਿਖੇਰਦੀ ਰਹੇ ਅਤੇ ਇਸ ਖੇਤਰ ਵਿਚ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ। •

# ਹਰ ਕਿਰਦਾਰ ਨਿਭਾਉਣਾ ਚਾਹੁੰਦੈ ਕੁਲਜਿੰਦਰ ਸਿੱਧੂ



ਪਲਵਿੰਦਰ ਸਿੰਘ ਢੁੱਡੀਕੇ

ਸਮੇਂ ਦਾ ਕੋਈ ਪਤਾ ਨਹੀਂ ਹੁੰਦਾ ਕਿ ਇਹ ਕਿਸ ਪਾਸੇ ਕਰਵਟ ਲੈ ਲਵੇ। ਸਾਡੇ ਸਾਹਮਣੇ ਅਨੇਕਾਂ ਮਿਸਾਲਾਂ ਹਨ ਕਿ ਜ਼ਿੰਦਗੀ ਵਿਚ ਕਈ ਇਨਸਾਨ ਜੋ ਬਨਣਾ ਚਾਹੁੰਦੇ ਹਨ ਉਹ ਤਾਂ ਨਹੀਂ ਬਣ ਪਾਉਂਦੇ ਪਰ ਕਿਸੇ ਹੋਰ ਖੇਤਰ ਵਿਚ ਉਨ੍ਹਾਂ ਨੂੰ ਅਜਿਹੀ ਕਾਮਯਾਬੀ ਨਸੀਬ ਹੁੰਦੀ ਹੈ ਕਿ ਲੋਕਾਂ ਵਿਚ ਉਨ੍ਹਾਂ ਦੀ ਇਕ ਵੱਖਰੀ ਪਛਾਣ ਬਣ ਜਾਂਦੀ ਹੈ। ਅਜਿਹਾ ਹੀ ਹੈ ਅਦਾਕਾਰੀ ਦੀ ਦੁਨੀਆ ਦਾ ਇਕ ਸਿਤਾਰਾ ਕੁਲਜਿੰਦਰ ਸਿੱਧੂ ਹੈ। ਕੁਲਜਿੰਦਰ ਬਣਨਾ ਤਾਂ ਪੱਤਰਕਾਰ ਚਾਹੁੰਦਾ ਸੀ ਪਰ ਬਣ ਗਿਆ ਅਦਾਕਾਰ। 21 ਅਗਸਤ ਨੂੰ ਪਿਤਾ ਮਹਿੰਦਰ ਸਿੰਘ ਅਤੇ ਮਾਤਾ ਕਸ਼ਮੀਰ ਕੌਰ ਦੇ ਘਰ ਜਨਮੇਂ ਕੁਲਜਿੰਦਰ ਸਿੱਧੂ ਦੀ ਅੱਜ ਪੰਜਾਬੀ ਫਿਲਮ ਇੰਡਸਟਰੀ ਵਿਚ ਅਲੱਗ ਪਛਾਣ ਬਣੀ ਹੋਈ ਹੈ। ਇਸ ਕਾਮਯਾਬੀ ਲਈ ਉਸ ਦੇ ਪਰਿਵਾਰ ਦਾ ਵੀ ਉਸ ਨੂੰ ਪੂਰਾ ਸਹਿਯੋਗ ਰਿਹਾ ਹੈ।

ਇਕ ਮੁਲਾਕਾਤ ਦੌਰਾਨ ਕੁਲਜਿੰਦਰ ਨੇ ਦੱਸਿਆ ਕਿ ਉਸ ਦਾ ਟੀਚਾ ਸ਼ੁਰੂ ਤੋਂ ਹੀ ਇਕ ਪੱਤਰਕਾਰ ਬਣਨ ਦਾ ਸੀ ਜਿਸ ਦੇ ਲਈ ਉਸ ਨੇ ਮਾਸ ਕਮਿਊਨੀਕੇਸ਼ਨ ਦਾ ਡਿਪਲੋਮਾ ਵੀ ਕੀਤਾ। ਕਾਲਜ ਵਿਚ ਦੀ ਪੜ੍ਹਾਈ ਦੌਰਾਨ ਥੀਏਟਰ ਕਰਦੇ ਵਿਦਿਆਰਥੀਆਂ ਨੂੰ ਵੇਖ ਕੇ ਸਿੱਧੂ ਦਾ ਵੀ ਮਨ ਕੀਤਾ ਕਿ ਉਹ ਵੀ ਉਨ੍ਹਾਂ ਨਾਲ ਨਾਟਕ ਵਿਚ ਕੋਈ ਕਿਰਦਾਰ ਨਿਭਾਵੇ ਪਰ ਦੋਸਤਾਂ ਨੇ ਉਸ ਦਾ ਉਤਸ਼ਾਹ ਨਹੀਂ ਵਧਾਇਆ ਤੇ ਕਿਹਾ ਕਿ ਉਹ ਪੜ੍ਹਾਈ ਵੱਲ ਧਿਆਨ ਦੇਵੇ। ਸਿੱਧੂ ਨੇ ਕਿਹਾ ਕਿ ਉਹ ਇਸ ਗੱਲ ਤੋਂ ਨਿਰਾਸ਼ ਨਹੀਂ ਹੋਇਆ ਤੇ ਇਸ ਤਲਾਸ਼ ਵਿਚ ਰਿਹਾ ਕਿ ਉਸ ਨੂੰ ਇਕ ਵਾਰ ਕੋਈ ਕਿਰਦਾਰ ਨਿਭਾਉਣ ਦਾ ਮੌਕਾ ਮਿਲ ਜਾਵੇ। ਇਸੇ ਦੌਰਾਨ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਟੀਮ ਜੰਡਿਆਲਾ ਗੁਰੂ ਵਿਖੇ ਇਕ ਨਾਟਕ ਦੀ ਪੇਸ਼ਕਾਰੀ ਲਈ ਪਹੁੰਚੀ ਪਰ ਟੀਮ ਵਿਚ ਕਿਸੇ ਕਾਰਨ ਨਾਟਕ ਦਾ ਇਕ ਕਲਾਕਾਰ ਨਹੀਂ ਪਹੁੰਚਿਆ ਤੇ ਇਕ ਖਾੜਕੂ ਦਾ ਅਹਿਮ ਕਿਰਦਾਰ ਨਿਭਾਉਣ ਦਾ ਮੌਕਾ ਸਿੱਧੂ ਨੂੰ ਮਿਲਿਆ ਗਿਆ।

ਇਸ ਨਾਟਕ ਵਿਚ ਸਿੱਧੂ ਦੀ ਅਦਾਕਾਰੀ ਦੀ ਸਾਰਿਆਂ ਨੇ ਚੰਗੀ ਤਾਰੀਫ਼ ਕੀਤੀ। ਬੱਸ ਇਸ ਤਾਰੀਫ਼ ਨੇ ਹੀ ਉਸ ਦੇ ਉਤਸ਼ਾਹ ਵਿਚ ਇਸ ਕਦਰ ਵਾਧਾ ਕੀਤਾ ਕਿ ਉਸ ਨੇ ਫਿਲਮਾਂ ਦੇ ਖੇਤਰ ਨੂੰ ਅਪਨਾਉਣ ਦਾ ਫ਼ੈਸਲਾ ਕਰ ਲਿਆ। ਫਿਰ ਸਿੱਧੂ ਨੇ ਆਪਣੇ ਦੋਸਤ ਦਿਨੇਸ਼ ਦੇ ਸਹਿਯੋਗ ਨਾਲ ਗੁਰਦਾਸ ਮਾਨ ਨੂੰ ਹੀਰੋ ਲੈ ਕੇ ਆਪਣੀ ਪਹਿਲੀ ਪੰਜਾਬੀ ਫਿਲਮ 'ਮਿੰਨੀ ਪੰਜਾਬ' ਦਾ ਨਿਰਮਾਣ ਕੀਤਾ। ਇਹ ਫਿਲਮ ਅਸਫਲ ਰਹੀ ਪਰ ਉਸ ਨੇ ਹੌਂਸਲਾ ਨਹੀਂ ਛੱਡਿਆ। ਇਸ ਮਗਰੋਂ ਉਸ ਨੇ ਅਦਾਕਾਰੀ ਦੇ ਨੁਕਤੇ ਸਿੱਖਣ ਲਈ ਮੁੰਬਈ ਵਿਖੇ ਲਗਾਤਾਰ ਐਕਟਿੰਗ ਵਰਕਸ਼ਾਪ ਵਿਚ ਭਾਗ ਲਿਆ। ਸਿੱਧੂ ਅਨੁਸਾਰ ਇਸ ਵਰਕਸ਼ਾਪ ਦੇ ਕੁਝ ਸਮੇਂ ਬਾਅਦ ਹੀ ਉਸ ਨੇ ਇਕ ਹੋਰ ਪੰਜਾਬੀ ਫਿਲਮ 'ਸਾਡਾ ਹੱਕ' ਦੀ ਸਕ੍ਰਿਪਟ ਲਿਖੀ ਤੇ ਬਤੌਰ ਹੀਰੋ ਪਹਿਲੀ ਵਾਰ ਦਰਸ਼ਕਾਂ ਦੇ ਰੂਬਰੂ ਹੋਇਆ। ਇਹ ਫਿਲਮ ਪਰਦੇ 'ਤੇ ਸਫਲ ਰਹੀ ਤੇ ਇਕ ਚੈਨਲ ਵੱਲੋਂ ਉਸ ਨੂੰ ਇਸ ਫਿਲਮ ਲਈ ਬੈਸਟ ਲੇਖਕ ਅਤੇ ਬੈਸਟ ਐਕਟਰ ਦਾ ਐਵਾਰਡ ਵੀ ਮਿਲਿਆ। ਫਿਲਮ 'ਸਾਡਾ ਹੱਕ' ਤੋਂ ਬਾਅਦ ਬਤੌਰ ਹੀਰੋ ਉਸ ਨੇ ਇਕ ਹੋਰ ਪੰਜਾਬੀ ਫਿਲਮ 'ਯੋਧਾ' ਕੀਤੀ। ਇਸ ਫਿਲਮ ਨੂੰ ਵੀ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਇਸ ਤੋਂ ਉਪਰੰਤ ਪੰਜਾਬੀ ਫਿਲਮਾਂ 'ਸ਼ਰੀਕ', 'ਪੰਜਾਬ ਸਿੰਘ' ਅਤੇ 'ਅਸੀਸ' ਵਿਚ ਸਿੱਧੂ ਨੇ ਆਪਣੀ ਅਦਾਕਾਰੀ ਦਾ ਚੰਗਾ ਹੁਨਰ ਵਿਖਾਇਆ। ਸਿੱਧੂ ਦਾ ਇਨ੍ਹਾਂ ਫਿਲਮਾਂ ਬਾਰੇ ਕਹਿਣਾ ਹੈ ਕਿ ਉਸ ਨੇ ਨਾ ਕੇਵਲ ਇਨ੍ਹਾਂ ਫਿਲਮਾਂ 'ਚ ਵਧੀਆ ਕਿਰਦਾਰ ਨਿਭਾਏ ਬਲਕਿ ਉਸ ਨੂੰ ਇਨ੍ਹਾਂ ਵਿੱਚੋਂ ਬਹੁਤ ਕੁਝ ਸਿੱਖਣ ਨੂੰ ਵੀ ਮਿਲਿਆ। ਆਪਣੀਆਂ ਆਉਣ ਵਾਲੀਆਂ ਫਿਲਮਾਂ ਸਬੰਧੀ ਸਿੱਧੂ ਨੇ ਗੱਲ ਕਰਦੇ ਹੋਏ ਦੱਸਿਆ ਕਿ 'ਡਾਕੂਆਂ ਦਾ ਮੁੰਡਾ' ਅਤੇ 'ਗੁਲਾਮ ਪੰਜਾਬੀ' ਤੋਂ ਇਲਾਵਾ ਉਹ ਇਕ ਹਿੰਦੀ ਫਿਲਮ 'ਨਮਸਤੇ ਇੰਗਲੈਂਡ' 'ਚ ਵੀ ਅਹਿਮ ਕਿਰਦਾਰ ਨਿਭਾ ਰਿਹਾ ਹੈ। ਸਿੱਧੂ ਦਾ ਕਹਿਣਾ ਹੈ ਕਿ ਉਸ ਦੀ ਦਿਲੀਂ ਤਮੰਨਾ ਹੈ ਕਿ ਉਹ ਫਿਲਮਾਂ ਵਿਚ ਹਰ ਤਰ੍ਹਾਂ ਦੇ ਕਿਰਦਾਰ ਨੂੰ ਜੀਅ ਕੇ ਵੇਖਣਾ ਚਾਹੁੰਦਾ ਹੈ। ਦੁਆ ਕਰਦੇ ਹਾਂ ਕਿ ਉਹ ਅਦਾਕਾਰੀ ਖੇਤਰ 'ਚ ਹੋਰ ਵੀ ਤਰੱਕੀ ਕਰੇ। •

98724-96720

# ਮੁੱਖ ਮੰਤਰੀ ਰੇਖਾ ਗੁਪਤਾ ਨੇ 'ਵਸਤਰ ਕਥਾ 2025' ਵਿੱਚ ਦਿੱਲੀ ਵਾਸੀਆਂ ਨੂੰ ਕੀਤੀ ਅਪੀਲ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 6 ਅਗਸਤ। ਦਿੱਲੀ ਨੇ ਕੱਲ੍ਹ ਵਸਤਰ ਕਥਾ 2025 ਦੇ ਨਾਲ ਭਾਰਤ ਦੀ ਹੈਂਡਲੂਮ ਵਿਰਾਸਤ ਦਾ ਇੱਕ ਸ਼ਾਨਦਾਰ ਜਸ਼ਨ ਦੇਖਿਆ। ਰਾਸ਼ਟਰੀ ਹੈਂਡਲੂਮ ਦਿਵਸ ਦੇ ਮੌਕੇ 'ਤੇ ਆਯੋਜਿਤ ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਅਸ਼ੋਕ ਹੋਟਲ ਵਿਖੇ ਇੱਕ ਪੂਰੇ ਦਿਨ ਦੀ ਪ੍ਰਦਰਸ਼ਨੀ ਵਿੱਚ ਭਾਰਤ ਦੇ ਸਭ ਤੋਂ ਵਧੀਆ ਹੈਂਡਲੂਮ ਅਤੇ ਖਾਦੀ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਤੋਂ ਬਾਅਦ ਇੱਕ ਫੈਸ਼ਨ ਸ਼ੋਅ ਹੋਇਆ ਜਿਸਨੇ ਦੁਨੀਆ ਨੂੰ ਸਵਦੇਸ਼ੀ ਕੱਪੜਿਆਂ ਦੀ ਤਾਕਤ, ਸੁੰਦਰਤਾ ਅਤੇ ਸਥਿਰਤਾ ਦਾ ਪ੍ਰਦਰਸ਼ਨ ਕੀਤਾ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ, ਮਾਨਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਦਿੱਲੀ ਵਾਲਿਆਂ ਨੂੰ ਹੈਂਡਲੂਮ ਨੂੰ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਅਸੀਂ ਸਵਦੇਸ਼ੀ ਕੱਪੜਾ ਪਹਿਨ ਕੇ ਵੀ ਆਪਣੇ ਦੇਸ਼ ਪ੍ਰਤੀ ਆਪਣਾ ਪਿਆਰ ਦਿਖਾ ਸਕਦੇ ਹਾਂ। ਪ੍ਰਧਾਨ ਮੰਤਰੀ ਦੇ 'ਵੋਕਲ ਫਾਰ ਲੋਕਲ' ਦ੍ਰਿਸ਼ਟੀਕੋਣ ਨੇ ਸਾਨੂੰ ਸਿਖਾਇਆ ਹੈ ਕਿ ਸਾਨੂੰ ਆਪਣੀ ਵਿਰਾਸਤ - ਖਾਦੀ, ਬੁਣਕਰਾਂ ਅਤੇ ਇਸ ਉਦਯੋਗ ਵਿੱਚ ਕੰਮ ਕਰਨ ਵਾਲੇ ਲੱਖਾਂ ਲੋਕਾਂ ਵਿੱਚ ਨਿਵੇਸ਼ ਕਿਉਂ ਕਰਨਾ ਚਾਹੀਦਾ ਹੈ। ਜੰਮੂ ਅਤੇ ਕਸ਼ਮੀਰ ਤੋਂ ਲੈ ਕੇ ਤਾਮਿਲਨਾਡੂ ਤੱਕ, ਹਰ ਰਾਜ ਦਾ ਕੱਪੜਾ ਇੱਕ ਵੱਖਰੀ ਕਹਾਣੀ ਦੱਸਦਾ ਹੈ। ਮੈਂ ਮਾਣ ਨਾਲ ਵੱਖ-ਵੱਖ ਰਾਜਾਂ ਦੀਆਂ ਹੈਂਡਲੂਮ ਸਾੜੀਆਂ ਪਹਿਨਦੀ ਹਾਂ ਅਤੇ ਚਾਹੁੰਦੀ ਹਾਂ ਕਿ ਦਿੱਲੀ ਦੀਆਂ ਸਾਰੀਆਂ ਭੈਣਾਂ ਇਸ ਸੱਭਿਆਚਾਰ ਨੂੰ ਅਪਣਾਉਣ। ਉਸਨੇ ਅੱਗੇ ਕਿਹਾ, ਅਸੀਂ ਵਿਦੇਸ਼ੀ ਬ੍ਰਾਂਡਾਂ 'ਤੇ ਹਜ਼ਾਰਾਂ ਰੁਪਏ ਖਰਚ ਕਰਦੇ ਹਾਂ, ਜਦੋਂ ਕਿ ਸਾਡਾ ਆਪਣਾ ਹੈਂਡਲੂਮ ਦੁਨੀਆ ਭਰ ਦੇ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਮੈਂ ਹਰ ਦਿੱਲੀ ਵਾਲੇ ਨੂੰ ਅਪੀਲ ਕਰਦੀ ਹਾਂ ਕਿ ਉਹ ਆਪਣੇ



ਹੈਂਡਲੂਮ ਪਹਿਰਾਵੇ ਦੀਆਂ ਫੋਟੋਆਂ ਸੋਸ਼ਲ ਮੀਡੀਆ 'ਤੇ ਪੋਸਟ ਕਰਨ, ਮੈਨੂੰ ਟੈਗ ਕਰਨ ਅਤੇ ਭਾਰਤੀ ਹੈਂਡਲੂਮ ਦਾ ਸਮਰਥਨ ਕਰਨ। ਇਕੱਠੇ ਮਿਲ ਕੇ ਅਸੀਂ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰ ਸਕਦੇ ਹਾਂ, ਆਪਣੇ ਕਾਰੀਗਰਾਂ ਦਾ ਸਮਰਥਨ ਕਰ ਸਕਦੇ ਹਾਂ ਅਤੇ ਆਪਣੀ ਵਿਰਾਸਤ ਦਾ ਜਸ਼ਨ ਮਨਾ ਸਕਦੇ ਹਾਂ। ਉਦਯੋਗ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਡਿਜ਼ਾਈਨਰਾਂ ਅਤੇ ਕਾਰੀਗਰਾਂ ਦਾ ਧੰਨਵਾਦ ਕਰਦਿਆਂ ਕਿਹਾ, ਸਾਡਾ ਉਦੇਸ਼ ਹੈਂਡਲੂਮ ਨੂੰ ਹਰ ਘਰ ਤੱਕ ਪਹੁੰਚਾਉਣਾ ਹੈ, ਇਸਨੂੰ ਸਿਰਫ਼ ਇੱਕ ਪਰੰਪਰਾ ਤੋਂ ਇੱਕ ਫੈਸ਼ਨ ਆਈਕਨ ਤੱਕ ਉੱਚਾ ਚੁੱਕਣਾ ਹੈ। ਅੱਜ ਇੱਥੇ ਕੀਤੇ ਗਏ ਕੰਮ ਬਾਰੇ ਦਿੱਲੀ ਅਤੇ ਇਸ ਤੋਂ ਬਾਹਰ ਵੀ ਗੱਲ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਜਲਦੀ ਹੀ ਸਾਰੇ ਡਿਜ਼ਾਈਨਰਾਂ ਦੇ ਵਿਸ਼ੇਸ਼ ਹੈਂਡਲੂਮ ਸੰਗ੍ਰਹਿ ਲਾਂਚ ਕੀਤੇ ਜਾਣਗੇ ਤਾਂ ਜੋ ਇਸ ਕਲਾ ਨੂੰ ਹੋਰ ਅੱਗੇ ਲਿਜਾਇਆ ਜਾ ਸਕੇ। ਪ੍ਰਦਰਸ਼ਨੀ ਵਿੱਚ ਦੇਸ਼ ਭਰ ਤੋਂ ਆਏ 24 ਵਿਲੱਖਣ ਸਟਾਲਾਂ ਨੇ ਭਾਰਤ ਦੀ ਹੈਂਡਲੂਮ ਵਿਰਾਸਤ ਨੂੰ ਪ੍ਰਦਰਸ਼ਿਤ ਕੀਤਾ। ਜੀਆਈ-ਟੈਗ ਕੀਤੇ ਟੈਕਸਟਾਈਲ, ਲਾਈਵ ਬੁਣਾਈ ਪ੍ਰਦਰਸ਼ਨ ਅਤੇ ਵਧੀਆ ਕਢਾਈ ਦੇ ਨਮੂਨੇ ਪ੍ਰਦਰਸ਼ਿਤ ਕੀਤੇ ਗਏ ਸਨ। ਬਨਾਰਸ, ਕਾਂਚੀਪੁਰਮ ਦੇ ਮੁਹੰਮਦ ਸਲਾਮ ਅੰਸਾਰੀ ਦੁਆਰਾ ਪ੍ਰਮਾਣਿਕ ਜ਼ਰੀ ਬਨਾਰਸੀ ਸਾੜੀਆਂ ਅਤੇ ਮੋਹਨ ਵਰਗੀਸ ਦੁਆਰਾ ਮੈਸੂਰ ਸਿਲਕ, ਲੱਦਾਖ ਤੋਂ ਪਸ਼ਮੀਨਾ, ਤੇਲੰਗਾਨਾ ਤੋਂ ਇਕਤ, ਮੇਘਾਲਿਆ ਤੋਂ ਏਰੀ ਸਿਲਕ, ਨਾਗਾਲੈਂਡ ਤੋਂ ਛਗਨ ਮਾਸੀ ਸ਼ਾਲ, ਬਿਹਾਰ ਤੋਂ ਤੁਸਾਰ ਸਿਲਕ ਅਤੇ ਮਧੂਬਨੀ ਪ੍ਰਿੰਟ ਅਤੇ ਗੁਜਰਾਤ ਤੋਂ ਪਟੋਲਾ ਅਤੇ ਡਬਲ ਇਕਤ ਵਰਗੀਆਂ ਕਲਾਕ੍ਰਿਤੀਆਂ ਖਿੱਚ ਦਾ ਕੇਂਦਰ ਸਨ। ਭੰਗ, ਬਾਂਸ ਅਤੇ ਜੈਵਿਕ ਸੂਤੀ ਤੋਂ ਬਣੇ ਟਿਕਾਊ ਫੈਬਰਿਕ ਨੇ ਵੀ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਕਾਰੀਗਰਾਂ ਨੇ ਦਿੱਲੀ ਸਰਕਾਰ ਦਾ ਧੰਨਵਾਦ ਕੀਤਾ। ਮੁਹੰਮਦ ਸਲਾਮ ਅੰਸਾਰੀ ਨੇ ਕਿਹਾ, ਸਾਡੀਆਂ ਪੀੜ੍ਹੀਆਂ ਨੇ ਇਸ ਕਲਾ ਨੂੰ ਜ਼ਿੰਦਾ ਰੱਖਿਆ ਹੈ। ਇਹ ਪਲੇਟਫਾਰਮ ਸਾਨੂੰ ਮਾਣ ਅਤੇ ਮਾਨਤਾ ਦਿੰਦਾ ਹੈ। ਮੋਹਨ ਵਰਗੀਸ ਨੇ ਕਿਹਾ, ਕੁਝ ਸਾੜੀਆਂ ਇੱਕ ਸਾਲ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਚਾਂਦੀ ਅਤੇ ਸੋਨੇ ਦੇ ਧਾਗੇ ਹੱਥ ਨਾਲ ਬੁਣੇ ਜਾਂਦੇ ਹਨ। ਇੱਥੇ ਉਨ੍ਹਾਂ ਨੂੰ ਪ੍ਰਦਰਸ਼ਿਤ ਕਰਨਾ ਸਾਡੇ ਲਈ ਸਨਮਾਨ ਦੀ ਗੱਲ ਹੈ। ਵਸਤਰ ਕਥਾ 2025 ਨੇ ਇਹ ਸੰਦੇਸ਼ ਦਿੱਤਾ ਕਿ ਖਾਦੀ ਅਤੇ ਹੱਥਖੱਡੀ ਨਾ ਸਿਰਫ਼ ਭਾਰਤ ਦੇ ਅਤੀਤ ਦੀ ਸ਼ਾਨ ਹਨ, ਸਗੋਂ ਟਿਕਾਊ ਫੈਸ਼ਨ, ਸੱਭਿਆਚਾਰਕ ਮਾਣ ਅਤੇ ਆਰਥਿਕ ਸਸ਼ਕਤੀਕਰਨ ਦਾ ਭਵਿੱਖ ਵੀ ਹਨ।

## ਵਸੂਲੀ ਕਰਨ ਆਏ ਬਦਮਾਸ਼ ਨੂੰ ਬਰਗਰ ਵਾਲੇ ਨੇ ਉਤਾਰਿਆ ਮੌਤ ਦੇ ਘਾਟ

ਬਠਿੰਡਾ 6 ਅਗਸਤ। ਜ਼ਿਲ੍ਹੇ ਦੀ ਸੰਗਤ ਮੰਡੀ 'ਚ ਗੈਰ-ਕਾਨੂੰਨੀ ਵਸੂਲੀ ਨੂੰ ਲੈ ਕੇ ਹੋਏ ਝਗੜੇ ਨੇ ਹਿੰਸਕ ਰੂਪ ਧਾਰ ਲਿਆ। ਬੱਸ ਸਟੈਂਡ ਨੇੜੇ ਗਲੀ 'ਚ ਸਾਮਾਨ ਵੇਚਣ ਵਾਲਿਓਂ ਤੋਂ ਪੈਸੇ ਵਸੂਲ ਰਹੇ ਬਦਮਾਸ਼ਾਂ ਨੇ ਪਹਿਲਾਂ ਇਕ ਬਰਗਰ ਵੇਚਣ ਵਾਲੇ ਦੀ ਕੁੱਟਮਾਰ ਕੀਤੀ। ਇਸ ਤੋਂ ਬਾਅਦ ਗੁੱਸੇ 'ਚ ਆਏ ਨੌਜਵਾਨ ਨੇ ਆਪਣੇ ਪਿਤਾ ਨਾਲ ਮਿਲ ਕੇ ਹਮਲਾਵਰਾਂ 'ਤੇ ਲੋਹੇ ਦੀ ਰਾਡ ਨਾਲ ਹਮਲਾ ਕਰ ਦਿੱਤਾ। ਇਸ ਹਮਲੇ 'ਚ ਲੱਖੀ ਨਾਂ ਦੇ ਬਦਮਾਸ਼ ਦੀ ਮੌਤ ਹੋ ਗਈ, ਜਦੋਂ ਕਿ ਉਸ ਦਾ ਸਾਥੀ ਗੁਰਪ੍ਰੀਤ ਗੰਭੀਰ ਜ਼ਖਮੀ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਐੱਸ.ਪੀ. (ਡੀ.) ਜਸਮੀਤ ਸਿੰਘ ਅਤੇ ਸੀ.ਆਈ.ਏ.-2 ਦੇ ਇੰਚਾਰਜ ਇੰਸਪੈਕਟਰ ਕਰਨਵੀਰ ਸਿੰਘ ਏਮਜ਼ ਹਸਪਤਾਲ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਬਰਗਰ ਵੇਚਣ ਵਾਲੇ ਨੌਜਵਾਨ ਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਜਾਰੀ ਕਰ ਕੇ ਪੂਰੀ ਘਟਨਾ ਦਾ ਕਾਰਨ ਦੱਸਿਆ। ਉਸ ਨੇ ਆਪਣੇ 'ਤੇ ਹੋਏ ਹਮਲੇ ਅਤੇ ਵਸੂਲੀ ਦੀ ਕੋਸ਼ਿਸ਼ ਬਾਰੇ ਜਾਣਕਾਰੀ ਦਿੱਤੀ ਹੈ। ਮੌਕੇ 'ਤੇ ਮੌਜੂਦ ਲੋਕਾਂ ਅਤੇ ਖਾਸ ਸੂਤਰਾਂ ਅਨੁਸਾਰ ਸ਼ਨੀਵਾਰ ਨੂੰ ਲੱਖੀ ਅਤੇ ਉਸਦਾ ਸਾਥੀ ਸੰਗਤ ਮੰਡੀ ਬੱਸ ਅੱਡੇ 'ਤੇ ਸੜਕਾਂ 'ਤੇ ਸਾਮਾਨ ਵੇਚਣ ਵਾਲਿਆਂ ਤੋਂ ਪੈਸੇ ਵਸੂਲ ਰਹੇ ਸਨ। ਜਦੋਂ ਉਨ੍ਹਾਂ ਨੇ ਇਕ ਬਰਗਰ ਵਿਕਰੇਤਾ ਤੋਂ ਪੈਸੇ ਮੰਗਣ ਦੀ ਕੋਸ਼ਿਸ਼ ਕੀਤੀ ਤਾਂ ਵਿਰੋਧ ਕਰਨ 'ਤੇ ਉਸਦੀ ਕੁੱਟਮਾਰ ਕਰ ਦਿੱਤੀ ਤਾਂ ਪੀੜਤ ਨੇ ਇਹ ਗੱਲ ਆਪਣੇ ਪਿਤਾ ਨੂੰ ਦੱਸੀ। ਇਸ ਤੋਂ ਬਾਅਦ ਦੋਵੇਂ ਪਿਓ-ਪੁੱਤਰ ਨੇ ਲੱਖੀ ਅਤੇ ਗੁਰਪ੍ਰੀਤ ਨੂੰ ਬੱਸ ਅੱਡੇ 'ਚ ਲੱਭ ਕੇ ਉਨ੍ਹਾਂ 'ਤੇ ਲੋਹੇ ਦੀਆਂ ਰਾਡਾਂ ਨਾਲ ਹਮਲਾ ਕਰ ਦਿੱਤਾ। ਲੱਖੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਗੁਰਪ੍ਰੀਤ ਨੂੰ ਗੰਭੀਰ ਹਾਲਤ 'ਚ ਏਮਜ਼ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਹਮਲੇ ਦੌਰਾਨ ਲੱਖੀ ਨੇ ਪਿਸਤੌਲ ਨਾਲ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਹਮਲੇ ਦੀ ਸ਼ੁਰੂਆਤ 'ਚ ਹੀ ਉਸ ਦਾ ਹਥਿਆਰ ਡਿੱਗ ਗਿਆ।

# ਐਕਸ਼ਨ 'ਚ ਜਲੰਧਰ ਦੀ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ, ਅਧਿਕਾਰੀਆਂ ਨੂੰ ਕਰ 'ਤੇ ਸਖ਼ਤ ਹੁਕਮ ਜਾਰੀ

**ਕੌਮੀ ਪਤ੍ਰਿਕਾ**

ਜਲੰਧਰ 6 ਅਗਸਤ। ਜਲੰਧਰ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਅੱਜ ਪੁਲਸ ਲਾਈਨਜ਼ ਜਲੰਧਰ ਵਿੱਚ ਇੱਕ ਵਿਸ਼ੇਸ਼ ਮੀਟਿੰਗ ਦੀ ਅਗਵਾਈ ਕੀਤੀ, ਜਿਸ ਦਾ ਉਦੇਸ਼ ਸ਼ਹਿਰ ਵਿੱਚ ਅਪਰਾਧ ਰੋਕਥਾਮ ਦੀਆਂ ਪਹਿਲਕਦਮੀਆਂ ਨੂੰ ਹੋਰ ਮਜ਼ਬੂਤ ਕਰਨਾ ਅਤੇ ਨਾਗਰਿਕਾਂ ਲਈ ਸੁਰੱਖਿਅਤ ਵਾਤਾਵਰਣ ਸੁਨਿਸ਼ਚਿਤ ਕਰਨਾ ਸੀ। ਇਸ ਮੀਟਿੰਗ ਵਿੱਚ ਜੁਆਇੰਟ ਸੀਪੀ, ਡੀ. ਸੀ. ਪੀ. ਇੰਵੈਸਟੀਗੇਸ਼ਨ, ਏ. ਡੀ. ਸੀ. ਪੀ. ਇਨਵੈਸਟੀਗੇਸ਼ਨ, ਏ. ਡੀ. ਸੀ. ਪੀ. ਹੈੱਡਕੁਆਰਟਰਜ਼ ਅਤੇ ਸ਼ਹਿਰ ਦੇ ਸਾਰੇ ਏ. ਸੀ. ਪੀਜ਼, ਐੱਸ. ਐੱਚ. ਓਜ਼. ਅਤੇ ਯੂਨਿਟ ਇੰਚਾਰਜ ਮੌਜੂਦ ਰਹੇ। ?ਵਿਸਤ੍ਰਿਤ ਅਪਰਾਧ ਸਮੀਖਿਆ: ਸਨੈਚਿੰਗ, ਡਕੈਤੀ ਅਤੇ ਹੋਰ ਗੰਭੀਰ ਘਟਨਾਵਾਂ ਦੇ ਖ਼?ਲਾਫ਼ ਕੀਤੀਆਂ ਕਾਰਵਾਈਆਂ ਦੀ ਵਿਸਤ੍ਰਿਤ ਸਮੀਖਿਆ ਕੀਤੀ ਗਈ। ਪੈਂਡਿੰਗ ਮਾਮਲਿਆਂ ਦੀ ਤੇਜ਼ੀ ਨਾਲ ਜਾਂਚ ਅਤੇ ਚਾਰਜਸ਼ੀਟਾਂ ਦੀ ਸਮੇਂ-ਸਿਰ ਪੇਸ਼ੀ ਯਕੀਨੀ ਕੀਤੀ ਜਾਵੇਗੀ। ਪੈਟਰੋਲਿੰਗ 'ਚ ਵਾਧਾ : ਚੋਰੀ, ਡਕੈਤੀ ਅਤੇ ਹੋਰ ਸੜਕ ਅਪਰਾਧਾਂ ਨੂੰ ਰੋਕਣ ਲਈ ਰਾਤ ਸਮੇਂ ਦੀ ਪੈਟਰੋਲਿੰਗ ਅਤੇ ਵਾਧੂ ਪੁਲਸ ਟੀਮਾਂ ਦੀ ਤਾਇਨਾਤੀ ਕੀਤੀ ਜਾਵੇਗੀ। ਸੰਵੇਦਨਸ਼ੀਲ ਇਲਾਕਿਆਂ ਵਿੱਚ ਪੁਲਸ ਮੌਜੂਦਗੀ ਵਧਾਈ ਜਾਵੇਗੀ। ਵਿਸ਼ੇਸ਼ ਆਪਰੇਸ਼ਨ : ਆਯੋਜਿਤ ਅਪਰਾਧ, ਨਸ਼ਾ ਤਸਕਰੀ



ਅਤੇ ਆਦੀ ਅਪਰਾਧੀਆਂ ਖ਼?ਲਾਫ਼ ਟਾਰਗੇਟਡ ਮੁਹਿੰਮਾਂ ਸ਼ੁਰੂ ਕੀਤੀਆਂ ਜਾਣਗੀਆਂ। ਸਕੂਲਾਂ, ਕਾਲਜਾਂ ਅਤੇ ਮਾਰਕੀਟਾਂ ਨੇੜੇ ਖ਼ਾਸ ਐਂਟੀ-ਹਰਾਸਮੈਂਟ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਟਰੈਫਿਕ ਪ੍ਰਬੰਧਨ ਅਤੇ ਸੜਕ ਸੁਰੱਖਿਆ : ਨਸ਼ੇ ਵਿੱਚ ਡਰਾਈਵਿੰਗ ਅਤੇ ਓਵਰ-ਸਪੀਡਿੰਗ ਖ਼?ਲਾਫ਼ ਕੜੀ ਕਾਰਵਾਈ ਕੀਤੀ ਜਾਵੇਗੀ। ਦੁਰਘਟਨਾ-ਪ੍ਰਵਣ ਅਤੇ ਵੱਧ ਟਰੈਫਿਕ ਵਾਲੇ ਇਲਾਕਿਆਂ ਵਿੱਚ ਵਾਧੂ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਹੈਲਪਲਾਈਨ ਜਾਗਰੂਕਤਾ ਮੁਹਿੰਮਾਂ : 112 (ਐਮਰਜੈਂਸੀ) ਅਤੇ 1091 (ਮਹਿਲਾ ਹੈਲਪਲਾਈਨ) ਵਰਗੀਆਂ ਹੈਲਪਲਾਈਨਾਂ ਬਾਰੇ ਜਨਤਕ ਜਾਗਰੂਕਤਾ ਵਧਾਈ ਜਾਵੇਗੀ। ਸੋਸ਼ਲ ਮੀਡੀਆ ਟੀਮਾਂ ਨਾਗਰਿਕਾਂ ਨਾਲ ਤੁਰੰਤ ਸੰਚਾਰ ਅਤੇ ਅੱਪਡੇਟ ਮੁਹੱਈਆ ਕਰਵਾਉਣਗੀਆਂ। ਸਾਈਬਰ ਸੈੱਲ ਦੀ ਮਜ਼ਬੂਤੀ ਅਤੇ ਤਕਨਾਲੋਜੀ ਇੰਟੀਗ੍ਰੇਸ਼ਨ : ਸਾਈਬਰ ਸੈੱਲ ਨੂੰ ਵਿੱਤੀ ਧੋਖਾਧੜੀ, ਪਛਾਣ ਚੋਰੀ ਅਤੇ ਆਨਲਾਈਨ ਹਰਾਸਮੈਂਟ ਨਾਲ ਨਿਪਟਣ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਜਾਵੇਗਾ। ਪ੍ਰਸ਼ਿਕਸ਼ਿਤ ਕਰਮਚਾਰੀ ਆਨਲਾਈਨ ਫਰਾਡ ਅਤੇ ਵਿੱਤੀ ਅਪਰਾਧਾਂ ਨਾਲ ਨਿਪਟਣਗੇ। ਸੀ. ਸੀ. ਟੀ. ਵੀ. ਨਿਗਰਾਨੀ ਅਤੇ ਡਾਟਾ-ਆਧਾਰਿਤ ਤਕਨਾਲੋਜੀ ਨਾਲ ਅਪਰਾਧੀਆਂ ਨੂੰ ਜਲਦੀ ਕਾਬੂ ਕਰਨ ਲਈ ਪ੍ਰਬੰਧ ਹੋਣਗੇ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਸਾਡੀ ਪਹਿਲ ਜਲੰਧਰ ਦੇ ਹਰ ਨਾਗਰਿਕ ਦੀ ਸੁਰੱਖਿਆ ਹੈ। ਅਸੀਂ ਦ੍ਰਿੜਤਾ ਅਤੇ ਇਮਾਨਦਾਰੀ ਨਾਲ ਮਿਲ ਕੇ ਕੰਮ ਕਰਾਂਗੇ ਤਾਂ ਜੋ ਇਕ ਸੁਰੱਖਿਅਤ ਸ਼ਹਿਰ ਬਣਾਇਆ ਜਾ ਸਕੇ।

# ਸ਼ਹਿਰ ਦੀ ਸਫਾਈ ਲਈ ਕਾਰਪੋਰੇਸ਼ਨ ਨੇ ਸ਼ੁਰੂ ਕੀਤੀ ਵਿਸ਼ੇਸ਼ ਮੁਹਿੰਮ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ , 6 ਅਗਸਤ: ਕਮਿਸ਼ਨਰ ਨਗਰ ਨਿਗਮ ਸ੍ਰੀ ਗੁਲਪ੍ਰੀਤ ਸਿੰਘ ਔਲਖ ਵਲੋਂ ਅੰਮ੍ਰਿਤਸਰ ਪੂਰਬੀ ਦੇ ਵਿਧਾਇਕ ਡਾ. ਜੀਵਨਜੋਤ ਕੌਰ , ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿਝਰ ਅਤੇ ਡੇਰਾ ਬਾਬਾ ਭੂਰੀ ਵਾਲਿਆਂ ਦੇ ਬਾਬਾ ਕਸ਼ਮੀਰਾ ਸਿੰਘ ਜੀ ਦੇ ਨਾਲ ਮਿਲ ਕੇ ਅੰਮ੍ਰਿਤਸਰ ਸ਼ਹਿਰ ਦੇ ਚਹੁ?ਹ-ਮੁੱਖੀ ਵਿਕਾਸ ਅਤੇ ਸੁੰਦਰੀਕਰਨ ਦਾ ਅੱਜ ਤੱਕ ਦੀ ਸਭ ਤੋ ਵੱਡੀ ਮੁਹਿੰਮ ਅੱਜ ਜੀ.ਟੀ ਰੋਡ ਅੰਮ੍ਰਿਤਸਰ ਦੇ ਮੁੱਖ ਐਂਟਰੀ ਪੁਆਇੰਟ ਗੋਲਡਨ ਗੇਟ ਤੋਂ ਸ਼ੁਰੂ ਕੀਤੀ ਗਈ । ਇਹ ਮੁਹਿੰਮ ਅਗਲੇ 7 ਦਿਨ ਸ਼ਹਿਰ ਦੇ ਸਾਰੇ ਇਲਾਕਿਆਂ ਵਿਚ ਲਗਾਤਾਰ ਜਾਰੀ ਰਹੇਗੀ ਅਤੇ ਇਸ ਦਾ ਆਖਰੀ ਪੜਾਅ ਸ਼?ਰੀ ਦਰਬਾਰ ਸਾਹਿਬ ਤੱਕ ਜਾ ਕੇ ਖਤਮ ਹੋਵੇਗਾ। ਇਸ ਦਾ ਮੁੱਖ ਮੰਤਵ ਸ਼ਹਿਰ ਵਾਸੀਆਂ ਨੂੰ ਸ਼ਹਿਰ ਦੀ ਸੁੰਦਰਤਾ ਵਧਾਉਣ ਲਈ ਜਾਗਰੂਕ ਕਰਨਾ ਅਤੇ ਵੱਖ-ਵੱਖ ਰਿਹਾਇਸ਼ੀ , ਸਮਾਜ ਸੇਵੀ ਅਤੇ ਹੋਰ ਅਜਿਹੀਆਂ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਇਹ ਸੰਸਥਾਵਾ ਸ਼ਹਿਰ ਦੇ ਵਿਕਾਸ ਲਈ ਯੋਗਦਾਨ ਪਾ ਸਕਣ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਡਾਕਟਰ ਇੰਦਰਬੀਰ ਸਿੰਘ ਨਿਜਰ ਨੇ ਸ਼ਹਿਰ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸ਼ਹਿਰ ਦੇ ਸਫਾਈ ਲਈ ਅੱਗੇ ਆਉਣ। ਉਹਨਾਂ ਕਿਹਾ ਕਿ ਉਹ ਸ਼ਹਿਰ ਜਿੱਥੇ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਸੰਗਤ ਆਉਂਦੀ ਹੈ, ਨੂੰ ਕੇਵਲ ਕਾਰਪੋਰੇਸ਼ਨ ਸਾਫ ਨਹੀਂ ਕਰ ਸਕਦੀ। ਇਸ ਲਈ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਸ਼ਹਿਰ ਵਿੱਚ ਕੂੜਾ ਕਰਕਟ ਜਨਤਕ ਥਾਵਾਂ ਉੱਤੇ ਨਾ ਸੁੱਟੀਏ। ਡਾ ਜੀਵਨਜੋਤ ਕੌਰ ਨੇ ਇਸ ਮੌਕੇ ਸ਼ਹਿਰ ਦੀਆਂ ਸਾਰੀਆਂ ਸੰਸਥਾਵਾਂ ਨੂੰ ਅੱਗੇ ਆਉਣ ਦਾ ਸਿੱਧਾ ਦਿੰਦੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਹੈ ਕਿ ਸ਼ਹਿਰ ਦਾ ਚਹੁ?ਹ-ਮੁੱਖੀ ਵਿਕਾਸ ਹੋਵੇ ਅਤੇ ਸ਼ਹਿਰ ਵਾਸੀ ਇਸ ਸ਼ਹਿਰ ਦੀ ਸੁੰਦਰਤਾ ਨੂੰ ਬਣਾ ਕੇ ਰਖਣ । ਉਹਨਾਂ ਕਿਹਾ ਕਿ ਅਜਿਹੇ ਹੰਭਲੇ ਆਉਣ ਵਾਲੇ ਸਮੇਂ ਵਿਚ ਵੀ ਜਾਰੀ ਰਹਿਣਗੇ ਅਤੇ ਸ਼ਹਿਰ ਸਹੀ ਮਾਇਨੇ ਵਿੱਚ ਸੁੰਦਰ ਸ਼ਹਿਰ ਬਣੇਗਾ । ਉਹਨਾਂ ਦੱਸਿਆ ਕਿ ਇਸ ਮੁਹਿੰਮ ਵਿੱਚ ਨਗਰ ਨਿਗਮ ਦੇ ਹਰ ਇਕ ਵਿਭਾਗ ਵਲੋਂ ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਅੰਜ਼ਾਮ ਦਿਤਾ ਜਾਵੇਗ। ਇਸ ਮੌਕੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ , ਨਿਗਰਾਨ ਇੰਜੀਨਿਅਰ ਸੰਦੀਪ ਸਿੰਘ, ਕਾਰਜਕਾਰੀ ਇੰਜੀਨਿਅਰਜ , ਸਿਹਤ ਅਫਸਰ ,ਅਸਟੇਟ ਅਫਸਰ , ਸੁਪਰਡੰਟ ਐਡਵਰਟਾਇਜਮੈਂਟ, ਐਸਡੀ.ਓਜ ਜੇਈਜ ਅਤੇ ਹੋਰ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ । ਕਮਿਸ਼ਨਰ ਸ੍ਰੀ ਗੁਲਪ੍ਰੀਤ ਸਿੰਘ ਔਲਖ ਨੇ ਦਸਿਆ ਕਿ ਇਸ ਵਿਸ਼ੇਸ਼ ਮੁਹਿੰਮ ਅਧੀਨ ਸਾਫ-ਸਫਾਈ, ਸਿਵਲ ਦੇ ਕੰਮ ਜਿਵੇ ਕਿ ਫੁਟਪਾਥ , ਟੁਟੀਆਂ ਸੜਕਾਂ, ਪੈਚ ਵਰਕ ਸੈਂਟਰਲ ਵਰਜ ਆਦਿ ਦੀ ਰਿਪੇਅਰ, ਬਾਗਬਾਨੀ ਨਾਲ ਸਬੰਧਤ ਸਾਰੇ ਕੰਮ , ਸੜਕਾਂ ਤੇ ਲਗੇ ਮੇਨ ਹੋਲ ਕਵਰ ਦੀ ਰਿਪੇਅਰ , ਡਿਸਿਲਟਿੰਗ ਅਤੇ ਸੀਵਰੇਜ ਕਲੀਨਿੰਗ ਦੇ ਕੰਮ , ਸਟਰੀਟ ਲਾਈਟਾਂ ,ਅਸਟੇਟ ਵਿਭਾਗ ਅਤੇ ਐਡਵਰਟਾਇਜਮੈਂਟ ਵਿਭਾਗ ਵਲੋਂ ਸੜਕਾਂ ਤੇ ਹੋਏ ਨਜਾਇਜ ਕਬਜ਼ੇ ਅਤੇ ਨਜਾਇਜ਼ ਬਿਲ ਬੋਰਡ / ਵਿਗਿਆਪਨ ਦੇ ਬੋਰਡ ਹਟਾਉਣਾ ਆਦਿ ਦੇ ਕੰਮ ਕੀਤੇ ਜਾਣਗੇ । ਉਹਨਾਂ ਕਿਹਾ ਕਿ ਇਹ ਅਭਿਆਨ ਸ਼ਹਿਰ ਦੀਆਂ ਸੰਸਥਾਵਾ ਨੂੰ ਨਾਲ ਲੈ ਕੇ ਰੋਜਾਨਾ ਜਾਰੀ ਰਹੇਗਾ । ਉਹਨਾਂ ਕਿਹਾ ਕਿ ਇਸ ਅਭਿਆਨ ਵਿੱਚ ਆਪਣਾ ਯੋਗਦਾਨ ਦੇਣ ਲਈ ਸ਼ਹਿਰ ਦੀਆਂ ਸਾਰੀਆਂ ਸਮਾਜ ਸੇਵੀ , ਵਪਾਰਕ , ਰਿਹਾਇਸ਼ੀ ਅਤੇ ਐਨ.ਜੀ.ਓਜ ਨੂੰ ਵੀ ਸੱਦਾ ਦਿਤਾ ਜਾਂਦਾ ਹੈ।

## ਮਹੰਤ ਪ੍ਰਵੀਨ ਚੌਧਰੀ ਦੀ ਮਾਤਾ ਸਵਰਗੀ ਰੁਕਮਣੀ ਦੇਵੀ ਦੀ ਸ਼ੋਕ ਸਭਾ ਵਿੱਚ ਸੈਂਕੜੇ ਲੋਕਾਂ ਨੇ ਸ਼ਰਧਾਂਜਲੀ ਭੇਟ ਕੀਤੀ

ਲੁਧਿਆਣਾ 6 ਅਗਸਤ: ਮਾਂ ਬਗਲਾ ਮੁਖੀ ਧਾਮ ਦੇ ਮੁੱਖ ਸੇਵਾਦਾਰ ਮਹੰਤ ਪ੍ਰਵੀਨ ਚੌਧਰੀ, ਪੁਰਸ਼ੋਤਮ ਚੌਧਰੀ ਜੀ ਦੀ ਸਤਿਕਾਰਯੋਗ ਮਾਤਾ ਅਤੇ ਬ੍ਰਿਜ ਲਾਲ ਚੌਧਰੀ ਦੀ ਪਤਨੀ ਸਵਰਗੀ ਰੁਕਮਣੀ ਦੇਵੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਆਯੋਜਿਤ ਸ਼੍ਰੀ ਗਰੁੜ ਪੁਰਾਣ ਜੀ ਦੀ ਆਖਰੀ ਸ਼ਰਧਾਂਜਲੀ ਸਭਾ ਅਤੇ ਭੇਟ ਵਿੱਚ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਵਪਾਰਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਆਯੋਜਿਤ ਸ਼ੋਕ ਸਭਾ ਵਿੱਚ ਆਚਾਰੀਆ ਸੰਦੀਪ ਜੋਸ਼ੀ ਨੇ ਸ਼੍ਰੀ ਗਰੁੜ ਪੁਰਾਣ ਜੀ ਦੇ ਅੰਤਿਮ ਪੱਦਤੀਆਂ ਦਾ ਪਾਠ ਕੀਤਾ ਅਤੇ ਸਵਰਗੀ ਰੁਕਮਣੀ ਦੇਵੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਸ਼੍ਰੀ ਰਾਮ ਸ਼ਰਨਮ ਤੋਂ ਸੰਤ ਅਸ਼ਵਨੀ ਬੇਦੀ ਜੀ ਨੇ ਕਿਹਾ ਕਿ ਮਹੰਤ ਪ੍ਰਵੀਨ ਚੌਧਰੀ ਜੀ ਸਵਰਗੀ ਮਾਤਾ ਰੁਕਮਣੀ ਜੀ ਤੋਂ ਪ੍ਰਾਪਤ ਕਦਰਾਂ-ਕੀਮਤਾਂ ਨੂੰ ਅੱਗੇ ਵਧਾ ਕੇ ਧਰਮ ਅਤੇ ਸਮਾਜ ਪ੍ਰਤੀ ਸਮਰਪਿਤ ਜੀਵਨ ਜੀ ਰਹੇ ਹਨ। ਭਜਨ ਗਾਇਕਾ ਲੀਜ਼ਾ ਡਾਬਰ ਨੇ ਭਜਨ ਪੇਸ਼ ਕੀਤੇ ਅਤੇ ਸਵਰਗੀ ਰੁਕਮਣੀ ਜੀ ਦੁਆਰਾ ਆਪਣੇ ਆਖਰੀ ਸਾਹ ਤੱਕ ਨਿਭਾਈਆਂ ਗਈਆਂ ਧੀ, ਮਾਂ, ਨੂੰਹ ਅਤੇ ਸੱਸ ਦੀਆਂ ਜ਼ਿੰਮੇਵਾਰੀਆਂ ਦਾ ਵਰਣਨ ਕੀਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ, ਵਿਧਾਇਕ ਦਲਜੀਤ ਭੋਲਾ ਗਰੇਵਾਲ, ਵਿਧਾਇਕ ਰਾਜਿੰਦਰਪਾਲ ਕੌਰ ਛੀਨਾ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਰਾਜ ਸਭਾ ਮੈਂਬਰ ਸੰਤ ਸੀਚੇਵਾਲ, ਗਊ-ਸੇਵਕ ਸਵਾਮੀ ਕ੍ਰਿਸ਼ਨਾਨੰਦ ਜੀ ਮਹਾਰਾਜ ਨੇ ਸ਼ੋਕ ਸੰਦੇਸ਼ ਭੇਜੇ ਅਤੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼੍ਰੀ ਰਾਮ ਸ਼ਰਨਮ, ਸੰਤ ਅਸ਼ਵਨੀ ਬੇਦੀ, ਬਾਬਾ ਕੁਲਵੰਤ ਭੱਲਾ, ਮਹੰਤ ਸ਼ਕਤੀ ਨਾਥ, ਸਾਧਵੀ ਲਤਾ ਜੀ, ਸਵਾਮੀ ਰਾਜ ਰਾਜੇਸ਼ਵਰੀ, ਪੰਡਿਤ ਦੇਵੀ ਦਿਆਲ, ਮਾਤਾ ਚਿੰਤਪੁਰਨੀ ਮੰਦਿਰ ਹਿਮਾਚਲ ਪ੍ਰਦੇਸ਼ ਤੋਂ ਪੰਡਿਤ ਭੂਸ਼ਣ ਕਾਲੀਆ ਅਤੇ ਵਿਪਨ ਕਾਲੀਆ, ਅਚਾਰੀਆ ਦੀਪਕ ਸ਼ਾਸਤਰੀ, ਸਾਬਕਾ ਮੰਤਰੀ ਦਲਜੀਤ ਸਿੰਘ ਭੂਰਾ, ਭੁੱਚਾ ਸਿੰਘ ਗਰੇਵਾਲ, ਮਹਾਂਜੀਤ ਸਿੰਘ ਭੂਰਾ, ਸ੍ਰੀ ਰਾਮ ਸ਼ਰਨਮ, ਸੰਤ ਅਸ਼ਵਨੀ ਬੇਦੀ, ਹੀਰਾ ਸਿੰਘ ਗਾਬੜੀਆ, ਵਿਧਾਇਕ ਮਦਨ ਲਾਲ ਬੱਗਾ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਸਾਬਕਾ ਵਿਧਾਇਕ ਸੁਰਿੰਦਰ ਡਾਬਰ, ਕੁਲਦੀਪ ਸਿੰਘ ਵੈਦ, ਦਰਸ਼ਨ ਲਾਲ ਲੱਡੂ, ਮਦਨ ਲਾਲ ਚੋਪੜਾ, ਦਰਸ਼ਨ ਅਰੋੜਾ, ਆਦੀ ਨੇ ਪਹੁੰਚੇ ਕੇ ਮਰਹੂਮ ਰੁਕਮਣੀ ਦੇਵੀ ਜੀ ਨੂੰ ਸ਼ਰਧਾਂਜਲੀ ਦਿੱਤੀ ਅਤੇ ਇਸ ਦੁੱਖ ਦੀ ਘੜੀ ਵਿੱਚ ਚੌਧਰੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

# ਨੇਤਰਹੀਣ ਆਸ਼ਰਮ ਸਪਰੋੜ ਵਿਖੇ ਕਰਵਾਇਆ ਨਸ਼ਾਖੋਰੀ ਵਿਰੁੱਧ ਜਾਗਰੂਕਤਾ

**ਕੌਮੀ ਪਤ੍ਰਿਕਾ**

ਫਗਵਾੜਾ 6 ਅਗਸਤ: ਯੁਵਕ ਸੇਵਾਵਾਂ ਕਲੱਬ ਭੁੱਲਾਰਾਈ ਵਲੋਂ ਕਲੱਬ ਦੇ ਪ੍ਰਧਾਨ ਜਸ਼ਨਪ੍ਰੀਤ ਦੀ ਦੇਖਰੇਖ ਹੇਠ ਨਸ਼ਾਖੋਰੀ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਸਥਾਨਕ ਗੁਰੂ ਨਾਨਕ ਮਿਸ਼ਨ ਨੇਤਰਹੀਣ ਤੇ ਬਿਰਧ ਆਸ਼ਰਮ ਸਪਰੋੜ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਹਾਇਕ ਡਾਇਰੈਕਟਰ ਰਵੀ ਦਾਰਾ ਯੁਵਕ ਸੇਵਾਵਾਂ ਵਿਭਾਗ ਕਪੂਰਥਲਾ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਐਡਵੋਕੇਟ ਕਸ਼ਮੀਰ ਸਿੰਘ ਮੱਲੀ ਨੇ ਹਾਜਰੀ ਲਗਵਾਈ। ਸਹਾਇਕ ਡਾਇਰੈਕਟਰ ਰਵੀ ਦਾਰਾ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਮਾਜ ਵਿਚੋਂ ਨਸ਼ੇ ਖ਼ਤਮ ਕਰਨ ਲਈ ਪੂਰੇ ਯਤਨ ਕਰ ਰਹੀ ਹੈ। ਨਸ਼ਿਆਂ ਦੀ ਇਸ ਬੁਰਾਈ ਦੇ ਖਾਤਮੇ ਲਈ ਸਮੂਹ ਪੰਜਾਬੀਆਂ ਦਾ ਇਕਜੁੱਟ ਹੋਣਾ ਬਹੁਤ ਜਰੂਰੀ ਹੈ ਅਤੇ ਚੰਗੀ ਗੱਲ ਹੈ ਕਿ ਪੰਜਾਬ ਦੇ ਬਹਾਦਰ ਲੋਕ ਹੁਣ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਰਵੱਈਆ ਅਖਤਿਆਰ ਕਰ ਚੁੱਕੇ ਹਨ। ਐਡਵੋਕੇਟ ਕਸ਼ਮੀਰ ਸਿੰਘ ਮੱਲੀ ਨੇ ਕਿਹਾ ਕਿ ਨਫ਼ਰਤ ਹਮੇਸ਼ਾ ਨਸ਼ੇ ਤੋਂ ਕਰਨੀ ਚਾਹੀਦੀ ਹੈ, ਨਸ਼ੇੜੀ ਵਿਆਕਤੀ ਤੋਂ ਨਹੀਂ। ਨਸ਼ਾ ਕਰਨ ਦੇ ਆਦੀ ਵਿਅਕਤੀ ਦੀ ਕੌਂਸਲਿੰਗ ਕਰਕੇ ਨਸ਼ਾ ਤਿਆਗ ਦੇਣ ਲਈ ਮਾਨਸਿਕ ਤੌਰ ਤੇ ਉਸਨੂੰ ਤਿਆਰ ਕਰਨ ਦਾ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ। ਤਾਂ ਜੋ ਉਹ ਸਮਾਜ 'ਚ ਇਕ ਵਧੀਆ ਤੇ ਤੰਦਰੁਸਤ ਨਸ਼ਾ ਰਹਿਤ ਜੀਵਨ ਜੀਉ ਸਕੇ। ਇਸ ਸਮੇਂ ਸਾਬਕਾ ਸਰਪੰਚ ਕੁਲਦੀਪ ਰਾਮ ਨੇ ਸਮਾਜ ਵਿੱਚ ਨਸ਼ੇ ਖ਼ਤਮ ਕਰਨ ਲਈ ਕਿਹਾ। ਉਹਨਾ ਆਪਣੇ ਵਿਸਥਾਰਤ ਭਾਸ਼ਨ 'ਚ ਨਸ਼ਿਆਂ ਦੇ ਕਾਰਨਾਂ ਵਿੱਚ ਬੇਰੁਜ਼ਗਾਰੀ, ਅਨਪੜ੍ਹਤਾ, ਮਾਪਿਆਂ ਵਲੋਂ ਬੱਚਿਆਂ ਦੀ ਅਣਦੇਖੀ ਅਤੇ ਵੱਧ ਰਹੇ ਸੋਸ਼ਲ ਮੀਡੀਆ ਦੇ ਪ੍ਰਭਾਵ ਨੂੰ ਜਿੰਮੇਵਾਰ ਠਹਿਰਾਇਆ। ਉਹਨਾਂ ਨੇ ਕਿਹਾ ਕਿ ਸਮਾਜ ਵਿੱਚ ਮੁਢ ਕਦੀਮ ਤੋਂ ਨਸ਼ੇ ਹਨ, ਪਰ ਇਸ ਵੇਲੇ ਪੰਜਾਬੀ ਸਮਾਜ ਬੁਰੀ ਤਰ੍ਹਾਂ ਨਸ਼ਿਆਂ ਤੋਂ ਗ੍ਰਸਤ ਹੈ। ਸਮਾਜ ਸੇਵਕ ਰਮਨ ਨਹਿਰਾ ਨੇ ਕਿਹਾ ਕਿ ਨਸ਼ਾ ਇੱਕ ਬੀਮਾਰੀ ਹੈ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਦਵਾਈ ਦੀ ਤਾਂ ਲੋੜ ਹੈ ਹੀ, ਸਗੋਂ ਪਰਿਵਾਰ, ਸਮਾਜ ਦੀ ਵੀ ਨਸ਼ੱਈ ਵਲੋਂ ਨਸ਼ਾ ਛੱਡਾਉਣ 'ਚ ਵਿਸ਼ੇਸ਼ ਭੂਮਿਕਾ ਹੈ।

## ਡਿਜੀਟਲ ਯੁੱਗ ਵਿੱਚ ਵੀ, ਕਿਤਾਬਾਂ ਪ੍ਰਤੀ ਪਿਆਰ ਭਾਰਤ ਨੂੰ ਵਿਸ਼ਵ ਲੀਡਰ ਬਣਾਏਗਾ: ਮੁੱਖ ਮੰਤਰੀ ਰੇਖਾ ਗੁਪਤਾ

Contd..............Front page

ਜੋ ਨਾ ਸਿਰਫ਼ ਰਾਜਨੀਤਿਕ ਤੌਰ 'ਤੇ ਅਮੀਰ ਹੈ, ਸਗੋਂ ਸੱਭਿਆਚਾਰਕ ਤੌਰ 'ਤੇ ਵੀ ਚੇਤੰਨ ਹੈ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ 'ਗਿਆਨ ਅਧਾਰਤ ਸਮਾਜ' ਦੇ ਦ੍ਰਿਸ਼ਟੀਕੋਣ ਦਾ ਹਵਾਲਾ ਦਿੰਦੇ ਹੋਏ, ਸ਼੍ਰੀ ਮਿਸ਼ਰਾ ਨੇ ਕਿਹਾ ਕਿ ਕਿਤਾਬਾਂ ਨਾ ਸਿਰਫ਼ ਗਿਆਨ ਪ੍ਰਦਾਨ ਕਰਦੀਆਂ ਹਨ, ਸਗੋਂ ਸੱਭਿਆਚਾਰ ਵੀ ਦਿੰਦੀਆਂ ਹਨ ਅਤੇ ਦਿੱਲੀ ਸਰਕਾਰ ਨੇ ਇਸ ਵਿਚਾਰਧਾਰਾ ਨੂੰ ਅਪਣਾਇਆ ਹੈ। ਸ਼੍ਰੀ ਮਿਸ਼ਰਾ ਨੇ ਸੁਝਾਅ ਦਿੱਤਾ ਕਿ ਆਉਣ ਵਾਲੇ ਸਾਲਾਂ ਵਿੱਚ, ਪੁਸਤਕ ਮੇਲੇ ਨੂੰ 'ਸਾਹਿਤਕ ਉਤਸਵ' ਦਾ ਰੂਪ ਦਿੱਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਕਵੀ, ਲੇਖਕ, ਵਿਦਿਆਰਥੀ ਅਤੇ ਸਾਹਿਤ ਪ੍ਰੇਮੀ ਸੰਵਾਦ ਅਤੇ ਰਚਨਾਤਮਕ ਭਾਗੀਦਾਰੀ ਲਈ ਇੱਕ ਪਲੇਟਫਾਰਮ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਮੁੱਖ ਮੰਤਰੀ ਰੇਖਾ ਗੁਪਤਾ ਨੇ ਇਸ ਸਾਲ ਕਲਾ, ਸੱਭਿਆਚਾਰ ਅਤੇ ਭਾਸ਼ਾ ਵਿਭਾਗ ਲਈ ਇੱਕ ਇਤਿਹਾਸਕ ਬਜਟ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸਦਾ ਪ੍ਰਭਾਵ ਦਿੱਲੀ ਦੇ ਸੱਭਿਆਚਾਰਕ ਦ੍ਰਿਸ਼ 'ਤੇ ਸਪੱਸ਼ਟ ਤੌਰ 'ਤੇ ਦਿਖਾਈ ਦੇਵੇਗਾ। ਪ੍ਰੋਗਰਾਮ ਵਿੱਚ ਆਈਪੀਪੀਓ ਦੇ ਚੇਅਰਮੈਨ ਸ਼੍ਰੀ ਪ੍ਰਦੀਪ ਸਿੰਘ ਖਰੋਲਾ ਅਤੇ ਹੋਰ ਪਤਵੰਤੇ ਮੌਜੂਦ ਸਨ।

## ਭਾਰੀ ਮੀਂਹ ਦਰਮਿਆਨ ਪੰਜਾਬ ਲਈ ਵੱਡਾ ਖ਼ਤਰਾ ! ਹਾਲਾਤ 'ਤੇ ਲਗਾਤਾਰ ਨਜ਼ਰ ਰੱਖ ਰਹੀ ਸਰਕਾਰ

ਚੰਡੀਗੜ੍ਹ 6 ਅਗਸਤ। ਜੂਨ ਦੇ ਅੱਧ ਤੋਂ 2 ਅਗਸਤ ਤੱਕ ਹੋਈ ਬਾਰਸ਼ ਕਾਰਨ ਇਸ ਸਾਲ ਭਾਖੜਾ, ਪੌਂਗ ਤੇ ਰਣਜੀਤ ਸਾਗਰ ਡੈਮ ਦਾ ਪਾਣੀ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਜੇਕਰ ਆਉਣ ਵਾਲੇ ਦਿਨਾਂ 'ਚ ਹੋਰ ਬਾਰਸ਼ ਹੁੰਦੀ ਹੈ ਤਾਂ ਪੰਜਾਬ ਦੇ ਕਈ ਮੈਦਾਨੀ ਇਲਾਕਿਆਂ 'ਚ ਹੜ੍ਹ ਦਾ ਖ਼ਤਰਾ ਵੱਧ ਜਾਵੇਗਾ। ਇਸ ਵੇਲੇ ਡੈਮਾਂ ਤੋਂ ਪਾਣੀ ਦਾ ਨਿਕਾਸ ਵੱਧਣ ਕਾਰਨ ਸਤਲੁਜ ਅਤੇ ਬਿਆਸ ਦਰਿਆਵਾਂ 'ਚ ਪਾਣੀ ਦਾ ਪੱਧਰ 3 ਤੋਂ 4 ਮੀਟਰ ਵੱਧ ਗਿਆ ਹੈ। ਦੋਹਾਂ ਪ੍ਰਮੁੱਖ ਦਰਿਆਵਾਂ 'ਚ ਪਾਣੀ ਦਾ ਵਹਾਅ ਜ਼ਿਆਦਾ ਹੋਣ ਕਾਰਨ ਦੋਹਾਂ ਦਰਿਆਵਾਂ ਦੇ ਆਲੇ-ਦੁਆਲੇ ਦੇ ਨੀਵੇਂ ਇਲਾਕਿਆਂ 'ਚ ਪਾਣੀ ਭਰਨਾ ਸ਼ੁਰੂ ਹੋ ਗਿਆ ਹੈ। ਕਈ ਕਿਸਾਨਾਂ ਦੀਆਂ ਫ਼ਸਲਾਂ ਵੀ ਪਾਣੀ ਦੇ ਪੱਧਰ ਵੱਧਣ ਦੇ ਖ਼ਤਰੇ ਹੇਠ ਹਨ। ਪੰਜਾਬ ਦੇ ਜਲ ਸਰੋਤ ਤੇ ਖਣਨ ਮੰਤਰੀ ਬਰਿੰਦਰ ਕੁਮਾਰ ਗੋਇਲ ਦਾ ਕਹਿਣਾ ਹੈ ਕਿ ਉਹ ਪੂਰੀ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਨ ਅਤੇ ਸਬੰਧਿਤ ਅਧਿਕਾਰੀਆਂ ਤੋਂ ਡੈਮਾਂ, ਦਰਿਆਵਾਂ ਤੇ ਨਾਲਿਆਂ ਦੇ ਪਾਣੀ ਦੇ ਪੱਧਰ ਦੀ ਲਗਾਤਾਰ ਰਿਪੋਰਟ ਲੈ ਰਹੇ ਹਨ। ਭਾਖੜਾ ਪ੍ਰਬੰਧਨ ਬੋਰਡ ਦੇ ਅਧਿਕਾਰੀਆਂ ਅਨੁਸਾਰ ਡੈਮਾਂ ਦਾ ਮੌਜੂਦਾ ਪਾਣੀ ਦਾ ਪੱਧਰ ਚਿੰਤਾ ਦਾ ਵਿਸ਼ਾ ਹੈ ਅਤੇ ਇਸਨੂੰ ਹਲਕੇ 'ਚ ਨਹੀਂ ਲਿਆ ਜਾ ਸਕਦਾ। ਇਸ ਸਮੇਂ ਤਿੰਨਾਂ ਡੈਮਾਂ 'ਚ ਪਾਣੀ ਦੇ ਪ੍ਰਵਾਹ ਨੂੰ ਦੇਖਦੇ ਹੋਏ ਤਿੰਨਾਂ ਡੈਮਾਂ ਤੋਂ ਡਿਸਚਾਰਜ ਵਧਾਇਆ ਗਿਆ ਹੈ ਤਾਂ ਜੋ ਡੈਮਾਂ ਦਾ ਪਾਣੀ ਦਾ ਪੱਧਰ ਆਮ ਰਹੇ। ਪੰਜਾਬ ਨਾਲ ਲੱਗਦੇ ਸਾਰੇ ਪ੍ਰਮੁੱਖ ਜਲ ਭੰਡਾਰਾਂ 'ਚ ਪਾਣੀ ਦੇ ਨਿਯਮਤ ਪ੍ਰਵਾਹ ਨਾਲ, ਮੌਜੂਦਾ ਪੱਧਰ ਅਤੇ ਵੱਧ ਤੋਂ ਵੱਧ ਪੱਧਰ ਵਿਚਕਾਰ ਅੰਤਰ ਤੇਜ਼ੀ ਨਾਲ ਘਟ ਰਿਹਾ ਹੈ, ਜਿਸ ਤੋਂ ਬਾਅਦ ਸਥਿਤੀ ਆਮ ਤੋਂ ਵੱਧ ਮੰਨੀ ਜਾ ਰਹੀ ਹੈ। ਆਈ. ਐੱਮ. ਡੀ. ਦੀ ਭਵਿੱਖਬਾਣੀ ਅਨੁਸਾਰ ਅਗਸਤ ਤੋਂ ਸਤੰਬਰ ਤੱਕ ਦੱਖਣ-ਪੱਛਮੀ ਮਾਨਸੂਨ ਸੀਜ਼ਨ ਦੇ ਦੂਜੇ ਅੱਧ 'ਚ ਆਮ ਤੋਂ ਵੱਧ ਬਾਰਸ਼ ਹੋਣ ਦੀ ਸੰਭਾਵਨਾ ਹੈ, ਜੋ ਕਿ ਮੌਨਸੂਨ ਸੀਜ਼ਨ ਦੀ ਔਸਤ ਬਾਰਸ਼ ਦੇ 106 ਫ਼ੀਸਦੀ ਤੋਂ ਵੱਧ ਤੱਕ ਪਹੁੰਚਣ ਦੀ ਉਮੀਦ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 20 ਜੂਨ ਨੂੰ ਭਾਖੜਾ ਜਲ ਭੰਡਾਰ ਦਾ ਪਾਣੀ ਦਾ ਪੱਧਰ 1560.46 ਫੁੱਟ ਸੀ, ਜਦੋਂ ਕਿ ਪਿਛਲੇ ਸਾਲ ਇਹ 1585.65 ਫੁੱਟ ਸੀ, ਜੋ ਕਿ ਕਰੀਬ 25 ਫੁੱਟ ਘੱਟ ਸੀ।

# ਐਮ.ਐਲ.ਜੀ. ਕਾਨਵੈਂਟ ਸਕੂਲ ਵਿਖੇ ਧੂਮਧਾਮ ਨਾਲ ਮਨਾਇਆ ਤੀਜ ਦਾ ਤਿਉਹਾਰ

**ਏਜੰਸੀਆਂ**

ਚੀਮਾ ਮੰਡੀ,6 ਅਗਸਤ: ਸਾਉਣ ਮਹੀਨੇ ਦਾ ਤਿਓਹਾਰ 'ਤੀਆਂ ਤੀਜ ਦੀਆ' ਸਥਾਨਕ ਐਮ.ਐਲ.ਜੀ ਕਾਨਵੈਂਟ ਸਕੂਲ ਚੀਮਾ (ਸੀ ਬੀ ਐਸ ਸੀ ਨਵੀ ਦਿੱਲੀ ਤੋਂ ਮਾਨਤਾ ਪ?ਹਾਪਤ) ਦੇ ਕੈਂਪਸ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੇਲੇ ਸਬੰਧੀ ਸਕੂਲ ਕੈਂਪਸ ਨੂੰ ਪੰਜਾਬੀ ਵਿਰਸੇ ਦਾ ਰੂਪ ਦਿੱਤਾ ਗਿਆ। ਪੰਜਾਬੀ ਪਹਿਰਾਵਿਆਂ ਵਿੱਚ ਸਜੇ ਨੰਨ੍ਹੇ ਬੱਚੇ ਹਰ ਕਿਸੇ ਲਈ ਖਿੱਚ ਦਾ ਕੇਂਦਰ ਬਣੇ ਹੋਏ ਸਨ। ਸਕੂਲ ਕੈਂਪਸ ਵਿੱਚ ਵੱਖ-ਵੱਖ ਤਰ੍ਹਾਂ ਦੇ ਸਟਾਲ ਵੀ ਲਾਏ ਹੋਏ ਸਨ। ਪੂਰੇ ਸਕੂਲ ਦੇ ਕੈਂਪਸ ਨੂੰ ਚਰਖਾ, ਖੂਹ, ਪੁਰਾਣੇ ਭਾਂਡੇ, ਫੁਲਕਾਰੀ, ਚਾਦਰਾਂ ਅਤੇ ਰੰਗੀਨ ਪੀਂਘ ਆਦਿ ਹੋਰ ਵੀ ਰਵਾਇਤੀ ਚੀਜ਼ਾਂ ਨਾਲ ਸਜਾਇਆ ਗਿਆ ਸੀ ਅਤੇ ਸਕੂਲ ਵਿੱਚ ਇੱਕ ਸੰਪੂਰਨ ਤਿਉਹਾਰ ਦਾ ਮਾਹੌਲ ਬਣਿਆ ਰਿਹਾ। ਤੀਜ ਦੇ ਸਮਾਗਮ ਨੂੰ ਮਨਾਉਣ ਮੌਕੇ ਨਰਸਰੀ ਤੋਂ ਬਾਰ੍ਹਵੀਂ ਤੱਕ ਦੀਆਂ ਵਿਦਿਆਰਥਣਾਂ ਵੱਲੋਂ ਰੰਗਦਾਰ ਪੰਜਾਬੀ ਪਹਿਰਾਵੇ ਵਿੱਚ ਸਕੂਲ ਆਏ। ਇਨ੍ਹਾਂ ਵਿੱਚ ਕਈ ਸਟਾਲਾਂ 'ਤੇ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦੀਆਂ ਪ੍ਰਦਰਸ਼ਨੀਆਂ ਵੀ ਲੱਗੀਆਂ ਹੋਈਆਂ ਸਨ। ਇਸ ਮੌਕੇ ਨੰਨ੍ਹੇ ਬੱਚਿਆਂ ਨੇ ਸੱਭਿਆਚਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ। ਪੀਂਘਾਂ ਝੂਟੀਆਂ ਅਤੇ ਸਾਉਣ ਮਹੀਨੇ ਨਾਲ ਸਬੰਧਤ ਬੋਲੀਆਂ ਅਤੇ ਗੀਤਾਂ ਰਾਹੀਂ ਚੰਗਾ ਰੰਗ ਬੰਨ੍ਹ?ਆ। ਪ੍ਰੋਗਰਾਮ 'ਚ ਵਿਦਿਆਰਥਣਾਂ ਨੇ ਤੀਜ ਨਾਲ ਸੰਬੰਧਿਤ ਲੋਕ ਗੀਤ, ਬੋਲੀਆਂ, ਗੀਤ, ਗਰੁੱਪ ਡਾਂਸ, ਮਾਡਲਿੰਗ ਅਤੇ ਗਿੱਧੇ 'ਚ ਆਪਣੀ ਹਾਜ਼ਰੀ ਲਗਵਾਈ ਅਤੇ ਪੰਜਾਬੀ ਪਹਿਰਾਵੇ ਪਾ ਕੇ ਚਰਖਾ ਕੱਤਿਆ ਤੇ ਤੀਆਂ ਦੇ ਮੇਲੇ ਦੀ ਰੌਣਕ ਵਧਾਈ। ਅਲੋਪ ਹੁੰਦੀਆ ਜਾ ਰਹੀਆਂ ਲੋਕ ਕਥਾਵਾਂ ਦੀਆਂ ਪੇਸ਼ਕਾਰੀਆਂ ਮੇਲੇ ਦਾ ਸਿਖਰ ਹੋ ਨਿੱਬੜੀਆਂ। ਸਕੂਲ ਦੇ ਪ੍ਰਿੰਸੀਪਲ ਡਾ. ਵਿਕਾਸ ਸੂਦ ਨੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਪੰਜਾਬੀ ਵਿਰੇਸ ਨਾਲ ਜੁੜਨ ਲਈ ਪ੍ਰੇਰਿਆ। ਉਹਨਾ ਦੱਸਿਆ ਕਿ ਆਧੁਨਿਕ ਹੋਣ ਦੇ ਨਾਲ ਨਾਲ ਸਾਨੂੰ ਸੱਭਿਆਚਾਰ ਨਾਲ ਵੀ ਜੁੜੇ ਰਹਿਣਾ ਚਾਹੀਦਾ ਹੈ। ਇਸ ਮੌਕੇ ਮੈਨੇਜਮੈਂਟ ਮੈਂਬਰਸ ਨੇ ਬੱਚਿਆਂ ਦੀ ਹੌਸਲਾ-ਅਫਜ਼ਾਈ ਕੀਤੀ ਤੇ ਉਨ੍ਹਾਂ ਨੂੰ ਸਰਟੀਫੀਕੇਟ ਵੀ ਦਿੱਤੇ। ਇਹ ਜਸ਼ਨ ਇੱਕ ਯਾਦਗਾਰੀ ਸਮਾਗਮ ਬਣ ਗਿਆ। ਰੰਗਾਂ, ਫੁੱਲਾਂ ਖੁਸ਼ੀ ਅਤੇ ਸੱਭਿਆਚਾਰਕ ਮਾਣ ਨਾਲ ਭਰਿਆ, ਆਉਣ ਵਾਲੀਆਂ ਪੀੜ੍ਹੀਆਂ ਲਈ ਸਾਡੀਆਂ ਪ੍ਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਦਾ ਇੱਕ ਮਜ਼ਬੂਤ ਸੰਦੇਸ਼ ਛੱਡ ਗਿਆ। ਮੈਨੇਜਮੈਂਟ ਮੈਂਬਰਸ ਨੇ ਅੱਗੇ ਦੱਸਿਆ ਕਿ ਐਮ.ਐਲ.ਜੀ ਕਾਨਵੈਂਟ ਸਕੂਲ ਚੀਮਾ ਹਮੇਸ਼ਾ ਅਜਿਹੇ ਸੱਭਿਆਚਾਰਕ ਸਮਾਗਮ ਕਰਵਾਉਂਦਾ ਰਹਿੰਦਾ ਹੈ ਤਾਂ ਜੋ ਵਿਦਿਆਰਥੀ ਆਧੁਨਿਕ ਸਿੱਖਿਆ ਦੇ ਨਾਲ-ਨਾਲ ਆਪਣੀਆਂ ਪ੍ਰੰਪਰਾਵਾਂ ਨੂੰ ਜਾਣ ਸਕਣ। ਇਸ ਮੌਕੇ ਮੈਨੇਜਮੈਂਟ ਮੈਬਰ ਸੋਨੀਆ ਰਾਣੀ, ਮਧੂ ਰਾਣੀ, ਰਜਿੰਦਰ ਕੁਮਾਰ, ਹੈਪੀ ਕੁਮਾਰ, ਪ੍ਰਿੰਸੀਪਲ ਡਾ. ਵਿਕਾਸ ਸੂਦ ਅਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ।

# ਪੰਜਾਬ ਪੁਲਸ ਦੀ ਵੱਡੀ ਸ.ਫਲਤਾ, 1200 ਲੀਟਰ ਲਾਹਣ ਤੇ 1,50,000 ML ਸ਼ਰਾਬ ਸਣੇ ਦੋ ਤਸਕਰ ਗ੍ਰਿ.ਫਤਾਰ

**ਕੌਮੀ ਪਤ੍ਰਿਕਾ**

ਗੋਰਾਇਆ 6 ਅਗਸਤ। ਗੋਰਾਇਆ ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦੋਂ ਨਾਜਾਇਜ਼ ਸ਼ਰਾਬ ਸਮੇਤ ਦੋ ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਗਏ। ਪਰਦਾਫ਼ਾਸ਼ ਕਰਦੇ ਹੋਏ ਪੁਲਸ ਨੇ 1200 ਲੀਟਰ ਲਾਹਣ ਅਤੇ 1,50,000 ਐੱਮ. ਐੱਲ. ਨਾਜਾਇਜ਼ ਸ਼ਰਾਬ ਸਮੇਤ ਚਾਲੂ ਭੱਠੀ ਦਾ ਸਾਮਾਨ, ਤਿੰਨ ਗੈਸ ਸਿਲੰਡਰ, ਇਕ ਡਿਸਟਲਰੀ ਟੱਬ, ਇਕ ਗੈਸ ਚੁੱਲ੍ਹਾ, 08 ਡਰੱਮ ਬਰਾਮਦ ਕੀਤੇ ਹਨ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਸਿਕੰਦਰ ਸਿੰਘ ਵਿਰਕ ਮੁੱਖ ਅਫ਼ਸਰ ਥਾਣਾ ਗੋਰਾਇਆ ਨੇ ਦੱਸਿਆ ਏ. ਐੱਸ. ਆਈ. ਅਮਨਦੀਪ ਚੌਕੀ ਇੰਚਾਰਜ ਰੁੜਕਾ ਕਲਾਂ ਥਾਣਾ ਗੋਰਾਇਆ ਜ਼ਿਲ੍ਹਾ ਜਲੰਧਰ ਸਮੇਤ ਸਾਥੀ ਕਰਮਚਾਰੀਆਂ ਨਾਲ ਰਾਜ ਗੋਮਾਲ ਟੀ-ਪੁਆਇੰਟ ਰੁੜਕਾ ਕਲਾਂ ਮੌਜੂਦ ਸਨ। ਇਸ ਦੌਰਾਨ ਮੁਖ਼ਬਰ ਖ਼ਾਸ ਨੇ ਇਤਲਾਹ ਦਿੱਤੀ ਕਿ ਬਹਾਦਰ ਸਿੰਘ, ਸੁਖਦੇਵ ਸਿੰਘ ਪੁੱਤਰ ਪੂਰਨ ਸਿੰਘ, ਬਲਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀਆਨ ਰੁੜਕਾ ਕਲਾਂ ਅਤੇ ਰਾਜੇਸ਼ ਪੁੱਤਰ ਗੁਰਿੰਦਰ ਵਾਸੀ ਬਿਹਾਰ, ਜੋ ਆਪਣੇ ਘਰ ਵਿੱਚ ਨਾਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦੇ ਹਨ ਅਤੇ ਉਨ੍ਹਾਂ ਨੇ ਸ਼ਰਾਬ ਦੀ ਭੱਠੀ ਲਗਾਈ ਹੋਈ ਹੈ। ਸੂਚਨਾ ਮਿਲਣ ਉਪਰੰਤ ਏ. ਐੱਸ. ਆਈ. ਅਮਨਦੀਪ ਚੌਕੀ ਇੰਚਾਰਜ ਰੁੜਕਾ ਕਲ੍ਹਾਂ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਨਾਲ ਬਹਾਦਰ ਸਿੰਘ ਦੇ ਘਰ ਰੇਡ ਕੀਤੀ ਗਈ ਤਾਂ ਬਲਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀਆਨ ਰੁੜਕਾ ਕਲ੍ਹਾਂ ਅਤੇ ਰਾਜੇਸ਼ ਯਾਦਵ ਪੁੱਤਰ ਬਰਿੰਦਰ ਯਾਦਵ ਉਰਫ਼ ਗੁਰਿੰਦਰ ਵਾਸੀ ਬਿਹਾਰ ਹਾਲ ਵਾਸੀ ਰੁੜਕਾ ਕਲ੍ਹਾਂ ਨੂੰ ਕਾਬੂ



ਕੀਤਾ ਗਿਆ ਅਤੇ ਚਾਲੂ ਭੱਠੀ ਸ਼ਰਾਬ ਦੀ ਫੜੀ ਗਈ। ਜਿਸ ਦੌਰਾਨ 1200 ਲੀਟਰ ਲਾਹਣ ਅਤੇ 1,50,000 ਐੱਮ. ਐੱਲ. ਸ਼ਰਾਬ ਨਜਾਇਜ ਸਮੇਤ ਚਾਲੂ ਭੱਠੀ ਦਾ ਸਾਮਾਨ ਬਰਾਮਦ ਕੀਤਾ ਗਿਆ। ਪੁਲਸ ਵੱਲੋਂ ਆਬਕਾਰੀ ਐਕਟ ਦੇ ਤਹਿਤ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਬਲਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀ ਰੁੜਕਾ ਕਲਾਂ ਅਤੇ ਰਾਜੇਸ਼ ਯਾਦਵ ਪੁੱਤਰ ਬਰਿੰਦਰ ਯਾਦਵ ਉਰਫ਼ ਗੁਰਿੰਦਰ ਵਾਸੀ ਬਿਹਾਰ ਹਾਲ ਵਾਸੀ ਰੁੜਕਾ ਕਲ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਸੁਖਦੇਵ ਸਿੰਘ ਅਤੇ ਬਹਾਦਰ ਸਿੰਘ ਪੁੱਤਰਾਨ ਪੂਰਨ ਸਿੰਘ ਅਤੇ ਬਹਾਦਰ ਸਿੰਘ ਮੌਕਾ ਤੋਂ ਭੱਜ ਗਏ। ਬਹਾਦਰ ਸਿੰਘ ਤੇ ਸੁਖਦੇਵ ਸਿੰਘ ਪਿਛਲੇ ਕਾਫ਼ੀ ਸਮੇਂ ਤੋਂ ਨਾਜਾਇਜ਼ ਸ਼ਰਾਬ ਸਤਲੁਜ ਦਰਿਆ ਦੇ ਕੰਢੇ ਤੋਂ ਲਿਆ ਕੇ ਪਿੰਡ ਵਿੱਚ ਅਤੇ ਹੋਰ ਪਿੰਡਾਂ ਵਿੱਚ ਵੇਚਦੇ ਸਨ। ਸ਼ਰਾਬ ਵੇਚਣ ਨਾਲ ਕਾਫ਼ੀ ਕਮਾਈ ਹੋਣ ਕਰਕੇ ਇਨ੍ਹਾਂ ਨੇ ਆਪਣੇ ਘਰ ਹੀ ਸ਼ਰਾਬ ਕੱਢ ਕੇ ਵੇਚਣੀ ਸ਼ੁਰੂ ਕਰ ਦਿੱਤੀ ਸੀ। ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਨੇ ਆਪਣੀ ਹਵੇਲੀ ਦੇ ਵਿਹੜੇ ਵਿੱਚ ਬੰਖਰ ਬਣਾਏ ਹੋਏ ਹਨ, ਜਿਸ ਵਿੱਚ ਨਾਜਾਇਜ਼ ਸ਼ਰਾਬ ਰੱਖੀ ਸੀ, ਜਿਸ ਨੂੰ ਇਹ ਖੂਪੀ ਰਾਹੀਂ ਬਾਹਰ ਕੱਢਦੇ ਸਨ। ਸੁਖਦੇਵ ਸਿੰਘ ਖ਼?ਲਾਫ਼ ਪਹਿਲਾਂ ਵੀ 5 ਮੁਕੱਦਮੇ ਦਰਜ ਹਨ ਅਤੇ ਬਹਾਦਰ ਸਿੰਘ ਖ਼?ਲਾਫ਼ ਵੀ ਪਹਿਲਾਂ 2 ਮੁਕੱਦਮੇ ਦਰਜ ਹਨ। ਪੁਲਸ ਦਾ ਕਹਿਣਾ ਹੈ ਕਿ ਦੋਹਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾਵੇਗਾ।ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ।